Space for Available for Advertising

WWW.PREETNEWS.COM
WWW.PREETNAMA.COM

preetnamausa
@gmail.com

ਨਿਊਯਾਰਕ
ਪ੍ਰੀਤਨਾਮਾ
ਖਰਾ ਸੱਚ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 281, ਮਿਤੀ : 06 ਦਸੰਬਰ ਤੋਂ 12 ਦਸੰਬਰ, 2024 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

# ਅਮਰੀਕੀ ਰਾਸ਼ਟਰਪਤੀ ਦੀ ਅਹੁਦੇ ਦੀ ਤਾਕਤ

## ਜਿਸ ਜ਼ਰੀਏ ਜੋਅ ਬਾਇਡਨ ਨੇ ਆਪਣੇ ਪੁੱਤ ਦੇ ਅਪਰਾਧ ਮੁਆਫ਼ ਕੀਤੇ



ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਆਪਣੇ ਪੁੱਤ ਹੰਟਰ ਬਾਇਡਨ ਨੂੰ ਪ੍ਰੈਜ਼ੀਡੈਂਸ਼ੀਅਲ ਪਾਰਡਨ ਯਾਨੀ ਰਾਸ਼ਟਰਪਤੀ ਦੀ ਮੁਆਫ਼ੀ ਦੇ ਦਿੱਤੀ ਹੈ। ਹੰਟਰ ਦੋ ਅਪਰਾਧਿਕ ਮਾਮਲਿਆਂ ਵਿੱਚ ਸਜ਼ਾ ਦਾ ਸਾਹਮਣਾ ਕਰ ਰਹੇ ਸਨ।ਉਨ੍ਹਾਂ ਦੇ ਇਸ ਕਦਮ ਨੇ ਵਿਵਾਦ ਪੈਦਾ ਕਰ ਦਿੱਤਾ ਹੈ ਕਿਉਂਕਿ ਜੋਅ ਬਾਇਡਨ ਨੇ ਪਹਿਲਾਂ ਇਸ ਤਰ੍ਹਾਂ ਮੁਆਫ਼ੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ।ਪਰ ਉਨ੍ਹਾਂ ਨੇ ਦਲੀਲ ਦਿੱਤੀ ਕਿ ਹੰਟਰ ਬਾਇਡਨ ਵਿਰੁੱਧ ਮਾਮਲੇ ਸਿਆਸਤ ਤੋਂ ਪ੍ਰੇਰਿਤ ਸਨ।ਅਮਰੀਕੀ ਸਿਆਸਤ ਦੇ ਦੋਵਾਂ ਧਰੁਵਾਂ ਦੇ ਰਾਸ਼ਟਰਪਤੀਆਂ ਨੇ ਆਪਣੇ ਨਜ਼ਦੀਕੀ ਲੋਕਾਂ ਨੂੰ ਮੁਆਫ਼ੀ ਦੇਣ ਲਈ ਰਾਸ਼ਟਰਪਤੀ ਅਹੁਦੇ ਨੂੰ ਹਾਸਿਲ ਖ਼ਾਸ ਅਧਿਕਾਰਾਂ ਦੀਆਂ ਵਰਤੋਂ ਕੀਤੀ ਹੈ।

**ਰਾਸ਼ਟਰਪਤੀ ਮੁਆਫ਼ੀ ਕੀ ਹੈ ?**

ਅਮਰੀਕੀ ਸੰਵਿਧਾਨ ਦੇ ਮੁਤਾਬਕ, ਰਾਸ਼ਟਰਪਤੀ ਕੋਲ ਮਹਾਂਦੋਸ਼ ਨੂੰ ਛੱਡ ਕੇ, ਸੰਯੁਕਤ ਰਾਸ਼ਟਰ ਦੇ ਖ਼ਿਲਾਫ਼ ਕੀਤੇ ਗਏ ਕਿਸੇ ਵੀ ਅਪਰਾਧ ਦੀ ਸਜ਼ਾ ਨੂੰ ਮੁਆਫ਼ ਕਰਨ ਜਾਂ ਘਟਾਉਣ ਦੀ ਵਿਆਪਕ ਸ਼ਕਤੀ ਹੈ।ਇਸ ਮਾਮਲੇ ਵਿੱਚ, 'ਰਾਸ਼ਟਰਪਤੀ ਵੱਲੋਂ ਪੂਰਨ ਅਤੇ ਬਿਨਾਂ ਸ਼ਰਤ ਮੁਆਫ਼ੀ' ਦਿੱਤੀ ਗਈ ਹੈ, ਜਿਸ ਵਿੱਚ ਹੰਟਰ ਬਾਇਡਨ ਨੂੰ ਜਨਵਰੀ 2014 ਅਤੇ ਦਸੰਬਰ 2024 ਦਰਮਿਆਨ ਕੀਤੇ ਗਏ ਸਾਰੇ ਸੰਘੀ ਅਪਰਾਧਾਂ ਲਈ ਸਜ਼ਾ ਤੋਂ ਛੋਟ ਮਿਲ ਗਈ ਹੈ।ਇਹ ਇੱਕ ਕਾਨੂੰਨੀ ਮੁਆਫ਼ੀ ਹੈ ਜੋ ਭਵਿੱਖ ਵਿੱਚ ਸੁਣਾਈ ਜਾਣ ਵਾਲੀ ਕਿਸੇ ਸਜ਼ਾ ਨੂੰ ਵੀ ਖ਼ਤਮ ਕਰਦੀ ਹੈ।ਵੋਟ ਪਾਉਣ ਜਾਂ ਕਿਸੇ ਜਨਤਕ ਅਹੁਦੇ ਲਈ ਚੋਣ ਲੜਨ ਦੇ ਅਧਿਕਾਰ ਵੀ ਇਸ ਤਹਿਤ ਬਹਾਲ ਹੋ ਜਾਂਦੇ ਹਨ।ਮੁਆਫ਼ੀ ਦੇਣ ਦੇ ਅਧਿਕਾਰ ਨੂੰ ਬਹੁਤ ਵਿਆਪਕ ਮੰਨਿਆ ਜਾਂਦਾ ਹੈ ਅਤੇ ਇਸ ਦੀ ਕੋਈ ਸੀਮਾ ਨਹੀਂ ਹੈ।ਹਾਲਾਂਕਿ, ਇੱਕ ਰਾਸ਼ਟਰਪਤੀ ਸਿਰਫ਼ ਸੰਘੀ ਅਪਰਾਧਾਂ ਦੇ ਮਾਮਲਿਆਂ ਵਿੱਚ ਮੁਆਫ਼ੀ ਜਾਰੀ ਕਰ ਸਕਦਾ ਹੈ।ਇਹ ਮੁੱਦਾ ਇਸ ਸਮੇਂ ਸੁਰਖੀਆਂ ਵਿੱਚ ਹੈ ਜਦੋਂ ਇੱਕ ਪੋਰਨ ਫ਼ਿਲਮ ਸਟਾਰ ਨੂੰ ਚੁੱਪਚਾਪ ਭੁਗਤਾਨ ਕਰਨ ਦੇ ਮਾਮਲੇ ਵਿੱਚ ਡੌਨਲਡ ਟਰੰਪ ਨੂੰ ਮਿਲਣ ਵਾਲੀ ਸਜ਼ਾ ਮੁਆਫ਼ ਕੀਤੇ ਜਾਣ ਸਬੰਧੀ ਵੀ ਖ਼ਦਸ਼ੇ ਪੈਦਾ ਹੋ ਗਏ ਹਨ।ਹਾਲਾਂਕਿ ਜਨਵਰੀ ਵਿੱਚ ਜਦੋਂ ਉਹ ਵ੍ਹਾਈਟ ਹਾਊਸ ਪਰਤਣਗੇ ਤਾਂ ਉਹ ਸੂਬਾਈ ਪੱਧਰ ਤੇ ਚੱਲ ਰਹੇ ਇਸ ਮਾਮਲੇ ਵਿੱਚ ਆਪਣੇ ਆਪ ਨੂੰ ਮੁਆਫ਼ ਨਹੀਂ ਕਰ ਸਕਣਗੇ।ਰੋਜਰ ਬਿਲ ਕਲਿੰਟਨ ਦੇ ਮਤਰੇਏ ਭਰਾ ਹਨ ਅਤੇ ਉਨ੍ਹਾਂ ਦਾ ਇਹ ਮਾਮਲਾ 1985 ਦਾ ਸੀ।ਇਨ੍ਹਾਂ ਦੋਵਾਂ ਮਾਮਲਿਆਂ ਵਿੱਚ ਉਨ੍ਹਾਂ ਲੋਕਾਂ ਨੂੰ ਮੁਆਫ਼ੀ ਦਿੱਤੀ ਗਈ ਜੋ ਪਹਿਲਾਂ ਹੀ ਸਜ਼ਾ ਭੁਗਤ ਚੁੱਕੇ ਸਨ।ਪਰ ਮੌਜੂਦਾ ਘਟਨਾਕ੍ਰਮ ਦੌਰਾਨ ਰਾਸ਼ਟਰਪਤੀ ਬਾਇਡਨ ਨੇ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਹੀ ਆਪਣੇ ਪੁੱਤਰ ਦੇ ਮਾਮਲੇ ਵਿੱਚ ਦਖ਼ਲ ਦਿੱਤਾ ਹੈ।ਪੀਊ ਰਿਸਰਚ ਸੈਂਟਰ ਮੁਤਾਬਕ, ਟਰੰਪ ਨੇ ਵ੍ਹਾਈਟ ਹਾਊਸ ਵਿੱਚ ਆਪਣੇ ਚਾਰ ਸਾਲਾਂ ਦੌਰਾਨ 237 ਮੁਆਫ਼ੀਆਂ ਜਾਰੀ ਕੀਤੀਆਂ ਸਨ, ਜਿਸ ਵਿੱਚ 143 ਸਜ਼ਾਵਾਂ ਮੁਆਫ਼ ਕੀਤੀਆਂ ਗਈਆਂ ਸਨ ਅਤੇ 94 ਸਜ਼ਾਵਾਂ ਨੂੰ ਬਦਲਿਆ ਗਿਆ ਸੀ।ਉਨ੍ਹਾਂ ਦੇ ਅਹੁਦਾ ਛੱਡਣ ਤੋਂ ਪਹਿਲਾਂ ਕਈ ਲੋਕ ਦਹਿਸ਼ਤ ਵਿਚ ਸਨ।ਹਾਲਾਂਕਿ, ਇਹ ਅਜੇ ਵੀ ਟਰੰਪ ਦੇ ਪਹਿਲੀ ਵਾਰ ਅਹੁਦਾ ਸੰਭਾਲਣ ਤੋਂ ਪਹਿਲਾਂ ਰਾਸ਼ਟਰਪਤੀ ਅਹੁਦੇ ਦੇ ਸੇਵਾਵਾਂ ਨਿਭਾ ਰਹੇ ਬਰਾਕ ਓਬਾਮਾ ਵੱਲੋਂ ਲਏ ਗਏ ਮੁਆਫ਼ੀ ਦੇ ਫ਼ੈਸਲਿਆਂ ਤੋਂ ਘੱਟ ਸਨ।ਪੀਊ ਰਿਸਰਚ ਸੈਂਟਰ ਦੇ ਅੰਕੜਿਆਂ ਮੁਤਾਬਕ, ਓਬਾਮਾ ਨੇ ਆਪਣੇ ਅੱਠ ਸਾਲਾਂ ਦੇ ਕਾਰਜਕਾਲ ਦੌਰਾਨ ਕੁੱਲ 1,927 ਮੁਆਫ਼ੀਆਂ ਜਾਰੀ ਕੀਤੀਆਂ ਸਨ।ਜਿਨ੍ਹਾਂ ਵਿੱਚੋਂ 1715 ਸਜ਼ਾਵਾਂ ਵਿੱਚ ਬਦਲਾਅ ਕਰਨ ਦੇ ਮਾਮਲੇ ਸਨ ਅਤੇ 212 ਸਜ਼ਾ ਮੁਆਫ਼ੀ ਦੇ ਮਾਮਲੇ ਸਨ।

**ਟਰੰਪ ਨੇ ਮੁਆਫ਼ੀ ਬਾਰੇ ਕੀ ਕਿਹਾ ?**

ਨਵੇਂ ਚੁਣੇ ਗਏ ਰਾਸ਼ਟਰਪਤੀ ਟਰੰਪ ਵੀ ਮੁਆਫ਼ੀ ਦੇ ਸਬੰਧ ਵਿੱਚ ਬਾਇਡਨ ਦੀ ਆਲੋਚਨਾ ਕਰਨ ਵਾਲਿਆਂ ਵਿੱਚ ਸ਼ਾਮਲ ਹਨ।ਟਰੰਪ ਨੇ ਇਸ ਸਭ ਨੂੰ @ਸ਼ਕਤੀ ਦੀ ਦੁਰਵਰਤੋਂ ਅਤੇ ਨਿਆਂ ਦਾ ਗਲਾ ਘੁੱਟਣਾ ਦੱਸਿਆ ਹੈ।ਟਰੰਪ ਨੇ ਪੁੱਛਿਆ ਕਿ ਕੀ ਬਾਇਡਨ ਉਨ੍ਹਾਂ ਲੋਕਾਂ ਨੂੰ ਵੀ ਮੁਆਫ਼ ਕਰ ਦੇਣਗੇ, ਜਿਨ੍ਹਾਂ ਖ਼ਿਲਾਫ਼ 6 ਜਨਵਰੀ, 2021 ਦੇ ਦੰਗਿਆਂ ਲਈ ਮੁਕੱਦਮਾ ਚਲਾ ਰਿਹਾ ਹੈ।ਜ਼ਿਕਰਯੋਗ ਹੈ ਕਿ 6 ਜਨਵਰੀ, 2021 ਨੂੰ ਟਰੰਪ ਦੇ ਸਮਰਥਕਾਂ ਨੇ ਅਮਰੀਕਨ ਕੈਪੀਟਲ ਹਿੱਲ ਦੀ ਇਮਾਰਤ @ਤੇ ਹਮਲਾ ਕਰਕੇ 2020 ਦੇ ਚੋਣ ਨਤੀਜਿਆਂ ਦੇ ਪ੍ਰਮਾਣੀਕਰਨ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਸੀ।ਵ੍ਹਾਈਟ ਹਾਊਸ ਤੋਂ ਬਾਹਰ ਰਹਿੰਦਿਆਂ ਟਰੰਪ ਨੂੰ ਕਈ ਕਾਨੂੰਨੀ ਮੁਕੱਦਮਿਆਂ ਦਾ ਸਾਹਮਣਾ ਕਰਨਾ ਲਿਆ ਹੈ ਅਤੇ ਉਨ੍ਹਾਂ ਨੇ ਵਾਰ-ਵਾਰ ਇਲਜ਼ਾਮ ਲਾਇਆ ਕਿ ਅਮਰੀਕੀ ਨਿਆਂ ਪ੍ਰਣਾਲੀ ਨੂੰ ਖ਼ੁਦ ਟਰੰਪ ਅਤੇ ਉਨ੍ਹਾਂ ਦੇ ਸਮਰਥਕਾਂ ਵਿਰੁੱਧ ਇੱਕ ਹਥਿਆਰ ਵਜੋਂ ਵਰਤਿਆ ਗਿਆ ਹੈ।ਉਨ੍ਹਾਂ ਨੇ ਵਾਸ਼ਿੰਗਟਨ ਵਿੱਚ ਦੰਗਿਆਂ ਵਿੱਚ ਸ਼ਾਮਲ ਲੋਕਾਂ ਨੂੰ ਆਪਣੀ ਤਰਫ਼ੋ ਮੁਆਫੀ ਜਾਰੀ ਕਰਨ ਦਾ ਵਾਅਦਾ ਕੀਤਾ ਸੀ।ਪਰ ਅਜੇ ਵੀ ਸਵਾਲ ਹਨ ਕਿ ਕਿਸ ਨੂੰ ਮੁਆਫੀ ਮਿਲੇਗੀ ਅਤੇ ਕੀ ਗੰਭੀਰ ਅਤੇ ਹਿੰਸਕ ਅਪਰਾਧਾਂ ਦੇ ਮੁਲਜ਼ਿਮ ਲੋਕਾਂ ਨੂੰ ਵੀ ਰਾਸ਼ਟਰਪਤੀ ਦੀ ਇਸ ਤਾਕਤ ਤਹਿਤ ਮੁਆਫ਼ੀ ਮਿਲ ਜਾਵੇਗੀ।

## ਹੰਟਰ ਬਾਇਡਨ ਨੇ ਕੀ ਕੀਤਾ ?

ਹੰਟਰ ਬਾਇਡਨ ਦੋ ਸੰਘੀ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਦੋਸ਼ੀ ਕਰਾਰ ਵੀ ਦਿੱਤਾ ਜਾ ਚੁੱਕਿਆ ਸੀ।ਇਸ ਮਹੀਨੇ ਯਾਨੀ ਦਸੰਬਰ ਦੇ ਅਖ਼ੀਰ ਵਿੱਚ ਉਨ੍ਹਾਂ ਨੂੰ ਸਜ਼ਾ ਵੀ ਸੁਣਾਈ ਜਾਣੀ ਸੀ।ਬੰਦੂਕ ਖਰੀਦਣ ਦੇ ਇੱਕ ਮਾਮਲੇ ਵਿੱਚ ਹੰਟਰ ਬਾਇਡਨ ਨੂੰ ਜੂਨ ਮਹੀਨੇ ਦੋਸ਼ੀ ਕਰਾਰ ਦਿੱਤਾ ਗਿਆ ਸੀ।ਅਮਰੀਕਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਮੌਜੂਦਾ ਰਾਸ਼ਟਰਪਤੀ ਦੇ ਬੱਚੇ ਨੂੰ ਕਿਸੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਹੋਵੇ।ਡੇਲਾਵੇਅਰ ਵਿੱਚ ਚੱਲ ਰਹੇ ਇੱਕ ਮੁਕੱਦਮੇ ਵਿੱਚ, ਹੈਂਡਗਨ ਖਰੀਦਣ ਦੌਰਾਨ ਡਰੱਗਜ਼ ਦੀ ਵਰਤੋਂ ਬਾਰੇ ਗ਼ਲਤ ਜਾਣਕਾਰੀ ਦੇਣ ਦੇ ਤਿੰਨਾਂ ਇਲਜ਼ਾਮ ਉਨ੍ਹਾਂ ਉੱਤੇ ਲੱਗੇ ਸਨ ਤੇ ਇਨ੍ਹਾਂ ਸਾਰੇ ਮਾਮਲਿਆਂ ਵਿੱਚ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ।ਅਮਰੀਕਾ ਵਿੱਚ, ਬੰਦੂਕ ਖਰੀਦਣ ਵੇਲੇ ਝੂਠਾ ਬਿਆਨ ਦੇਣ ਤੇ ਦਸ ਸਾਲ ਤੱਕ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।ਇੰਨਾ ਹੀ ਨਹੀਂ ਜੇ ਕਿਸੇ ਵਿਅਕਤੀ ਨੂੰ ਡਰੱਗਜ਼ ਦੀ ਲਤ ਹੋਵੇ ਅਤੇ ਉਸ ਨੇ ਗ਼ੈਰ-ਕਾਨੂੰਨੀ ਢੰਗ ਨਾਲ ਬੰਦੂਕ ਰੱਖੀ ਹੋਵੇ ਤਾਂ ਵੀ ਦਸ ਸਾਲ ਦੀ ਸਜ਼ਾ ਹੋ ਸਕਦੀ ਹੈ।ਕਿਸੇ ਸੰਘੀ ਲਾਇਸੰਸਸ਼ੁਦਾ ਬੰਦੂਕ ਡੀਲਰ ਨੂੰ ਬੰਦੂਕ ਖਰੀਦਣ ਵੇਲੇ ਗ਼ਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਦੀ ਸਜ਼ਾ ਪੰਜ ਸਾਲ ਤੱਕ ਦੀ ਕੈਦ ਹੈ।ਜੇਕਰ ਹੰਟਰ ਬਾਇਡਨ ਨੂੰ ਇਨ੍ਹਾਂ ਤਿੰਨਾਂ ਮਾਮਲਿਆਂ ਵਿੱਚ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਂਦੀ ਤਾਂ ਉਨ੍ਹਾਂ ਨੂੰ 25 ਸਾਲ ਤੱਕ ਦੀ ਸਜ਼ਾ ਹੋ ਸਕਦੀ ਸੀ।ਪਿਛਲੇ ਸਾਲ ਸਤੰਬਰ ਚ ਉਨ੍ਹਾਂ ਨੇ ਟੈਕਸ ਚੋਰੀ ਦੇ ਇੱਕ ਹੋਰ ਮਾਮਲੇ ਚ ਅਪਰਾਧ ਕਬੂਲ ਕੀਤਾ ਸੀ ਅਤੇ ਇਸ ਮਾਮਲੇ ਚ ਵੀ ਉਨ੍ਹਾਂ ਲਈ ਸਜ਼ਾ ਨਿਰਧਾਰਿਤ ਕੀਤੀ ਜਾਣੀ ਸੀ।ਹੰਟਰ ਬਾਇਡਨ 2016 ਤੋਂ 2019 ਦਰਮਿਆਨ ਟੈਕਸ ਚੋਰੀ ਨਾਲ ਸਬੰਧਤ ਕੁੱਲ 9 ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।ਜਿਨ੍ਹਾਂ ਵਿੱਚ ਟੈਕਸ ਰਿਟਰਨ ਨਾ ਭਰਨਾ ਅਤੇ ਗ਼ਲਤ ਰਿਟਰਨ ਫ਼ਾਈਲ ਕਰਨਾ ਸ਼ਾਮਲ ਹੈ। ਟੈਕਸ ਮਾਮਲੇ ਚ ਉਨ੍ਹਾਂ ਨੂੰ ਵੱਧ ਤੋਂ ਵੱਧ 17 ਸਾਲ ਦੀ ਸਜ਼ਾ ਹੋ ਸਕਦੀ ਸੀ।ਨਿਊਯਾਰਕ ਟਾਈਮਜ਼ ਨੇ ਮਾਹਰਾਂ ਦੇ ਹਵਾਲੇ ਨਾਲ ਕਿਹਾ ਕਿ ਉਨ੍ਹਾਂ ਦੀ ਟੈਕਸ ਦੇਣਦਾਰੀ ਨੂੰ ਘਟਾਏ ਜਾਣ ਅਤੇ ਦੋਵੇਂ ਸਜ਼ਾਵਾਂ ਇੱਕੋ ਸਮੇਂ ਕੱਟਣ ਦੀ ਆਗਿਆ ਦੇਣ ਦੀ ਸੰਭਾਵਨਾ ਜ਼ਿਆਦਾ ਸੀ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 281

Website: www.preetnama.com Email preetnamausa@gmail.com

06 DEC TO 12 DEC , 2024


# ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊਯਾਰਕ) ਵਲੋਂ ਗ਼ਦਰੀ ਬਾਬਿਆਂ ਨੂੰ ਸਮਰਪਿਤ ਸਮਾਗਮ ਬੇਹੱਦ ਸਫਲ

## ਵਿਛੜੇ ਸਾਹਿਤਕਾਰਾਂ ਨੂੰ ਦੀ ਯਾਦ 'ਚ ਮੌਨ ਦਰਜਨ ਦੇ ਕਰੀਬ ਕਿਤਾਬਾਂ ਰਿਲੀਜ਼



ਇੰਡੋ-ਅਮੈਰਿਕਨ ਹੈਰੀਟੇਜ ਫ਼ਾਊਂਡੇਸ਼ਨ ਆਫ਼ ਨਿਊਯਾਰਕ ਵੱਲੋਂ ਗ਼ਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਦੌਰਾਨ ਕਿਤਾਬਾਂ ਰਲੀਜ਼ ਕਰਨ ਦਾ ਦ੍ਰਿਸ਼।
ਖੱਬਿਓਂ ਸੱਜੇ) ਸੁਰਿੰਦਰ ਸੋਹਲ, ਡਾ. ਸੰਦੀਪ ਸਿੰਘ, ਅਮਰੀਕ ਗ਼ਾਫ਼ਿਲ, ਮਨਮੋਹਨ ਪੁਨੀ, ਪ੍ਰੋ. ਪ੍ਰੀਤਮ ਸਿੰਘ ਯੂ ਕੇ ਕਸ਼ਮੀਰ ਸਿੰਘ ਕਾਂਗਣਾਂ,
ਜਸਵੀਰ ਸਿੰਘ ਦਿਓਲ, ਡਾ. ਸਵੈਮਾਨ ਸਿੰਘ ਅਤੇ ਸਵਰਨ ਸਿੰਘ ਸਲੇਚ

ਨਿਊਯਾਰਕ - ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊ ਯਾਰਕ) ਵਲੋਂ 30 ਨਵੰਬਰ ਨੂੰ ਗ਼ਦਰੀ ਬਾਬਿਆਂ ਦੀ ਯਾਦ ਵਿਚ ਸਮਾਗਮ ਕਰਵਾਇਆ ਗਿਆ, ਜਿਸ ਦਾ ਉਦੇਸ਼ ਹਿੰਦੋਸਤਾਨ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕੂਕਾ ਲਹਿਰ, ਗ਼ਦਰ ਲਹਿਰ, ਬੱਬਰ ਲਹਿਰ ਆਦਿ ਦੇ ਸ਼ਹੀਦਾਂ ਨੂੰ ਯਾਦ ਕਰਨਾ ਤੇ ਸ਼ਰਧਾਂਜਲੀ ਦੇਣਾ ਸੀ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਪ੍ਰੋ. ਪ੍ਰੀਤਮ ਸਿੰਘ (ਯੂ ਕੇ), ਕਸ਼ਮੀਰ ਸਿੰਘ ਕਾਂਗਣਾ, ਜਸਵੀਰ ਦਿਉਲ, ਡਾ. ਸਵੈਮਾਨ ਸਿੰਘ, ਗੁਰਦੇਵ ਸਿੰਘ ਕੰਗ ਸੁਸ਼ੋਭਤ ਸਨ।

ਇਹ ਪ੍ਰੋਗਰਾਮ ਵਿਛੜ ਗਏ ਸਾਹਿਤਕਾਰਾਂ ਡਾ. ਸੁਰਜੀਤ ਪਾਤਰ, ਡਾਕਟਰ ਗੁਰੂਮੇਲ ਸਿੱਧੂ, ਹਰਭਜਨ ਸਿੰਘ ਹੁੰਦਲ ਅਤੇ ਦੇਸ਼ ਭਗਤ ਯਾਦਗਾਰ ਹਾਲ ਦੇ ਸੈਕਟਰੀ ਨੌਨਿਹਾਲ ਸਿੰਘ ਦੀ ਯਾਦ ਨੂੰ ਸਮਰਪਿਤ ਸੀ। ਉਹਨਾਂ ਸਾਹਿਤਕਾਰਾਂ ਦੀ ਯਾਦ ਵਿਚ ਇਕ ਮਿੰਟ ਦਾ ਮੌਨ ਰੱਖ ਕੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ।

ਸੰਤ ਸ਼ੇਰ ਸਿੰਘ ਰਾਗੀ (ਨਾਮਧਾਰੀ ਸਿੱਖ ਸੰਗਤ ਨਿਊ ਯਾਰਕ) ਵਲੋਂ ਸ਼ਬਦ ਗਾਇਨ ਕਰ ਕੇ ਇਸ ਸਮਾਗਮ ਦੀ ਆਰੰਭਤਾ ਕੀਤੀ ਗਈ।

ਅਗਲਾ ਪੜਾਅ ਪੁਸਤਕ ਰਿਲੀਜ਼ ਦਾ ਸੀ। ਇਸ ਮੌਕੇ ਦਰਜਨ ਦੇ ਕਰੀਬ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ, ਜਿਨ ਾਂ ਵਿਚ 'ਪਗਡੰਡੀਆਂ' (ਅੰਜੂ ਰੱਤੀ), 'ਕਿਣ-ਮਿਣ' (ਮੰਗਤ ਰਾਮ ਪਾਸਲਾ) 'ਖੇਡ ਜਗਤ ਦੀਆਂ ਪੈੜਾਂ' (ਇਕਬਾਲ ਜੱਬੋਵਾਲੀਆ), 'ਆਜ਼ਾਦੀ ਦੇ ਪਰਵਾਨੇ' (ਕਿਰਪਾਲ ਸਿੰਘ ਸੰਧੂ), 'ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਕਪੂੰਝੇ' (ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਸੁਖਵੀਰ ਕੌਰ, ਰੁਪਿੰਦਰ ਕੌਰ ਅਤੇ ਜੋਤੀ), 'ਲੋਹ ਪੁਰਖ ਮਰਜੀਵੜਾ-ਕਾਮਰੇਡ ਤੇਜਾ ਸਿੰਘ ਸੁਤੰਤਰ' (ਧਰਮ ਸਿੰਘ ਗੋਰਾਇਆ ਅਤੇ ਸੁਲੱਖਣ ਸਰਹੱਦੀ), 'ਨਿੱਗਰ ਖੰਭਾਂ ਦੀ ਉਡਾਣ' (ਸੰ. ਹਰਜਿੰਦਰ ਪੰਧੇਰ, ਰਵੀ ਸ਼ੇਰ ਗਿੱਲ, ਹਰਮਹਿੰਦਰ ਚਹਿਲ), 'ਕਵਿਤਾ ਦੇ ਅੰਗ-ਸੰਗ' (ਪ੍ਰੋ. ਹਰਭਜਨ ਸਿੰਘ), 'ਮਨੂੰ ਸਿਮਰਤੀ' (ਡਾ. ਕਰਮਜੀਤ ਸਿੰਘ), ਰੰਗਾਂ ਦੇ ਆਰ-ਪਾਰ' (ਮੋਹਨ ਸਿੰਘ ਭੇਵਰਾ) ਆਦਿ ਸਨ।

ਗ਼ਦਰੀ ਬਾਬਿਆਂ ਨੂੰ ਸਮਰਪਿਤ ਮੁਖ਼ਤਸਰ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਸੁਖਜੀਤ ਕੌਰ, ਮੋਹਨ ਸਿੰਘ ਭੰਵਰਾ, ਪ੍ਰਿਤਪਾਲ ਕੌਰ ਪ੍ਰੀਤ, ਅਮਰੀਕ ਗ਼ਾਫ਼ਿਲ ਅਤੇ ਰਾਜਾ ਅਵੈਸ ਨੇ ਹਿੱਸਾ ਲਿਆ। ਪ੍ਰਸਿੱਧ ਗਾਇਕ ਰੇਸ਼ਮ ਸਿੰਘ ਰੇਸ਼ਮ ਹੋਰਾਂ ਨੇ ਸ਼ਹੀਦਾਂ ਨੂੰ ਸਮਰਪਿਤ ਸ਼ਿਅਰਾਂ ਨਾਲ਼ ਸ਼ਰਧਾਂਜਲੀ ਭੇਟ ਕੀਤੀ।

ਅਗਲੇ ਦੌਰ ਵਿਚ ਬੁਲਾਰਿਆਂ ਨੇ ਆਪਣੇ ਵਿਚਾਰ ਸਰੋਤਿਆਂ ਨਾਲ਼ ਸਾਂਝੇ ਕੀਤੇ। ਸਭ ਤੋਂ ਪਹਿਲ ਉਂਕਾਰ ਸਿੰਘ ਡੁਮੇਲੀ ਹੋਰਾਂ ਇਤਿਹਾਸ ਦੇ ਵਰਕੇ ਫਰੋਲਦਿਆਂ ਆਪਣੀ ਗੱਲ ਅੰਗਰੇਜ਼ਾਂ ਦੇ ਭਾਰਤ ਜਾਣ ਦੇ ਕਾਰਨਾਂ ਤੋਂ ਸ਼ੁਰੂ ਕਰ ਕੇ ਉਹਨਾਂ ਜ਼ੁਲਮੋ-ਸਿਤਮ ਤੱਕ ਲਿਆ ਕੇ ਮੁਕਾਈ।

ਕਾਂਗਣਾਂ ਨੇ ਆਪਣੀ ਤਕਰੀਰ ਵਿਚ ਕਰਤਾਰ ਸਿੰਘ ਸਰਾਭਾ ਦੇ ਅਮਰੀਕਾ ਪਹੁੰਚਣ ਵੇਲ਼ੇ ਇੰਮੀਗ੍ਰੇਸ਼ਨ ਆਫ਼ੀਸਰ ਨਾਲ਼ ਹੋਈ ਗੱਲਬਾਤ ਦਾ ਅਹਿਮ ਦਸਤਾਵੇਜ਼ ਸਰੋਤਿਆਂ ਨਾਲ਼ ਸਾਂਝਾ ਕੀਤਾ।

ਮੁੱਖ ਬੁਲਾਰੇ ਪ੍ਰੋ. ਪ੍ਰੀਤਮ ਸਿੰਘ ਯੂ ਕੇ ਹੋਰਾਂ ਨੇ ਬੇਹੱਦ ਸਰਲ ਤਰੀਕੇ ਨਾਲ਼ ਗ਼ਦਰੀ ਬਾਬਿਆਂ ਦੀ ਸੋਚ, ਉਹਨਾਂ ਦੇ ਧਾਰਮਿਕ ਅਕੀਦੇ, ਦੇਸ਼ ਪ੍ਰਤੀ ਮੁਹੱਬਤ ਅਧੀਨ ਲੜਨ-ਮਰਨ ਦੇ ਜਜ਼ਬੇ ਅਤੇ ਪ੍ਰਤੀਬੱਧਤਾ ਦੀ ਬਾਤ ਪਾਈ।


ਪ੍ਰੋ. ਪ੍ਰੀਤਮ ਸਿੰਘ


ਡਾ. ਸਵੈਮਾਨ ਸਿੰਘ


ਜਸਵੀਰ ਦਿਓਲ


ਕਸ਼ਮੀਰ ਸਿੰਘ ਕਾਂਗਣਾ


ਸੁਰਿੰਦਰ ਸੋਹਲ


ਮਨਮੋਹਨ ਪੁਨੀ


ਸ. ਗੁਰਦੇਵ ਸਿੰਘ ਕੰਗ


ਉਂਕਾਰ ਸਿੰਘ ਡੁਮੇਲੀ


ਮਾ. ਧਰਮ ਪਾਲ ਉੱਗੀ


ਰਾਜਾ ਅਵੈਸ


ਅਮਰੀਕ ਗ਼ਾਫ਼ਿਲ


ਮੋਹਨ ਸਿੰਘ ਭੰਵਰਾ


ਸੁਖਜੀਤ ਕੌਰ


ਦੇਵ ਰੰਧਾਵਾ


ਰੇਸ਼ਮ ਸਿੰਘ ਰੇਸ਼ਮ


ਪ੍ਰਿਤਪਾਲ ਕੌਰ ਪ੍ਰੀਤ


ਮੁਹੰਮਦ ਅਸ਼ਫ਼ਾਕ

Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 281
Website: www.preetnama.com Email preetnamausa@gmail.com
06 DEC TO 12 DEC , 2024

# ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ (ਨਿਊਯਾਰਕ) ਵਲੋਂ ਗ਼ਦਰੀ ਬਾਬਿਆਂ ਨੂੰ ਸਮਰਪਿਤ ਸਮਾਗਮ ਬੇਹੱਦ ਸਫਲ

ਡਾ. ਸਵੈਮਾਨ ਸਿੰਘ ਨੇ 'ਕਿਸਾਨ ਮੋਰਚੇ' ਨਾਲ ਸੰਬੰਧਿਤ ਆਪਣੇ ਅਨੁਭਵ ਪ੍ਰਗਟ ਕਰਦਿਆਂ ਇਹ ਆਸ ਜ਼ਾਹਿਰ ਕੀਤੀ ਕਿ ਜਿਵੇਂ ਗ਼ਦਰੀ ਬਾਬੇ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਲਈ ਤਤਪਰ ਸਨ ਇਉਂ ਹੀ ਅੱਜ ਦੀ ਪੀੜ੍ਹੀ ਨੂੰ ਕਿਸਾਨਾਂ ਨਾਲ਼ ਖੜੇ ਹੋਣਾ ਚਾਹੀਦਾ ਹੈ।

ਰਿਚਮੰਡ ਹਿੱਲ ਗੁਰੂਘਰ ਦੇ ਸਾਬਕਾ ਪ੍ਰਧਾਨ ਸ. ਗੁਰਦੇਵ ਸਿੰਘ ਕੰਗ ਨੇ ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ। ਮਾਸਟਰ ਧਰਮ ਪਾਲ ਉੱਗੀ ਹੋਰਾਂ ਕਿਹਾ ਕਿ ਜੋਤ ਤੋਂ ਹੀ ਜੋਤ ਜਗਦੀ ਹੈ। ਇਸ ਪ੍ਰੋਗਰਾਮ ਤੋਂ ਪ੍ਰੇਰਨਾ ਲੈ ਕੇ ਹੋਰ ਅਗਾਂਹਵਧੂ ਲੋਕ ਵੀ ਇਸ ਲੋਅ ਨੂੰ ਅਗਾਂਹ ਤੋਰਨਗੇ।

ਅਸ਼ਫ਼ਾਕ ਮੁਹੰਮਦ ਨੇ ਬੇਹੱਦ ਭਾਵੁਕ ਅੰਦਾਜ਼ ਵਿਚ ਸ਼ਹੀਦਾਂ ਨੂੰ ਯਾਦ ਕੀਤਾ। ਦੇਵ ਰੰਧਾਵਾ ਹੋਰਾਂ ਵੀ ਸਰੋਤਿਆਂ ਨਾਲ਼ ਸ਼ਬਦੀ ਸਾਂਝ ਪੁਆਈ।

ਇਸ ਮੌਕ ਟ੍ਰਾਈ ਸਟੇਟ ਤੋਂ ਲੋਕਾਂ ਭਰਪੂਰ ਹਾਜ਼ਰੀ ਭਰੀ। ਲੰਗਰ ਦੀ ਸੇਵਾ ਸਤਿਗੁਰ ਸਵੀਟਸ ਵੱਲੋਂ ਨਿਭਾਈ ਗਈ। ਜਲ ਦੀ ਸੇਵਾ ਗੁਰਿੰਦਰ ਕੌਰ ਪੂਨੀ ਅਤੇ ਚਾਹ-ਪਕੌੜਿਆਂ ਦੀ ਰਸਦ ਚਰਨਜੀਤ ਸਿੰਘ ਸਮਰਾ ਵੱਲੋਂ ਮੁਹੱਈਆ ਕਰਵਾਈ ਗਈ ਸੀ। ਅਮਰੀਕ ਗ਼ਾਫ਼ਿਲ ਅਤੇ ਰਾਜਿੰਦਰ ਬਿੱਟੂ ਨੇ ਨਾਮਧਾਰੀ ਸੰਗਤ ਨਾਲ਼ ਮਿਲ ਕੇ ਸਾਰਾ ਹਾਲ ਸ਼ਹੀਦਾਂ ਦੀਆਂ ਤਸਵੀਰਾਂ ਨਾਲ਼ ਪ੍ਰੇਰਨਾਦਾਇਕ ਬਣਾਇਆ। ਇਸ ਸਮਾਗਮ ਨੂੰ ਸਫਲ ਬਣਾਉਣ ਵਿਚ ਮਨਮੋਹਨ ਪੂਨੀ (ਇੰਡੋ-ਅਮੈਰਿਕਨ ਹੈਰੀਟੇਜ ਫਾਊਂਡੇਸ਼ਨ ਨਿਊਯਾਰਕ), ਸਵਰਨ ਸਿੰਘ ਸਲੈਚ (ਪ੍ਰਧਾਨ ਨਾਮਧਾਰੀ ਸਿੱਖ ਸੰਗਤ ਨਿਊਯਾਰਕ), ਜਗਤਾਰ ਸਿੰਘ ਕਾਰੀ (ਪ੍ਰਧਾਨ ਕਪੂਰਥਲਾ ਸਪੋਰਟਸ ਕਲੱਬ ਨਿਊਯਾਰਕ), ਰਘਬੀਰ ਸਿੰਘ ਸਭਾਨਪੁਰ, ਕੁਲਵੰਤ ਸਿੰਘ ਦਿਓਲ, ਬਾਈ ਸ਼ਮਸ਼ੇਰ ਸਿੰਘ (ਪ੍ਰਧਾਨ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ ਨਿਊਯਾਰਕ), ਦਰਸ਼ਨ ਸਿੰਘ ਪ੍ਰੀਤ, ਰਮੇਸ਼ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਬਲਦੇਵ ਸਿੰਘ ਗਰੇਵਾਲ (ਗਲਪ-ਲਿਖਾਰੀ), ਤਰਲੋਕਬੀਰ (ਕਵੀ), ਡਾ. ਸੰਦੀਪ (ਆਲੋਚਕ), ਜਸਵੀਰ ਉੱਭੀ (ਲੇਖਕ) ਬਲਬੀਰ ਡੁਮੇਲੀ (ਕਵੀ), ਜਸਵੀਰ ਡੁਮੇਲੀ (ਕਵੀ), ਗੀਟਾ ਕੋਹਲੀ (ਸੰਗੀਤਕਾਰ) ਆਦਿ ਤੋਂ ਇਲਾਵਾ ਹਰਪ੍ਰੀਤ ਸਿੰਘ ਤੂਰ, ਇਕਬਾਲ ਸਿੰਘ ਜੱਬੋਵਾਲ, ਨਿਰਮਲ ਸਿੰਘ (ਸਾਬਕਾ ਪ੍ਰਧਾਨ ਰਵਿਦਾਸ ਗੁਰੂਘਰ), ਦਵਿੰਦਰ ਸਿੰਘ ਬੋਪਰਾਇ (ਪ੍ਰਧਾਨ ਸਿੱਖ ਕਲਚਰਲ ਸੁਸਾਇਟੀ) ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਸੁਰਿੰਦਰ ਸੋਹਲ ਨੇ ਨਿਭਾਈ।















Preetnama
ਪ੍ਰੀਤਨਾਮਾ
ਖ਼ਰਾ ਸੱਚ
Khara Sach
On our English language New Website
WWW.PREETNEWS.COM
Chief Editor
Pritpal Kaur
+1 201-312-4180
Vol 4, Issue 281
Website: www.preetnama.com Email preetnamausa@gmail.com
06 DEC TO 12 DEC , 2024

# ਸੁਖਬੀਰ ਬਾਦਲ ਦਾ ਅਕਾਲ ਤਖ਼ਤ ਉੱਤੇ ਕਬੂਲਨਾਮਾ ਕੀ ਉਨ੍ਹਾਂ ਲਈ ਕਾਨੂੰਨੀ ਮੁਸ਼ਕਲਾਂ ਪੈਦਾ ਕਰ ਸਕਦਾ ਹੈ

ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਬੀਰ ਸਿੰਘ ਬਾਦਲ ਤੇ ਹੋਰ ਅਕਾਲੀ ਆਗੂ ਅਕਾਲ ਤਖ਼ਤ ਵਲੋਂ ਲਗਾਈ ਗਈ ਧਾਰਮਿਕ ਸਜ਼ਾ ਭੁਗਤ ਰਹੇ ਹਨ। ਇਸੇ ਦੌਰਾਨ ਸੁਖਬੀਰ ਬਾਦਲ ਉੱਤੇ ਦਰਬਾਰ ਸਾਹਿਬ ਦੇ ਬਾਹਰ ਧਾਰਮਿਕ ਸਜ਼ਾ ਭੁਗਤਾਉਣ ਸਮੇਂ ਜਾਨਲੇਵਾ ਹਮਲਾ ਵੀ ਹੋਇਆ। ਸੁਖਬੀਰ ਬਾਦਲ ਅਤੇ ਅਕਾਲੀ ਦਲ ਉੱਤੇ ਇਲਜ਼ਾਮ ਹਨ ਕਿ ਉਨ੍ਹਾਂ ਨੇ ਸਾਲ 2007 ਤੋਂ ਲੈ ਕੇ 2017 ਤੱਕ ਪੰਜਾਬ ਦੀ ਸੱਤਾ ਵਿੱਚ ਰਹਿੰਦਿਆਂ ਸਿੱਖ ਸਿਧਾਂਤਾਂ ਅਤੇ ਪੰਥਕ ਭਾਵਨਾਵਾਂ ਦੇ ਉਲਟ ਕੰਮ ਕੀਤਾ।ਇਸ ਕਾਰਨ ਅਕਾਲੀ ਦਲ ਪੰਜਾਬ ਦੀ ਸੱਤਾ ਤੋਂ ਲਾਂਭੇ ਹੋ ਗਿਆ ਅਤੇ ਚੋਣ ਸਿਆਸਤ ਪੱਖੋਂ ਹਾਸ਼ੀਏ ਉੱਤੇ ਚਲਾ ਗਿਆ। ਇਸ ਤੋਂ ਬਾਅਦ ਪਾਰਟੀ ਵਿੱਚ ਬਗਾਵਤ ਵੀ ਹੋਈ ਅਤੇ ਕੁਝ ਆਗੂ ਅਕਾਲੀ ਦਲ ਵਲੋਂ ਸਰਕਾਰ ਵਿੱਚ ਰਹਿੰਦਿਆਂ ਕੀਤੀਆਂ ਗਲਤੀਆਂ ਦੇ ਮਾਮਲੇ ਨੂੰ ਦਰਬਾਰ ਸਾਹਿਬ ਲੈ ਗਏ ਸਨ। ਇਸ ਦੇ ਮਾਮਲੇ ਵਿੱਚ ਅਕਾਲ ਤਖ਼ਤ ਤੋਂ ਸੁਖਬੀਰ ਬਾਦਲ ਅਤੇ ਅਕਾਲੀ ਆਗੂਆਂ ਨੂੰ ਤਨਖਾਹੀਏ ਐਲਾਨਿਆ ਗਿਆ ਅਤੇ 2 ਨਵੰਬਰ ਨੂੰ ਅਕਾਲ ਤਖ਼ਤ ਦੇ ਜਥੇਦਾਰ ਰਘਬੀਰ ਸਿੰਘ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਨੇ ਧਾਰਮਿਕ ਸਜ਼ਾ ਦਾ ਐਲਾਨ ਕਰ ਦਿੱਤਾ।

## ਸੁਖਬੀਰ ਸਿੰਘ ਬਾਦਲ ਦਾ ਕਬੂਲਨਾਮਾ

ਦੋ ਦਸੰਬਰ ਨੂੰ ਸੁਖਬੀਰ ਸਿੰਘ ਬਾਦਲ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਏ ਅਤੇ ਇਸ ਦੌਰਾਨ ਅਕਾਲ ਤਖ਼ਤ ਦੀ ਫਸੀਲ ਤੋਂ ਜਥੇਦਾਰ ਰਘਬੀਰ ਸਿੰਘ ਨੇ ਉਨ੍ਹਾਂ ਖਿਲਾਫ਼ ਲੱਗੇ ਇਲਜ਼ਾਮਾਂ ਨੂੰ ਪੜ੍ਹ ਕੇ ਸੁਣਾਇਆ।

ਜਥੇਦਾਰ ਨੇ ਉਨ੍ਹਾਂ ਨੂੰ ਕਈ ਸਵਾਲ ਪੁੱਛੇ ਜਿਸ ਦਾ ਜਵਾਬ ਹਾਂ ਜਾਂ ਨਾ ਵਿੱਚ ਦੇਣ ਲਈ ਵੀ ਕਿਹਾ।

ਇਹ ਸਵਾਲ-ਜਵਾਬ ਇਸ ਤਰ੍ਹਾਂ ਸਨ।

**ਸਵਾਲ** ਜਥੇਦਾਰ - “ਅਕਾਲੀ ਸਰਕਾਰ ਵੇਲੇ ?ਜ਼ਾਲਮ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਨੇ ਝੂਠੇ ਮੁਕਾਬਲਿਆਂ ਵਿੱਚ ਪੰਜਾਬ ਦੇ ਕਈ ਨੌਜਵਾਨਾਂ ਨੂੰ ਸ਼ਹੀਦ ਕੀਤਾ ?”

ਜਵਾਬ ਸੁਖਬੀਰ ਸਿੰਘ ਬਾਦਲ- ਹਾਂਜੀ

**ਸਵਾਲ** “ਸੌਦਾ ਸਾਧ ਨੂੰ ਬਿਨਾਂ ਮੰਗੇ ਮੁਆਫ਼ੀ ਦੇਣ ਲਈ ਜਥੇਦਾਰਾਂ ਨੂੰ ਆਪਣੀ ਰਿਹਾਇਸ਼ ਤੇ ਬੁਲਾ ਕੇ ਚਿੱਠੀ ਦੇਣਾ, ਕੀ ਇਹ ਗੁਨਾਹ ਤੁਸੀਂ ਕੀਤਾ ਹੈ ?”

ਜਵਾਬ ਸੁਖਬੀਰ ਸਿੰਘ ਬਾਦਲ- ਹਾਂਜੀ

**ਸਵਾਲ** “ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋਏ, ਕੰਧਾਂ ਉੱਤੇ ਪੋਸਟਰ ਲਗਾਏ ਗਏ, ਚੋਰੀ ਕਰਨ ਵਾਲਿਆਂ ਨੇ ਸਰੂਪਾਂ ਦੇ ਅੰਗ ਪਾੜੇ, ਬਹਿਬਲ ਕਲਾਂ ਗੋਲੀਕਾਂਡ ਵਿੱਚ ਦੋ ਲੋਕਾਂ ਦੀ ਮੌਤ ਹੋਈ, ਕੀ ਇਹ ਗੁਨਾਹ ਹੋਏ ?”

ਜਵਾਬ ਸੁਖਬੀਰ ਸਿੰਘ ਬਾਦਲ- ਜੀ ਗ਼ੁਨਾਹ ਹੋਇਆ

**ਸਵਾਲ** “ਸ਼੍ਰੋਮਣੀ ਕਮੇਟੀ ਨੂੰ ਕਹਿ ਕੇ ਸੌਦਾ ਸਾਧ ਦੀ ਮੁਆਫ਼ੀ ਬਾਰੇ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ ਪੋਸਟਰ ਛੁਪਵਾਉਣ ਲਈ ਗੋਲਕ ਦੇ ਪੈਸੇ ਖਰਚ ਕੀਤੇ ਸੀ ?”

ਜਵਾਬ ਸੁਖਬੀਰ ਸਿੰਘ ਬਾਦਲ- ਹਾਂਜੀ



**ਕੁੰਵਰ ਵਿਜੈ ਪ੍ਰਤਾਪ ਸਿੰਘ ਕਿਉਂ ਹੋਏ ਸਰਗਰਮ**

ਕਾਂਗਰਸ ਦੀ ਸਰਕਾਰ ਸਮੇਂ ਪੰਜਾਬ ਪੁਲਿਸ ਦੇ ਆਈਪੀਐੱਸ ਅਫ਼ਸਰ ਕੁੰਵਰ ਵਿਜੈ ਪ੍ਰਤਾਪ ਸਿੰਘ (ਆਮ ਆਦਮੀ ਪਾਰਟੀ ਦੇ ਮੌਜੂਦਾ ਵਿਧਾਇਕ) ਦੀ ਅਗਵਾਈ ਵਿੱਚ ਇਕ ਜਾਂਚ ਟੀਮ ਦਾ ਗਠਨ ਕੀਤਾ ਗਿਆ ਸੀ। ਇਸ ਜਾਂਚ ਟੀਮ ਨੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਬੌਲੀਵੁੱਡ ਫਿਲਮ ਸਟਾਰ ਅਕਸ਼ੈ ਕੁਮਾਰ ਤੋਂ ਪੁੱਛਗਿੱਛ ਕੀਤੀ ਸੀ। ਜਾਂਚ ਮੁਕੰਮਲ ਕਰਨ ਉਪੰਰਤ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਫ਼ਰੀਦਕੋਟ ਦੀ ਅਦਾਲਤ ਵਿੱਚ ਚਾਰਜਸ਼ੀਟ ਦਾਖਲ ਕਰ ਦਿੱਤੀ ਸੀ, ਜਿਸ ਨੂੰ ਬਾਅਦ ਵਿੱਚ ਹਾਈ ਕੋਰਟ ਨੇ ਪੱਖ਼ਪਾਤੀ ਅਤੇ ਬਦਲਾਲਊ ਕਾਰਵਾਈ ਦੱਸਦਿਆਂ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਸਿੰਘ ਆਪਣੀ ਨੌਕਰੀ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ ਅਤੇ ਮੌਜੂਦਾ ਸਮੇਂ ਉਹ ਵਿਧਾਇਕ ਹਨ। ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਤੋਂ ਬਾਅਦ ਕੁੰਵਰ ਵਿਜੈ ਪ੍ਰਤਾਪ ਦਾ ਕਹਿਣਾ ਹੈ ਕਿ ਜੋ ਗੱਲਾਂ ਉਨ੍ਹਾਂ ਦੀ ਜਾਂਚ ਵਿੱਚ ਸਾਹਮਣੇ ਆਈਆਂ ਸਨ, ਉਹ ਸਾਰੀਆਂ ਸੁਖਬੀਰ ਸਿੰਘ ਬਾਦਲ ਵੱਲੋਂ ਸਵੀਕਾਰ ਕੀਤੀਆਂ ਗਈਆਂ ਹਨ। ਉਨ੍ਹਾਂ ਆਖਿਆ ਕਿ ਪਹਿਲਾਂ ਕਾਂਗਰਸ ਦੀ ਸਰਕਾਰ ਸਮੇਂ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਗਿਆ ਹੈ ਅਤੇ ਮੌਜੂਦਾ ਸਮੇਂ ਵਿੱਚ ਭਗਵੰਤ ਮਾਨ ਦੀ ਸਰਕਾਰ ਵੀ ਇਸ ਮੁੱਦੇ ਉਤੇ ਕੁਝ ਨਹੀਂ ਕਰ ਰਹੀ। ਉਨ੍ਹਾਂ ਆਖਿਆ ਕਿ ਜਾਂਚ ਸਬੰਧੀ ਉਹ ਆਪਣੀਆਂ ਸਾਰੀਆਂ ਗੱਲਾਂ ਪਹਿਲਾਂ ਹੀ ਵਿਧਾਨ ਸਭਾ ਵਿੱਚ ਰੱਖ ਚੁੱਕੇ ਹਨ।

**ਸੁਖਬੀਰ ਸਿੰਘ ਬਾਦਲ ਦੇ ਕਬੂਲਨਾਮੇ ਨਾਲ ਕੀ ਕਾਨੂੰਨੀ ਅਸਰ ਪਵੇਗਾ**

ਸੁਖਬੀਰ ਸਿੰਘ ਬਾਦਲ ਨੇ ਆਪਣੇ ਉਤੇ ਲੱਗੇ ਇਲਜ਼ਾਮਾਂ ਨੂੰ ਅਕਾਲ ਤਖਤ ਸਾਹਿਬ ਅੱਗੇ ਬੇਸ਼ੱਕ ਕਬੂਲ ਕਰ ਲਿਆ ਹੈ ਪਰ ਉਨ੍ਹਾਂ ਦੇ ਇਕਬਾਲਨਾਮੇ ਦਾ ਕਾਨੂੰਨੀ ਪਹਿਲੂ ਕੀ ਹੈ ? ਅਕਾਲ ਤਖ਼ਤ ਸਾਹਿਬ ਅੱਗੇ ਬੇਅਦਬੀ ਮਾਮਲੇ ਅਤੇ ਡੇਰਾ ਮੁਖੀ ਨਾਲ ਜੁੜੇ ਮਸਲੇ ਉੱਤੇ “ਗੁਨਾਹ” ਕਬੂਲਣ ਤੋਂ ਬਾਅਦ ਕੀ ਇਸ ਦਾ ਵਿਸ਼ੇਸ਼ ਜਾਂਚ ਟੀਮ ਦੀ ਪੜਤਾਲ ਜਾਂ ਅਦਾਲਤੀ ਕੇਸਾਂ ਉੱਤੇ ਕੋਈ ਅਸਰ ਪਵੇਗਾ। ਇਸ ਬਾਰੇ ਬੀਬੀਸੀ ਪੰਜਾਬੀ ਨੇ ਕਾਨੂੰਨੀ ਮਾਹਿਰਾਂ ਅਤੇ ਸਿੱਖ ਸਿਆਸਤ ਦੇ ਜਾਣਕਾਰਾਂ ਨਾਲ ਗੱਲਬਾਤ ਕੀਤੀ। ਹਰਵਿੰਦਰ ਸਿੰਘ ਫੂਲਕਾ ਭਾਰਤੀ ਸੁਪਰੀਮ ਕੋਰਟ ਵਿੱਚ ਸੀਨੀਅਰ ਵਕੀਲ ਹਨ, ਜੋ ਲੰਬੇ ਸਮੇਂ ਤੋਂ 1984 ਕਤਲੇਆਮ ਦੇ ਪੀੜਤਾਂ ਅਤੇ ਪੰਥਕ ਮਸਲਿਆਂ ਉੱਤੇ ਕਾਨੂੰਨੀ ਲੜਾਈ ਲੜਦੇ ਰਹੇ ਹਨ। ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, “ਸੁਖਬੀਰ ਸਿੰਘ ਬਾਦਲ ਨੇ ਬੇਸ਼ੱਕ ਆਪਣੇ ਉਤੇ ਲੱਗੇ ਇਲਜ਼ਾਮਾਂ ਨੂੰ ਕਬੂਲ ਕਰ ਲਿਆ ਹੈ ਪਰ ਉਸ ਵਿੱਚ ਕੁਝ ਵੀ ਅਜਿਹਾ ਨਹੀਂ, ਜੋ ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦਾ ਆਧਾਰ ਬਣੇ।” ਉਨ੍ਹਾਂ ਅੱਗੇ ਦੱਸਿਆ, “ਸੁਖਬੀਰ ਸਿੰਘ ਬਾਦਲ ਉਤੇ ਬਹਿਬਲ ਕਲਾਂ ਗੋਲੀਕਾਂਡ ਵਿੱਚ ਸ਼ਾਮਲ ਰਹੇ ਪੁਲਿਸ ਅਫ਼ਸਰਾਂ ਨੂੰ ਹੁਕਮ ਦੇਣ ਦਾ ਦੋਸ਼ ਹੈ, ਪਰ ਜਥੇਦਾਰ ਸਾਹਿਬਾਨਾਂ ਵੱਲੋਂ ਸਿੱਧੇ ਰੂਪ ਵਿੱਚ ਇਸ ਬਾਬਤ ਸਵਾਲ ਪੁੱਛਿਆ ਹੀ ਨਹੀਂ ਗਿਆ। ਇਸ ਕਰਕੇ ਉਨ੍ਹਾਂ ਦੇ ਕਬੂਲਨਾਮੇ ਦਾ ਕੋਈ ਵੀ ਕਾਨੂੰਨੀ ਆਧਾਰ ਨਹੀਂ ਹਨ।” ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਆਰ ਐੱਸ ਬੈਂਸ ਦਾ ਵੀ ਮੰਨਣਾ ਹੈ ਕਿ ਇਹ ਨਿਰੋਲ ਇੱਕ ਧਾਰਮਿਕ ਸਜ਼ਾ ਹੈ, ਕਾਨੂੰਨੀ ਤੌਰ ਉੱਤੇ ਇਸ ਦਾ ਕੋਈ ਆਧਾਰ ਨਹੀਂ ਹੈ।” ਸੀਨੀਅਰ ਪੱਤਰਕਾਰ ਜਸਪਾਲ ਸਿੰਘ ਵੀ ਕਹਿੰਦੇ ਹਨ ਕਿ ਸੁਖਬੀਰ ਸਿੰਘ ਬਾਦਲ ਦੇ ਕਬੂਲਨਾਮੇ ਦਾ ਸਿਰਫ਼ ਧਾਰਮਿਕ ਆਧਾਰ ਹੈ, ਇਸ ਤੋਂ ਇਲਾਵਾ ਕੁਝ ਨਹੀਂ ਹੈ।

**ਵੱਡੀਆਂ ਸਿੱਖ ਸ਼ਖ਼ਸੀਅਤਾਂ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਸਜ਼ਾ**

ਸਿੱਖ ਇਤਿਹਾਸ ਵਿੱਚ ਕਈ ਵੱਡੀਆਂ ਸ਼ਖ਼ਸੀਅਤਾਂ ਨੂੰ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾ ਲਾਏ ਜਾਣ ਦੀਆਂ ਮਿਸਾਲਾਂ ਮਿਲਦੀਆਂ ਹਨ। ਗੁਰੂ ਕਾਲ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਸਿੱਖ ਕੌਮ ਦੀ ਸਭ ਤੋਂ ਵੱਡੀ ਹਸਤੀ ਹੋਏ ਹਨ। ਉਨ੍ਹਾਂ ਦਾ ਰਾਜ ਚੜ੍ਹਦੇ ਪਾਸੇ ਸਤਲੁਜ ਦਰਿਆ ਤੋਂ ਲੈ ਕੇ ਲਹਿੰਦੇ ਵੱਲ ਦਰਾ ਖੈਬਰ ਤੱਕ ਜਾਂਦਾ ਸੀ। ਇਤਿਹਾਸਕ ਹਵਾਲਿਆਂ ਮੁਤਾਬਕ ਉਹ ਇੱਕ ਵਾਰ ਮੋਰਾਂ ਨਾਂ ਦੀ ਨਾਚੀ ਨਾਲ ਦਰਬਾਰ ਸਾਹਿਬ ਆ ਰਹੇ ਸਨ ਤਾਂ ਤਤਕਾਲੀ ਅਕਾਲ ਤਖ਼ਤ ਜਥੇਦਾਰ ਅਕਾਲੀ ਫੂਲਾ ਸਿੰਘ ਨੇ ਉਨ੍ਹਾਂ ਨੂੰ ਰਾਹ ਵਿੱਚ ਹੀ ਰੋਕ ਦਿੱਤਾ ਅਤੇ ਅਗਲੇ ਦਿਨ ਹੀ ਅਕਾਲ ਤਖ਼ਤ ਤਲਬ ਕਰ ਲਿਆ। ਪੰਜਾਬ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਬਲਕਾਰ ਸਿੰਘ ਦੱਸਦੇ ਹਨ ਕਿ ਰਣਜੀਤ ਸਿੰਘ ਨੂੰ 100 ਕੋਹੜੇ ਮਾਰਨ ਦੀ ਸਜ਼ਾ ਸੁਣਾਈ ਗਈ ਸੀ, ਪਰ ਉਨ੍ਹਾਂ ਨੂੰ ਮੁਆਫੀ ਮੰਗਣ ਤੋਂ ਬਾਅਦ ਮੁਆਫ਼ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਸ਼੍ਰੋਮਣੀ ਅਕਾਲੀ ਦੇ ਸਾਬਕਾ ਪ੍ਰਧਾਨ ਅਤੇ ਵੱਡੀ ਪੰਥਕ ਹਸਤੀ ਮਾਸਟਰ ਤਾਰਾ ਸਿੰਘ ਨੂੰ ਅਕਾਲ ਤਖ਼ਤ ਤੋਂ ਅਰਦਾਸ ਕਰਕੇ ਮਰਨ ਵਰਤ ਸ਼ੁਰੂ ਕਰਨ ਤੇ ਫੇਰ ਤੋੜਨ ਕਾਰਨ ਤਲਬ ਕਰਕੇ ਸਜ਼ਾ ਸੁਣਾਈ ਗਈ ਸੀ। ਧਾਰਮਿਕ ਸਜ਼ਾ ਪੂਰੀ ਕਰਨ ਤੋਂ ਬਾਅਦ ਉਹ ਪੰਥਕ ਅਗਵਾਈ ਕਰਨ ਦੇ ਉਸ ਤਰ੍ਹਾਂ ਸਮਰੱਥ ਨਹੀਂ ਹੋ ਸਕੇ ਜਿਵੇਂ ਪਹਿਲਾਂ ਸਨ ਅਤੇ ਉਨ੍ਹਾਂ ਦਾ ਸਿਆਸੀ ਭਵਿੱਖ ਖ਼ਤਮ ਹੋ ਗਿਆ ਸੀ। 1986 ਵਿੱਚ ਆਪਰੇਸ਼ਨ ਬਲੈਕ ਥੰਡਰ ਦੌਰਾਨ ਦਰਬਾਰ ਸਾਹਿਬ ਵਿੱਚ ਪੁਲਿਸ ਭੇਜਣ ਤੋਂ ਬਾਅਦ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਤਲਬ ਕਰਕੇ ਸਜ਼ਾ ਲਗਾਈ ਗਈ ਸੀ। ਇਸੇ ਤਰ੍ਹਾਂ 1984 ਵਿੱਚ ਹੋਏ ਆਪਰੇਸ਼ਨ ਬਲੂ ਸਟਾਰ (ਅਕਾਲ ਤਖ਼ਤ ਉੱਤੇ ਫੌਜੀ ਕਾਰਵਾਈ) ਦੌਰਾਨ ਤਤਕਾਲੀ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਵੀ ਅਕਾਲ ਤਖ਼ਤ ਪੇਸ਼ ਹੋ ਕੇ ਭੁੱਲ ਬਖ਼ਸ਼ਾਈ ਸੀ। ਫੌਜੀ ਕਾਰਵਾਈ ਦੌਰਾਨ ਅਕਾਲ ਤਖ਼ਤ ਦੀ ਇਮਾਰਤ ਢਹਿ-ਢੇਰੀ ਹੋ ਗਈ ਸੀ, ਜਿਸ ਨੂੰ ਕੇਂਦਰ ਸਰਕਾਰ ਨੇ ਬੁੱਢਾ ਦਲ ਦੇ ਤਤਕਾਲੀ ਮੁਖੀ ਸੰਤਾ ਸਿੰਘ ਰਾਹੀਂ ਕਾਰ ਸੇਵਾ ਰਾਹੀਂ ਮੁੜ ਉਸਾਰੀ ਕਰਵਾਈ। ਇਸ ਨੂੰ ਪੰਥ ਨੇ ਸਵਿਕਾਰ ਨਹੀਂ ਕੀਤਾ ਅਤੇ ਦੁਬਾਰਾ ਤੋਂ ਬਣਵਾਇਆ ਸੀ। ਸੰਤਾ ਸਿੰਘ ਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ। ਉਨ੍ਹਾਂ ਨੇ ਆਪਣੀ ਉਮਰ ਦੇ ਅਖਰੀਲੇ ਪੜ੍ਹਾਅ ਵਿੱਚ ਅਕਾਲ ਤਖ਼ਤ ਉੱਤੇ ਪੇਸ਼ ਹੋ ਕੇ ਭੁੱਲ ਬਖ਼ਸ਼ਾਈ ਸੀ। ਆਪਰੇਸ਼ਨ ਬਲੂ ਸਟਾਰ ਦੌਰਾਨ ਗਿਆਨੀ ਜ਼ੈਲ ਸਿੰਘ ਭਾਰਤ ਦੇ ਰਾਸ਼ਟਰਪਤੀ ਸਨ। ਉਨ੍ਹਾਂ ਨੂੰ ਵੀ ਪੰਥ ਵਿੱਚੋਂ ਛੇਕ ਦਿੱਤਾ ਗਿਆ ਸੀ। ਉਨ੍ਹਾਂ ਨੇ ਅਕਾਲ ਤਖ਼ਤ ਨੂੰ ਚਿੱਠੀ ਭੇਜ ਕੇ ਆਪਣਾ ਸਪੱਸ਼ਟੀਕਰਨ ਸੌਂਪਿਆਂ ਸੀ, ਜਿਸ ਨੂੰ ਸਵਿਕਾਰ ਕਰ ਲਿਆ ਗਿਆ।



## ਅਕਾਲੀ ਦਲ ਲੀਡਰਸ਼ਿਪ ਉੱਤੇ ਕੀ ਹਨ ਇਲਜ਼ਾਮ

ਅਕਾਲੀ ਲੀਡਰਸ਼ਿਪ ਉੱਤੇ ਇਲਜ਼ਾਮ ਹਨ ਕਿ ਉਨ੍ਹਾਂ ਸੱਤਾ ਵਿੱਚ ਰਹਿੰਦਿਆਂ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੂੰ ਮੁਆਫੀ ਦੇਣ ਲਈ ਤਖ਼ਤਾਂ ਦੇ ਜਥੇਦਾਰਾਂ ਉੱਤੇ ਦਬਾਅ ਪਾਇਆ। ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਨੇ 2007 ਵਿੱਚ ਆਪਣੇ ਡੇਰੇ ਸਲਾਬਤਪੁਰ ਬਠਿੰਡਾ ਵਿੱਚ ਜਾਮ-ਏ-ਇੰਸਾ ਛਕਾਉਣ ਦਾ ਸਵਾਂਗ ਰਚਿਆ ਸੀ। ਉਸ ਦੌਰਾਨ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਪਹਿਰਾਵੇ ਵਰਗੀ ਪੋਸ਼ਾਕ ਪਾ ਕੇ ਸਿੱਖ ਧਰਮ ਦੀ ਅੰਮ੍ਰਿਤ ਛਕਾਉਣ ਦੀ ਰਵਾਇਤ ਦੀ ਨਕਲ ਕੀਤੀ ਸੀ। ਇਸ ਦਾ ਸਿੱਖਾਂ ਵਿੱਚ ਬਹੁਤ ਹੀ ਤਿੱਖਾ ਵਿਰੋਧ ਹੋਇਆ। ਅਕਾਲ ਤਖ਼ਤ ਨੇ ਡੇਰਾ ਸੱਚਾ ਸੌਦਾ ਮੁਖੀ ਤੇ ਉਨ੍ਹਾਂ ਦੇ ਪ੍ਰੇਮੀਆਂ ਖ਼ਿਲਾਫ਼ ਹੁਕਮਨਾਮਾ ਜਾਰੀ ਕਰਕੇ ਸਿੱਖਾਂ ਨੂੰ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦੀ ਸਾਂਝ ਨਾ ਰੱਖਣ ਲਈ ਕਿਹਾ ਸੀ। ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਕੁਝ ਹੋਰ ਅਕਾਲੀ ਆਗੂਆਂ ਉੱਤੇ ਇਲਜ਼ਾਮ ਲੱਗੇ ਕਿ ਉਨ੍ਹਾਂ ਨੇ ਸਿਆਸੀ ਹਿੱਤਾਂ ਲਈ ਡੇਰਾ ਮੁਖੀ ਨੂੰ ਅਕਾਲ ਤਖ਼ਤ ਤੋਂ ਮੁਆਫੀ ਦੇਣ ਲਈ ਜਥੇਦਾਰਾਂ ਨੂੰ ਘਰ ਬੁਲਾ ਕੇ ਦਬਾਅ ਬਣਾਇਆ ਸੀ। ਇਸ ਨਾਲ ਇਹ ਵੀ ਇਲਜ਼ਾਮ ਲੱਗਿਆ ਕਿ ਉਸ ਦੇ ਸਪੱਸ਼ਟੀਕਰਨ ਦੀ ਚਿੱਠੀ ਨੂੰ ਸੋਧ ਕੇ ਮੁਆਫ਼ੀਨਾਮੇ ਵਜੋਂ ਪੇਸ਼ ਕੀਤਾ ਗਿਆ। ਇਸ ਨੂੰ ਜਾਇਜ਼ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲ੍ਹਕ ਦੇ ਲੱਖਾਂ ਰੁਪਏ ਇਸ਼ਤਿਹਾਰਾਂ ਲਈ ਖਰਚੇ ਗਏ। ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ ਸਰਕਾਰ ਉੱਤੇ ਇਹ ਵੀ ਇਲਜ਼ਾਮ ਹੈ ਕਿ ਉਨ੍ਹਾਂ ਸ੍ਰੀ ਗੁਰੂ ਗੰਥ ਸਾਹਿਬ ਦੀ ਬੇਅਦਬੀ ਮਾਮਲਿਆਂ ਵਿੱਚ ਨਿਆਂ ਨਹੀਂ ਕਰਵਾਇਆ ਤੇ ਬੇਅਦਬੀਆਂ ਖਿਲਾਫ਼ ਰੋਹ ਪ੍ਰਗਟਾਉਂਦੇ ਸਿੱਖਾਂ ਉੱਤੇ ਗੋਲ਼ੀਬਾਰੀ ਕਰਵਾਈ। ਫ਼ਰੀਦਕੋਟ ਦੇ ਬਹਿਬਲ ਕਲਾਂ ਅਤੇ ਕੋਟਕਪੁਰਾ ਵਿੱਚ ਪੁਲਿਸ ਦੀ ਗੋਲ਼ੀਬਾਰੀ ਵਿੱਚ ਦੋ ਜਣਿਆਂ ਦੀ ਮੌਤ ਹੋਈ ਅਤੇ ਕਈ ਜਣੇ ਜ਼ਖ਼ਮੀ ਹੋ ਗਏ ਸਨ। ਇਸ ਤੋਂ ਬਾਅਦ ਅਕਾਲੀ ਦਲ ਦੀ ਲੀਡਰਸ਼ਿਪ ਖ਼ਿਲਾਫ਼ ਪੰਜਾਬ ਦੇ ਲੋਕਾਂ ਵਿੱਚ ਕਾਫੀ ਰੋਸ ਪੈਦਾ ਹੋਇਆ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਰਗਾੜੀ ਗੋਲੀਕਾਂਡ ਦੇ ਇਨਸਾਫ਼ ਦਾ ਮੁੱਦਾ ਕਾਫੀ ਲੰਮੇ ਸਮੇਂ ਤੋਂ ਚਰਚਾ ਵਿੱਚ ਹੈ। ਇਸ ਮੁੱਦੇ ਨੂੰ ਲੈ ਕੇ ਦੋ ਸਰਕਾਰਾਂ (ਪਹਿਲਾਂ ਸ਼੍ਰੋਮਣੀ ਅਕਾਲੀ ਦਲ ਅਤੇ ਫਿਰ ਕਾਂਗਰਸ) ਸੱਤਾ ਤੋਂ ਬਾਹਰ ਹੋ ਚੁੱਕੀਆਂ ਹਨ। ਇਸ ਮਾਮਲੇ ਦੀ ਜਾਂਚ ਲਈ ਕਈ ਸਿੱਟਾਂ (ਐਸਆਈਟੀ) ਬਣ ਚੁੱਕੀਆਂ ਹਨ ਪਰ ਅਜੇ ਤੱਕ ਅਸਲ ਦੋਸ਼ੀਆਂ ਉਤੇ ਦੋਸ਼ ਸਾਬਤ ਨਹੀਂ ਹੋ ਸਕੇ। ਅਕਾਲੀ ਦਲ ਉੱਤੇ ਇਹ ਵੀ ਇਲਜ਼ਾਮ ਸਨ ਕਿ ਉਸ ਨੇ 1980ਵਿਆਂ ਦੌਰਾਨ ਚੱਲੇ ਖਾੜਕੂਵਾਦ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ਦੇ ਮਾਮਲੇ ਵਿੱਚ ਦਾਗੀ ਪੁਲਿਸ ਅਫ਼ਸਰਾਂ ਨੂੰ ਤਰੱਕੀਆਂ ਦਿੱਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੋਣਾਂ ਲਈ ਟਿਕਟਾਂ ਵੀ ਦਿੱਤੀਆਂ।

# Preetnama
# ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 281

Website: www.preetnama.com Email preetnamausa@gmail.com

06 DEC TO 12 DEC , 2024


# ਸੁਖਬੀਰ ਸਿੰਘ ਬਾਦਲ 'ਤੇ ਜਾਨਲੇਵਾ ਹਮਲਾ, ਦੋਸ਼ੀ ਕਾਬੂ

## ਦਰਬਾਰ ਸਾਹਿਬ ਵਿਖੇ ਪਹਿਰੇਦਾਰ ਵਜੋਂ ਸੇਵਾ ਨਿਭਾਉਂਦੇ ਸਮੇਂ ਹਮਲਾਵਰ ਨੇ ਚਲਾਈ ਗੋਲ਼ੀ

ਅੰਮ੍ਰਿਤਸਰ, 4 ਦਸੰਬਰ : ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਉਸ ਵੇਲੇ ਵਾਲ-ਵਾਲ ਬਚ ਗਏ ਜਦੋਂ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਪਹਿਰੇਦਾਰ ਦੀ ਸੇਵਾ ਕਰ ਰਹੇ ਸਨ ਤਾਂ ਇੱਕ ਵਿਅਕਤੀ ਨੇ ਉਨ੍ਹਾਂ 'ਤੇ ਕੁਝ ਕਦਮਾਂ ਦੀ ਦੂਰੀ ਤੋਂ ਗੋਲੀ ਚਲਾ ਦਿੱਤੀ। ਪਰ ਉਨ੍ਹਾਂ ਦੇ ਕੋਲ ਖੜ੍ਹੇ ਕੁਝ ਵਿਅਕਤੀਆਂ ਨੇ ਹਮਲਾਵਰ ਨੂੰ ਪਿਸਤੌਲ ਤਾਣਦਿਆਂ ਦੇਖ ਲਿਆ ਅਤੇ ਤੁਰੰਤ ਫੜ ਲਿਆ। ਇਸ ਦੌਰਾਨ ਹਮਲਾਵਰ ਦਾ ਪਿਸਤੌਲ ਵਾਲਾ ਹੱਥ ਉੱਤੇ ਹੋ ਜਾਣ ਕਾਰਨ ਨਿਸ਼ਾਨਾ ਖੁੰਝ ਗਿਆ।

ਜਾਣਕਾਰੀ ਅਨੁਸਾਰ ਕਾਬੂ ਕੀਤਾ ਗਿਆ ਵਿਅਕਤੀ ਅਕਾਲ ਫੈਡਰੇਸ਼ਨ ਦਾ ਆਗੂ ਨਰਾਇਣ ਸਿੰਘ ਚੌੜਾ ਹੈ ਜੋ ਕਿ ਪਹਿਲਾਂ ਵੀ ਕੁਝ ਮਾਮਲਿਆਂ ਵਿੱਚ ਜੇਲ੍ਹ ਵਿੱਚ ਰਹਿ ਚੁੱਕਾ ਹੈ। ਇਸ ਦੀ ਖ਼ਬਰ ਮਿਲਦਿਆਂ ਹੀ ਕਈ ਹੋਰ ਅਕਾਲੀ ਆਗੂ ਮੌਕੇ 'ਤੇ ਪੁੱਜ ਗਏ ਸਨ। ਸੁਰੱਖਿਆ ਘੇਰੇ ਨੇ ਤੁਰੰਤ ਸੁਖਬੀਰ ਸਿੰਘ ਬਾਦਲ ਨੂੰ ਘੇਰ ਲਿਆ ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ।



ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਸ਼ਾਂਤਮਈ ਢੰਗ ਨਾਲ ਗੁਰੂ ਚਰਨਾਂ ਵਿੱਚ ਸੇਵਾ ਕਰ ਰਹੇ ਇੱਕ ਵਿਅਕਤੀ 'ਤੇ ਗੋਲੀ ਚਲਾਉਣ ਵਰਗੀ ਅਜਿਹੀ ਕਾਇਰਾਨਾ ਕਾਰਵਾਈ ਕੋਈ ਸਿੱਖ ਨਹੀਂ ਕਰ ਸਕਦਾ ਅਤੇ ਅਜਿਹੇ ਵਿਅਕਤੀ ਨੂੰ ਸਿੱਖ ਕਹਿਣਾ ਗਲਤ ਹੋਵੇਗਾ। ਉਨ੍ਹਾਂ ਕਿਹਾ ਕਿ ਸੇਵਾ ਇਸੇ ਤਰ੍ਹਾਂ ਜਾਰੀ ਰਹੇਗੀ।

ਦੱਸਣਯੋਗ ਹੈ ਕਿ ਸ੍ਰੀ ਅਕਾਲ ਤਖਤ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੋਹਾਂ ਆਗੂਆਂ ਦੀ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਪਹਿਰੇਦਾਰ ਵੱਜੋਂ ਸੇਵਾ ਲਾਈ ਗਈ ਸੀ। ਅੱਜ ਉਹ ਦੂਜੇ ਦਿਨ ਇਸ ਸੇਵਾ ਲਈ ਇੱਥੇ ਪੁੱਜੇ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਹਮਲੇ ਦੀ ਨਿੰਦਾ ਕਰਦਿਆਂ ਇਸ ਦੀ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਪੁਲਿਸ ਨੂੰ ਇਸ ਬਾਰੇ ਜਾਣਕਾਰੀ ਸੀ ਕਿ ਹਮਲਾਵਰ ਬੀਤੇ ਦਿਨ ਤੋਂ ਉੱਥੇ ਘੁੰਮ ਰਿਹਾ ਹੈ ਤਾਂ ਇਸ 'ਤੇ ਕਾਰਵਾਈ ਕਿਉਂ ਨਹੀਂ ਕੀਤੀ ਗਈ।

## ਕੌਣ ਹੈ ਨਰਾਇਣ ਸਿੰਘ ਚੌੜਾ ?

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਬੁੱਧਵਾਰ ਸਵੇਰੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਬਾਹਰ ਸੇਵਾਦਾਰ ਦੀ ਡਿਊਟੀ ਨਿਭਾਉਣ ਦੌਰਾਨ ਗੋਲੀ ਚਲਾਉਣ ਵਾਲੇ ਵਿਅਕਤੀ ਦੀ ਪਛਾਣ ਨਰਾਇਣ ਸਿੰਘ ਚੌੜਾ ਵਜੋਂ ਹੋਈ ਹੈ, ਜੋ ਕਿ ਇਕ ਗਰਮ ਖਿਆਲੀ ਫੈਡਰੇਸ਼ਨ ਨਾਲ ਸਬੰਧਤ ਹੈ।



ਪੁਲਿਸ ਸੂਤਰਾਂ ਅਨੁਸਾਰ ਪਾਕਿਸਤਾਨ ਵਿੱਚ ਸਿਖਲਾਈ ਪ੍ਰਾਪਤ ਅਕਾਲ ਫੈਡਰੇਸ਼ਨ ਦੇ ਸਾਬਕਾ ਮੁਖੀ ਚੌੜਾ ਨੇ ਸਿੱਖ ਖਾੜਕੂਵਾਦ ਬਾਰੇ ਕਿਤਾਬਾਂ ਲਿਖੀਆਂ ਹਨ। ਚੌੜਾ 1995 ਵਿੱਚ ਭਾਰਤ ਪਰਤਣ ਤੋਂ ਪਹਿਲਾਂ ਤਿੰਨ ਵਾਰ ਪਾਕਿਸਤਾਨ ਜਾ ਚੁੱਕਾ ਹੈ। ਚੌੜਾ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਵੀ ਸ਼ੱਕੀ ਸੀ। ਉਹ ਕਥਿਤ ਤੌਰ 'ਤੇ 2004 ਦੇ ਬੁੜੈਲ ਜੇਲ੍ਹ ਭੱਜਣ ਦੇ ਕੇਸ ਵਿੱਚ ਵੀ ਸ਼ਾਮਲ ਸੀ ਜਿੱਥੋਂ ਬੇਅੰਤ ਸਿੰਘ ਦੇ ਕਾਤਲ ਅਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਜਗਤਾਰ ਸਿੰਘ ਹਵਾਰਾ ਸਮੇਤ ਚਾਰ ਅੰਡਰ ਟਰਾਇਲ ਜੇਲ੍ਹ ਦੀ ਬੈਰਕ ਨੰਬਰ 7 ਵਿੱਚੋਂ ਸੁਰੰਗ ਪੁੱਟ ਕੇ ਫਰਾਰ ਹੋ ਗਏ ਸਨ। ਇਹ ਘਟਨਾ 21 ਜਨਵਰੀ 2004 ਦੀ ਰਾਤ ਨੂੰ ਵਾਪਰੀ ਸੀ।ਜਾਣਕਾਰੀ ਅਨੁਸਾਰ ਚੌੜਾ 'ਤੇ 8 ਮਈ 2010 ਨੂੰ ਅੰਮ੍ਰਿਤਸਰ ਦੇ ਸਿਵਲ ਲਾਈਨ ਥਾਣੇ 'ਚ ਵਿਸਫੋਟਕ ਐਕਟ ਤਹਿਤ 30 ਦੇ ਕਰੀਬ ਕੇਸ ਦਰਜ ਕੀਤੇ ਗਏ ਸਨ। ਇਸ ਤੋਂ ਇਲਾਵਾ ਅੰਮ੍ਰਿਤਸਰ, ਤਰਨਤਾਰਨ ਅਤੇ ਰੋਪੜ ਵਿੱਚ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਦਰਜ ਕੇਸਾਂ ਵਿੱਚ ਵੀ ਲੋੜੀਂਦਾ ਸੀ।

ਜ਼ਮਾਨਤ 'ਤੇ ਬਾਹਰ ਚੱਲ ਰਿਹਾ ਸੀ ਨਰਾਇਣ ਚੌੜਾ ਨਰਾਇਣ ਸਿੰਘ ਚੌੜਾ ਨੂੰ 28 ਫਰਵਰੀ 2013 ਨੂੰ ਤਰਨ ਤਾਰਨ ਦੇ ਪਿੰਡ ਜਲਾਲਾਬਾਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਜ਼ਮਾਨਤ 'ਤੇ ਬਾਹਰ ਸੀ। ਪੁਲਿਸ ਦੇ ਅਨੁਸਾਰ ਚੌੜਾ 1984 ਵਿੱਚ ਪਾਕਿਸਤਾਨ ਗਿਆ ਸੀ ਅਤੇ ਖਾੜਕੂਵਾਦ ਦੇ ਸ਼ੁਰੂਆਤੀ ਪੜਾਅ ਦੌਰਾਨ ਪੰਜਾਬ ਵਿੱਚ ਹਥਿਆਰਾਂ ਅਤੇ ਵਿਸਫੋਟਕਾਂ ਦੀਆਂ ਵੱਡੀਆਂ ਖੇਪਾਂ ਦੀ ਤਸਕਰੀ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਸੀ। ਪਾਕਿਸਤਾਨ ਵਿਚ ਰਹਿੰਦਿਆਂ ਉਸ ਨੇ ਕਥਿਤ ਤੌਰ 'ਤੇ ਗੁਰੀਲਾ ਯੁੱਧ 'ਤੇ ਕਿਤਾਬਾਂ ਲਿਖੀਆਂ।

## ਸ੍ਰੀ ਦਰਬਾਰ ਸਾਹਿਬ ਦੇ ਪਹਿਰੇਦਾਰ 'ਤੇ ਹਮਲਾ ਨਿੰਦਣਯੋਗ: ਗਿ. ਰਘਬੀਰ ਸਿੰਘ

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੁਖਬੀਰ ਸਿੰਘ ਬਾਦਲ 'ਤੇ ਸੇਵਾ ਕਰਦਿਆਂ ਗੋਲੀ ਚਲਾਉਣ ਦੀ ਵਾਪਰੀ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਹਮਲਾ ਸੁਖਬੀਰ ਸਿੰਘ ਬਾਦਲ 'ਤੇ ਨਹੀਂ ਸਗੋਂ ਸ੍ਰੀ ਅਕਾਲ ਤਖ਼ਤ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਘੰਟਾ ਘਰ ਵਾਲੇ ਪਾਸੇ ਪਹਿਰੇਦਾਰ ਦੀ ਲਾਈ ਗਈ ਸੇਵਾ ਕਰ ਰਹੇ ਇੱਕ ਸੇਵਾਦਾਰ 'ਤੇ ਹੋਇਆ ਹੈ।ਉਨ੍ਹਾਂ ਕਿਹਾ ਕਿ ਮੌਕੇ 'ਤੇ ਹਾਜ਼ਰ ਸੇਵਾਦਾਰਾਂ ਵੱਲੋਂ ਹਮਲਾਵਰ ਨੂੰ ਕਾਬੂ ਕਰ ਲਿਆ ਗਿਆ ਅਤੇ ਉਸ ਵੱਲੋਂ ਚਲਾਈ ਗਈ ਗੋਲੀ ਚਰਨ ਗੰਗਾ ਵਾਲੇ ਹਿੱਸੇ ਵਿੱਚ ਜਾ ਲੱਗੀ ਹੈ, ਇਸ ਬਾਰੇ ਪੁਲਿਸ ਨੂੰ ਡੂੰਘਾਈ ਕਰਨੀ ਚਾਹੀਦੀ ਹੈ ਕਿ ਇਸ ਦੇ ਪਿੱਛੇ ਕੌਣ ਹਨ।

ਇਸ ਦੌਰਾਨ ਸੁਖਬੀਰ ਸਿੰਘ ਬਾਦਲ ਵੱਲੋਂ ਆਪਣੀ ਸੇਵਾ ਜਾਰੀ ਰੱਖੀ ਗਈ ਹੈ ਅਤੇ ਉਨ੍ਹਾਂ ਪਹਿਰੇਦਾਰ ਦੀ ਸੇਵਾ ਕਰਨ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੁਰਬਾਣੀ ਦਾ ਕੀਰਤਨ ਸਰਵਣ ਕੀਤਾ ਅਤੇ ਮਗਰੋਂ ਲੰਗਰ ਘਰ ਵਿੱਚ ਸੰਗਤ ਦੇ ਜੂਠੇ ਬਰਤਨ ਮਾਂਜਣ ਦੀ ਸੇਵਾ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਵੀ ਮੌਜੂਦ ਹਨ।

## ਜਥੇ. ਹਰਪ੍ਰੀਤ ਸਿੰਘ ਨੇ ਘਟਨਾ ਨੂੰ ਦੱਸਿਆ ਮੰਦਭਾਗਾ

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਸੇਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਨੂੰ ਬੇਹੱਦ ਮੰਦਭਾਗਾ ਤੇ ਦੁੱਖਦਾਈ ਦੱਸਿਆ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਪਾਵਨ ਪਵਿੱਤਰ ਅਸਥਾਨ ਹੈ ਜਿੱਥੇ ਜਿਹੜਾ ਵੀ ਆਉਂਦਾ ਹੈ ਉਹ ਆਪਣੇ ਆਪ ਨੂੰ ਭੈ-ਮੁਕਤ ਤੇ ਆਪਣੇ ਆਪ ਨੂੰ ਗੁਰੂ ਅੱਗੇ ਸਮਰਪਤ ਹੋਣ ਦੀ ਭਾਵਨਾ ਲੈ ਕੇ ਆਉਂਦਾ ਹੈ। ਇਸ ਕਰਕੇ ਸ੍ਰੀ ਦਰਬਾਰ ਸਾਹਿਬ ਵਿਖੇ ਅਜਿਹੀ ਘਟਨਾ ਦਾ ਵਾਪਰਨਾ ਬਹੁਤ ਮੰਦਭਾਗਾ ਹੈ।ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਰਸੋਂ ਜੋ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਇਆ, ਫ਼ਸੀਲ 'ਤੇ ਸਿੰਘ ਸਾਹਿਬਾਨ ਵੱਲੋਂ ਇਹ ਗੱਲ ਦੁਰਹਾਈ ਗਈ ਸੀ ਕਿ ਇਹ ਫ਼ੈਸਲਾ ਬਿਨਾ ਕਿਸੇ ਦਬਾਅ ਜਾਂ ਡਰ ਤੋਂ ਸਿਰਫ਼ ਗੁਰੂ ਦੇ ਡਰ ਨਾਲ ਕੀਤਾ ਗਿਆ ਹੈ। ਕੱਲ ਵੀ ਅਸੀਂ ਉੱਥੇ ਹਾਜ਼ਰ ਹੋਏ ਤੇ ਸੱਚੇ ਪਾਤਸ਼ਾਹ ਅੱਗੇ ਅਰਦਾਸ ਕੀਤੀ ਕਿ ਜੋ ਫ਼ੈਸਲਾ ਕੀਤਾ ਹੈ ਤੁਹਾਡੀ ਰਜ਼ਾ ਵਿਚ ਤੁਹਾਡੀ ਹਜ਼ੂਰੀ ਵਿਚ ਕੀਤਾ ਹੈ। ਜੇ ਕੋਈ ਇਸ ਫ਼ੈਸਲੇ ਨੂੰ ਸੁਲਾਹੁੰਦਾ ਹੈ ਤਾਂ ਉਹ ਤੇਰੇ ਤਖ਼ਤ ਦੀ ਸਿਫ਼ਤ ਹੈ ਤੇ ਜੇ ਕੋਈ ਇਸ ਫ਼ੈਸਲਾ ਨੂੰ ਨਾਪਸੰਦ ਕਰਦਾ ਹੈ ਜਾਂ ਮੰਦਾ ਬੋਲਦਾ ਹੈ ਤਾਂ ਉਹ ਵੀ ਤੇਰੇ ਤਖ਼ਤ ਲਈ ਹੈ। ਜਥੇਦਾਰ ਸਾਹਿਬ ਨੇ ਕਿਹਾ ਕਿ ਬਹੁਤ ਸਾਰੀਆਂ ਏਜੰਸੀਆਂ ਅਜਿਹੀਆਂ ਨੇ ਜਿੰਨ੍ਹਾਂ ਨੂੰ ਫ਼ੈਸਲੇ ਦੇ ਚੰਗੇ ਮਾੜੇ ਹੋਣ ਨਾਲ ਕੋਈ ਮਤਲਬ ਨਹੀਂ ਹੈ। ਉਨ੍ਹਾਂ ਨੂੰ ਦਰਦ ਸਾਡੇ ਸੰਕਲਪ ਤੋਂ ਹੈ ਜੋ ਗੁਰੂ ਹਰਗੋਬਿੰਦ ਸਾਹਿਬ ਨੇ ਸਾਨੂੰ ਬਖ਼ਸ਼ਿਆ ਹੈ। ਇੱਥੇ ਕੋਈ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ ਉਸ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਇਕ ਐਸੀ ਸੋਚ ਹੈ ਜਿਸ ਨੂੰ ਸਾਡੇ ਇਸ ਸੰਕਲਪ ਤੋਂ ਨਫ਼ਰਤ ਹੈ। ਉਨ੍ਹਾਂ ਕਿਹਾ ਕਿ ਇਹ ਸੰਕਲਪ ਹਮੇਸ਼ਾ ਕਾਇਮ ਰਹੇਗਾ। ਤਖ਼ਤ ਤੇ ਜਿਹੜੇ ਫ਼ੈਸਲੇ ਗੁਰੂ ਦੇ ਭੈ 'ਚ ਹੁੰਦੇ ਹਨ ਉਹ ਟਿਕ ਜਾਂਦੇ ਹਨ ਤੇ ਜਿਹੜੇ ਗੁਰੂ ਦੇ ਭੈ ਤੋਂ ਬਿਨਾ ਹੁੰਦੇ ਹਨ ਉਹ ਫ਼ੈਸਲੇ ਕਰਨ ਵਾਲੇ ਵੀ ਡਿੱਗ ਜਾਂਦੇ ਹਨ ਤੇ ਫ਼ੈਸਲੇ ਵੀ ਡਿੱਗ ਜਾਂਦੇ ਹਨ। ਗਿਆਨੀ ਰਘਬੀਰ ਸਿੰਘ ਨੇ ਮੁੜ ਕਿਹਾ ਕਿ ਮੈਂ ਅੱਜ ਸਵੇਰ ਦੀ ਘਟਨਾ ਨੂੰ ਬਹੁਤ ਮੰਦਭਾਗਾ ਤੇ ਦੁੱਖਦਾਈ ਮਹਿਸੂਸ ਕਰਦਾ ਹਾਂ।

## ਐਡਵੋਕੇਟ ਧਾਮੀ ਵੱਲੋਂ ਹਮਲੇ ਦੀ ਨਿੰਦਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਸ. ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸ. ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ 'ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਆਭਾ 'ਤੇ ਵੀ ਹਮਲਾ ਕਿਹਾ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਪ੍ਰੰਪਰਾ ਰਹੀ ਹੈ ਕਿ ਉਹ ਕਿਸੇ ਵੀ ਪੰਥਕ ਅਵੱਗਿਆ ਦਾ ਨੋਟਿਸ ਲੈ ਕੇ ਧਾਰਮਿਕ ਸਜ਼ਾ ਦਾ ਆਦੇਸ਼ ਕਰਦਾ ਹੈ, ਜਿਸ ਨੂੰ ਨਿਮਾਣੇ ਸਿੱਖ ਵਾਂਗ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਹੈ। ਅਜਿਹੀ ਹੀ ਪਾਲਣਾ ਆਪਣੀ ਧਾਰਮਿਕ ਤਨਖ਼ਾਹ ਪੂਰੀ ਕਰਨ ਦੌਰਾਨ ਸ. ਸੁਖਬੀਰ ਸਿੰਘ ਬਾਦਲ ਸਮਰਪਤ ਹੋ ਕੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸ. ਬਾਦਲ 'ਤੇ ਹਮਲਾ ਕਰਨਾ ਜਿਥੇ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਅਤੇ ਗ਼ੈਰ-ਮਨੁੱਖੀ ਹਰਕਤ ਹੈ, ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੇ ਤੌਰ 'ਤੇ ਤੌਹੀਨ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸ. ਬਾਦਲ 'ਤੇ ਹੋਇਆ ਇਹ ਹਮਲਾ ਪੰਜਾਬ ਸਰਕਾਰ ਅਤੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਅਮਨ ਕਾਨੂੰਨ ਦੇ ਹਾਲਾਤਾਂ 'ਤੇ ਵੀ ਵੱਡੇ ਸਵਾਲ ਪੈਦਾ ਕਰਦਾ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਜ਼ੁੰਮੇਵਾਰੀ ਨਿਭਾਉਂਦਿਆਂ ਧਾਰਮਿਕ ਸੇਵਾ ਦੌਰਾਨ ਹਰ ਅਕਾਲੀ ਆਗੂ ਦੀ ਸੁਰੱਖਿਆ ਯਕੀਨੀ ਬਣਾਏ।

# ਪੰਜਾਬ ਦੇ ਇਸ ਪਿੰਡ ਦੇ ਨੌਜਵਾਨ ਜੇਕਰ ਆਪਣੇ ਪਿੰਡ ਦੀ ਕੁੜੀ ਜਾਂ ਪਰਵਾਸੀ ਨਾਲ ਵਿਆਹ ਕਰਾਉਣਗੇ ਤਾਂ ਹੋਵੇਗੀ ਸਜ਼ਾ, ਪੰਚਾਇਤ ਨੇ ਪਾਸ ਕੀਤਾ ਮਤਾ



ਨੌਜਵਾਨਾਂ ਦੇ ਆਪਣੇ ਪਿੰਡ ਵਿਚ ਹੀ ਵਿਆਹ ਕਰਵਾਉਣ ਨੂੰ ਲੈ ਕੇ ਪਾਏ ਗਏ ਇੱਕ ਪੰਚਾਇਤੀ ਮਤੇ ਕਾਰਨ ਦੱਖਣੀ ਪੰਜਾਬ ਦੇ ਜ਼ਿਲ੍ਹਾ ਮਾਨਸਾ ਅਧੀਨ ਪੈਂਦਾ ਪਿੰਡ ਜਵਾਹਰਕੇ ਇਸ ਵੇਲੇ ਚਰਚਾ ਵਿੱਚ ਹੈ।ਇਸ ਪਿੰਡ ਦੀ ਪੰਚਾਇਤ ਨੇ ਸਰਬ ਸੰਮਤੀ ਨਾਲ ਮਤਾ ਪਾਇਆ ਹੈ ਕਿ ਜੇਕਰ ਪਿੰਡ ਦਾ ਕੋਈ ਨੌਜਵਾਨ ਪਿੰਡ ਦੀ ਕੁੜੀ ਨਾਲ ਵਿਆਹ ਕਰਾਉਂਦਾ ਹੈ ਤਾਂ ਉਸ ਨੂੰ ਪਿੰਡ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਹੋਵੇਗੀ।ਹਾਲ ਹੀ ਵਿੱਚ ਹੋਈਆਂ ਪੰਚਾਇਤ ਚੋਣਾਂ ਤੋਂ ਬਾਅਦ ਨਵੀਂ ਬਣੀ ਗਰਾਮ ਪੰਚਾਇਤ ਨੇ ਪਿੰਡ ਜਵਾਹਰਕੇ ਵਿੱਚ 24 ਨਵੰਬਰ ਨੂੰ ਇਹ ਮਤਾ ਪਾਸ ਕੀਤਾ ਹੈ।ਮਤੇ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਪਿੰਡ ਦਾ ਕੋਈ ਵੀ ਲੜਕਾ ਜਾਂ ਲੜਕੀ ਕਿਸੇ ਪਰਵਾਸੀ ਨਾਲ ਵਿਆਹ ਕਰਵਾਉਂਦੀ ਹੈ ਤਾਂ ਉਸ ਨੂੰ ਵੀ ਪਿੰਡ ਵਿੱਚ ਰਹਿਣ ਨਹੀਂ ਦਿੱਤਾ ਜਾਵੇਗਾ।ਇਸ ਤੋਂ ਇਲਾਵਾ ਕਈ ਹੋਰ ਵੀ ਮਤੇ ਪਾਸ ਕੀਤੇ ਗਏ ਹਨ, ਜਿਸ ਨੂੰ ਸਮਾਜ ਸੁਧਾਰ ਦਾ ਨਾਮ ਦਿੱਤਾ ਗਿਆ ਹੈ।ਪਾਏ ਗਏ ਮਤਿਆਂ ਉੱਪਰ ਪਿੰਡ ਦੀ ਸਰਪੰਚ ਰਣਵੀਰ ਕੌਰ ਸਮੇਤ ਸਮੂਹ ਨਵੇਂ ਚੁਣੇ ਗਏ ਪੰਚਾਂ ਦੇ ਮੋਹਰ ਅਤੇ ਦਸਤਖ਼ਤ ਹਨ।ਪਿੰਡ ਦੇ ਨੰਬਰਦਾਰ ਨਛੱਤਰ ਸਿੰਘ ਨੇ ਵੀ ਇਨਾਂ ਮਤਿਆਂ ਉੱਪਰ ਮੋਹਰ ਲਗਾ ਕੇ ਤੇ ਦਸਤਖ਼ਤ ਕਰਕੇ ਆਪਣੀ ਸਹਿਮਤੀ ਜਤਾਈ ਹੈ।ਭਾਵੇਂ ਪਿੰਡ ਦੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਇਹ ਪਿੰਡ ਦੇ ਵਿੱਚ ਸਮਾਜ ਸੁਧਾਰ ਲਈ ਇੱਕ ਚੰਗਾ ਕਦਮ ਹੈ ਪਰ ਪਿੰਡ ਦੇ ਬਹੁਤੇ ਲੋਕ ਇਸ ਬਾਰੇ ਖੁੱਲ੍ਹ ਕੇ ਬੋਲਣ ਨੂੰ ਹੀ ਤਿਆਰ ਨਹੀਂ ਹਨ।

**ਕੀ ਹਨ ਪੰਚਾਇਤੀ ਮਤੇ**

ਇਸ ਪਿੰਡ ਦੀ ਗਰਾਮ ਪੰਚਾਇਤ ਵੱਲੋਂ ਪਾਏ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ ਪਿੰਡ ਵਿੱਚ ਨਸ਼ੇ ਦਾ ਸੇਵਨ ਕਰਨ ਵਾਲੇ ਜਾਂ ਚਿੱਟਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਦੀ ਪੈਰਵੀ ਪਿੰਡ ਦਾ ਕੋਈ ਪੰਚ-ਸਰਪੰਚ ਨਹੀਂ ਕਰੇਗਾ।ਇਸੇ ਤਰ੍ਹਾਂ ਸਕੂਲੀ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਕੋਈ ਵੀ ਦੁਕਾਨਦਾਰ ਤੰਬਾਕੂ ਜਾਂ ਐਨਰਜੀ ਡਰਿੰਕ ਨਹੀਂ ਵੇਚ ਸਕੇਗਾ।ਪਿੰਡ ਦੀ ਪੰਚਾਇਤ ਦਾ ਕਹਿਣਾ ਹੈ ਕਿ ਐਨਰਜੀ ਡਰਿੰਕ ਦੀ ਆੜ ਹੇਠ ਕੁਝ ਦੁਕਾਨਦਾਰਾਂ ਵੱਲੋਂ ਨਸ਼ੇ ਵਾਲੇ ਤਰਲ ਪਦਾਰਥ ਵੇਚੇ ਜਾ ਰਹੇ ਹਨ, ਜੋ ਬਾਅਦ ਵਿਚ ਨੌਜਵਾਨਾਂ ਨੂੰ ਨਸ਼ੇ ਦਾ ਆਦੀ ਬਣਾਉਂਦੇ ਹਨ।ਪੰਚਾਇਤ ਦਾ ਕਹਿਣਾ ਹੈ ਕਿ ਇਸ ਮਤੇ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਦੁਕਾਨਦਾਰ ਨੂੰ 15 ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਵੇਗਾ।ਇਸ ਤੋਂ ਇਲਾਵਾ ਸਕੂਲ ਟਾਈਮ ਦੌਰਾਨ ਕੋਈ ਵੀ ਨੌਜਵਾਨ ਜਾਂ ਪਿੰਡ ਦਾ ਵਿਅਕਤੀ ਬਿਨਾਂ ਕੰਮ ਤੋਂ ਚੌਰਾਹੇ ਜਾਂ ਗਲੀਆਂ ਵਿੱਚ ਨਹੀਂ ਖੜ੍ਹ ਸਕਦਾ।ਅਜਿਹਾ ਕਰਨ ਦੀ ਸੂਰਤ ਵਿੱਚ ਪੰਚਾਇਤ ਵੱਲੋਂ ਵੱਡਾ ਜੁਰਮਾਨਾ ਕੀਤਾ ਜਾ ਸਕਦਾ ਹੈ।ਪਿੰਡ ਦੇ ਲੋਕਾਂ ਦਾ ਮੰਨਣਾ ਹੈ ਕਿ ਸਕੂਲ ਟਾਈਮ ਸਮੇਂ ਜਦੋਂ ਕੁੜੀਆਂ ਸਕੂਲ ਜਾਂਦੀਆਂ ਹਨ ਅਤੇ ਅਜਿਹੇ ਵਿੱਚ ਕਈ ਵਾਰ ਕੁਝ ਮੁਸ਼ਟੰਡੇ ਕਿਸਮ ਦੇ ਲੋਕ ਉਨਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਯਤਨ ਕਰਦੇ ਹਨ।ਇਸੇ ਤਰ੍ਹਾਂ ਪਿੰਡ ਵਿੱਚ ਵਿਆਹ-ਸ਼ਾਦੀਆਂ ਸਮੇਂ ਸਪੀਕਰ ਵਜਾਉਣ ਦਾ ਸਮਾਂ ਤੈਅ ਕੀਤਾ ਗਿਆ ਹੈ।ਇਸ ਤੋਂ ਇਲਾਵਾ ਪਿੰਡ ਵਿੱਚ ਬਣੀਆਂ ਸਰਕਾਰੀ ਇਮਾਰਤਾਂ ਵਿੱਚ ਬਿਨਾਂ ਕੰਮ ਤੋਂ ਬੈਠਣ ਅਤੇ ਉੱਥੇ ਨਸ਼ੇ ਦਾ ਸੇਵਨ ਕਰਨ ਵਾਲਿਆਂ ਉੱਪਰ ਸਖ਼ਤ ਨਿਗਰਾਨੀ ਰੱਖਣ ਦੀ ਗੱਲ ਕਹੀ ਗਈ ਹੈ।

**ਪਿੰਡ ਵਿੱਚ ਵਿਆਹ ਕਰਵਾਉਣ ਦਾ ਕੀ ਹੈ ਮਾਮਲਾ**

ਪਿੰਡ ਦੀ ਪੰਚਾਇਤ ਵੱਲੋਂ ਪਾਏ ਗਏ ਮਤਿਆਂ ਉੱਪਰ ਪਿੰਡ ਦੇ ਮੋਹਤਬਾਰਾਂ ਦਾ ਕਹਿਣਾ ਹੈ ਕਿ ਇਹ ਸਮਾਜ ਸੁਧਾਰ ਲਈ ਇੱਕ ਚੰਗਾ ਕਦਮ ਮੰਨਿਆ ਜਾ ਸਕਦਾ ਹੈ।ਜਿੱਥੋਂ ਤੱਕ ਪਿੰਡ ਦੇ ਨੌਜਵਾਨ ਵੱਲੋਂ ਪਿੰਡ ਵਿੱਚ ਹੀ ਵਿਆਹ ਕਰਵਾਉਣ ਜਾਂ ਪਰਵਾਸੀ ਨਾਲ ਵਿਆਹ ਕਰਵਾਉਣ ਦੀ ਗੱਲ ਹੈ, ਉਸ ਉੱਪਰ ਪਿੰਡ ਦੇ ਲੋਕਾਂ ਨੇ ਆਪਣੀ ਰਾਏ ਰੱਖੀ ਹੈ।ਗਰਾਮ ਪੰਚਾਇਤ ਵੱਲੋਂ ਇਸ ਸੰਦਰਭ ਵਿੱਚ ਪਾਏ ਗਏ ਮਤੇ ਵਿੱਚ ਕਿਹਾ ਗਿਆ ਹੈ ਕਿ ਅਜਿਹੇ ਵਿਆਹ ਕਰਵਾਉਣ ਵਾਲੇ ਲੋਕਾਂ ਦਾ ਬਾਈਕਾਟ ਕੀਤਾ ਜਾਵੇਗਾ।ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਪਿਛਲੇ ਅਰਸੇ ਦੌਰਾਨ ਪਿੰਡ ਦੇ ਕੁਝ ਨੌਜਵਾਨਾ ਵੱਲੋਂ ਪਿੰਡ ਦੀਆਂ ਕੁੜੀਆਂ ਨਾਲ ਹੀ ਵਿਆਹ ਕਰਵਾਏ ਗਏ ਹਨ।ਪਿੰਡ ਵਾਸੀਆਂ ਅਨੁਸਾਰ ਵਿਆਹ ਕਰਵਾਉਣ ਤੋਂ ਬਾਅਦ ਇਹ ਜੋੜੇ ਇਸੇ ਪਿੰਡ ਵਿੱਚ ਵਸ ਗਏ।ਪਿੰਡ ਦੀ ਪੰਚਾਇਤ ਵੱਲੋਂ ਪਿੰਡ ਵਿੱਚ ਹੀ ਵਿਆਹ ਕਰਵਾਉਣ ਜਾਂ ਪਰਵਾਸੀ ਲੋਕਾਂ ਨਾਲ ਵਿਆਹ ਕਰਾਉਣ ਉੱਪਰ ਪਿੰਡ ਦੇ ਲੋਕ ਕੈਮਰੇ ਉੱਪਰ ਬੋਲਣ ਲਈ ਤਿਆਰ ਨਹੀਂ ਹਨ।ਸੁਖਦੇਵ ਸਿੰਘ ਪਿੰਡ ਦੀ ਲੋਕਲ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ।ਉਹ ਕਹਿੰਦੇ ਹਨ ਕਿ ਪੰਜਾਬੀ ਸੱਭਿਆਚਾਰ ਦਾ ਆਪਣਾ ਇੱਕ ਅਮੀਰ ਵਿਰਸਾ ਹੈ।ਅੱਜ ਸਾਡੇ ਨੌਜਵਾਨ ਵਰਗ ਨੂੰ ਚੰਗੀ ਸੇਧ ਦੇਣ ਦੀ ਲੋੜ ਹੈ। ਨਸ਼ੇ ਸਾਡੇ ਸਮਾਜ ਲਈ ਗੰਭੀਰ ਖ਼ਤਰਾ ਹਨ। ਸਾਡੇ ਪਿੰਡ ਵਿੱਚ ਹੀ ਚਿੱਟੇ ਕਾਰਨ ਕਈ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ।ਪਿੰਡ ਵਾਸੀਆਂ ਦੀ ਚਿੰਤਾ ਕੀ ਹੈ- ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਪਿੰਡ ਜਵਾਹਰਕੇ ਤੋਂ ਮਾਨਸਾ ਸ਼ਹਿਰ ਦੀ ਦੂਰੀ ਸਿਰਫ ਤਿੰਨ ਕਿਲੋਮੀਟਰ ਹੈ।ਪਿੰਡ ਦੇ ਲੋਕ ਅਤੇ ਨੌਜਵਾਨ ਮੁੰਡੇ-ਕੁੜੀਆਂ ਰੁਜ਼ਗਾਰ ਲਈ ਸ਼ਹਿਰ ਆਉਂਦੇ ਜਾਂਦੇ ਰਹਿੰਦੇ ਹਨ।ਪਿੰਡ ਜਵਾਹਰਕੇ ਦੇ ਐਨ ਵਿਚਕਾਰ ਬਣੀ ਧਰਮਸ਼ਾਲਾ ਵਿੱਚ ਬਣੇ ਥੜ੍ਹੇ ਉੱਪਰ ਕੁਝ ਬਜ਼ੁਰਗ ਬੈਠੇ ਹੋਏ ਹਨ।ਪੰਚਾਇਤ ਵੱਲੋਂ ਪਾਏ ਗਏ ਮਤਿਆਂ ਬਾਰੇ ਗੱਲ ਕਰਨ ਦਾ ਯਤਨ ਕੀਤਾ ਗਿਆ ਤਾਂ ਉਹ ਇਕਦਮ ਚੁੱਪ ਹੋ ਗਏ।ਇਧਰ-ਉਧਰ ਦੀਆਂ ਗੱਲਾਂ ਕਰਨ ਤੋਂ ਬਾਅਦ ਇੱਕ ਬਜ਼ੁਰਗ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਤੇ ਕਿਹਾ ਕਿ ਪਿੰਡ ਦੇ ਮੁੰਡੇ ਕੁੜੀਆਂ ਵੱਲੋਂ ਆਪਸ ਵਿੱਚ ਕਰਵਾਏ ਜਾ ਰਹੇ ਵਿਆਹ ਸਾਡੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹਨ।ਇਸ ਬਜ਼ੁਰਗ ਨੇ ਕਿਹਾ ਜੇਕਰ ਮੈਂ ਇਨਾਂ ਵਿਆਹਾਂ ਬਾਰੇ ਕੁਝ ਖੁੱਲ ਕੇ ਬੋਲਿਆ ਤਾਂ ਅਜਿਹੇ ਲੋਕ ਮੇਰੇ ਪਿੱਛੇ ਹੱਥ ਧੋ ਕੇ ਪੈ ਜਾਣਗੇ।ਆਪਣੀ ਗੱਲ ਜਾਰੀ ਰੱਖਦੇ ਹੋਏ ਉਹ ਕਹਿੰਦੇ ਹਨ, ਅਜਿਹੇ ਵਿਆਹ ਕਰਵਾਉਣ ਵਾਲੇ ਨੌਜਵਾਨ ਇੱਕ ਖਾਸ ਬਰਾਦਰੀ ਨਾਲ ਸਬੰਧਤ ਹਨ। ਪਿੰਡ ਵਿੱਚ ਹੋਣ ਵਾਲੇ ਵਿਆਹ ਸਾਡੀਆਂ ਧੀਆਂ-ਭੈਣਾਂ ਲਈ ਇੱਕ ਖਤਰਾ ਹਨ।ਅਸੀਂ ਨਹੀਂ ਚਾਹੁੰਦੇ ਕਿ ਕੱਲ ਨੂੰ ਸਾਡੀਆਂ ਕੁੜੀਆਂ ਵੀ ਅਜਿਹੇ ਵਿਆਹ ਕਰਵਾਉਣ। ਵੇ ਰਿਹਾ ਕਿਧਰੇ ਹੁੰਦਾ ਹੈ ਤਾਂ ਇਹ ਸਾਡੇ ਲਈ ਮਰਨ ਦੇ ਬਰਾਬਰ ਹੋਵੇਗਾ।ਹਾਂ, ਵੱਡੇ ਹੋਣ ਦੇ ਨਾਤੇ ਸਾਡਾ ਫਰਜ਼ ਹੈ ਕਿ ਅਸੀਂ ਨੌਜਵਾਨਾਂ ਨੂੰ ਚੰਗੇ ਰਸਤੇ ਵੱਲ ਤੋਰਨ ਦਾ ਯਰਨ ਕਰੀਏ।ਹਰਦੀਪ ਸਿੰਘ ਪਿੰਡ ਦੇ ਨੌਜਵਾਨ ਸਮਾਜ ਸੇਵੀਆ ਆਗੂ ਹਨ।ਉਹ ਕਹਿੰਦੇ ਹਨ ਕਿ ਪਿੰਡ ਵਾਸੀਆਂ ਨੂੰ ਇਸ ਵਾਰ ਨਵੀਂ ਬਣੀ ਪੰਚਾਇਤ ਤੋਂ ਚੰਗੀਆਂ ਹਨ।ਹਰਦੀਪ ਸਿੰਘ ਕਹਿੰਦੇ ਹਨ, ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਪਿੰਡ ਦੀ ਪੰਚਾਇਤ ਨੇ ਅਜਿਹੇ ਮਤੇ ਪਾਏ ਹੋਣ, ਜੋ ਸਮਾਜ ਲਈ ਸੁਧਾਰ ਦਾ ਕੰਮ ਕਰਦੇ ਹੋਏ ਨਜ਼ਰ ਆਉਂਦੇ ਹੋਣ।ਪਿੰਡ ਦੇ ਮੁੰਡੇ ਕੁੜੀਆਂ ਦਾ ਪ੍ਰਵਾਸੀਆਂ ਨਾਲ ਵਿਆਹ ਕਰਾਉਣ ਉੱਪਰ ਰੋਕ ਲਗਾਉਣਾ ਇੱਕ ਸ਼ਲਾਘਾਯੋਗ ਕਦਮ ਹੈ। ਇਹ ਪੰਜਾਬੀ ਸੱਭਿਆਚਾਰ ਲਈ ਇੱਕ ਨਰੋਈ ਸੇਧ ਸਿੱਧ ਹੋਵੇਗਾ।ਇੱਥੇ ਇਹ ਦੱਸਣਾ ਬਣਦਾ ਹੈ ਕਿ ਪਿੰਡ ਵਾਸੀਆਂ ਅਨੁਸਾਰ ਇਸ ਵੇਲੇ ਪਿੰਡ ਜਵਾਹਰਕੇ ਵਿੱਚ ਭਾਰਤ ਦੇ ਦੂਸਰੇ ਹਿੱਸਿਆਂ ਜਿਵੇਂ ਬਿਹਾਰ, ਬੰਗਾਲ, ਉੱਤਰ ਪ੍ਰਦੇਸ਼ ਜਾਂ ਹੋਰਨਾਂ ਸੂਬਿਆਂ ਤੋਂ ਆ ਕੇ ਕੋਈ ਵੀ ਪਰਵਾਸੀ ਨਹੀਂ ਵਸਿਆ ਹੈ।

**ਨਸ਼ਿਆਂ ਵਾਲੇ ਮਤੇ ਉੱਪਰ ਪਿੰਡ ਵਾਸੀਆਂ ਦਾ ਵਿਚਾਰ**

ਹਰਦੀਪ ਸਿੰਘ ਕਹਿੰਦੇ ਹਨ, ਸਭ ਤੋਂ ਅਹਿਮ ਫੈਸਲਾ ਪੰਚਾਇਤ ਨੇ ਨਸ਼ਿਆਂ ਦੇ ਸਬੰਧ ਵਿੱਚ ਲਿਆ ਹੈ। ਨੌਜਵਾਨ ਨਸ਼ਿਆਂ ਨਾਲ ਮਰ ਰਹੇ ਹਨ ਤੇ ਅਜਿਹੇ ਵਿੱਚ ਇਹ ਅਹਿਮ ਕਦਮ ਹੈ।ਜਦੋਂ ਨਸ਼ੇ ਖਾਣ ਜਾਂ ਵੇਚਣ ਵਾਲੇ ਮਗਰ ਪੰਚਾਇਤ ਦਾ ਕੋਈ ਵੀ ਬੰਦਾ ਜਾਂ ਨੰਬਰਦਾਰ ਵਗੈਰਾ ਨਹੀਂ ਜਾਵੇਗਾ ਤਾਂ ਕਿਸੇ ਦੀ ਕੀ ਜ਼ੁਰਅਤ ਹੈ ਕਿ ਉਹ ਪਿੰਡ ਵਿਚ ਚਿੱਟਾ ਵੇਚ ਸਕੇ।ਰਜਿੰਦਰ ਸਿੰਘ ਪਿੰਡ ਜਵਾਹਰਕੇ ਦੇ ਸਾਬਕਾ ਸਰਪੰਚ ਹਨ। ਇਸ ਤੋਂ ਇਲਾਵਾ ਉਹ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੀਨੀਅਰ ਵੀ ਆਗੂ ਹਨ।ਉਹ ਪਿੰਡ ਦੀ ਗਰਾਮ ਪੰਚਾਇਤ ਵੱਲੋਂ ਨਸ਼ਿਆਂ ਖਿਲਾਫ ਪਾਏ ਗਏ ਮਤੇ ਨੂੰ ਸਭ ਤੋਂ ਅਹਿਮ ਮੰਨਦੇ ਹਨ।

# ਉਹ ਮੁਲਕ ਜੋ ਮੁਫ਼ਤ ਉਚੇਰੀ ਸਿੱਖਿਆ ਦੇ ਨਾਲ ਵਰਕ ਪਰਮਿਟ ਤੇ ਪੀਆਰ ਦੀ ਸਹੂਲਤ ਦਿੰਦੇ ਹਨ

ਕੈਨੇਡਾ ਅਤੇ ਅਮਰੀਕਾ ਵਲੋਂ ਪਰਵਾਸ ਨੀਤੀਆਂ ਵਿੱਚ ਕੀਤੇ ਜਾ ਰਹੇ ਬਦਲਾਵਾਂ ਅਤੇ ਸਖ਼ਤੀ ਦੇ ਮੱਦੇਨਜ਼ਰ ਕੌਮਾਂਤਰੀ ਵਿਦਿਆਰਥੀ ਹੁਣ ਯੂਰਪ ਸਣੇ ਦੂਜੇ ਮੁਲਕਾਂ ਦਾ ਰੁਖ਼ ਕਰਨ ਲੱਗੇ ਹਨ।

ਕੈਨੇਡਾ, ਭਾਰਤ ਸਣੇ ਹੋਰ ਕਈ ਮੁਲਕਾਂ ਤੋਂ ਜਾਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੀ ਪਹਿਲੀ ਪਸੰਦ ਰਿਹਾ ਹੈ। ਇਸ ਦਾ ਕਾਰਨ ਵਿਦਿਆਰਥੀ ਵੀਜ਼ੇ ਉੱਤੇ ਜਾ ਕੇ ਵਰਕ ਪਰਮਿਟ ਲੈਣ ਅਤੇ ਪੱਕੇ ਵੱਸਣ ਦਾ ਸੁਖਾਲਾ ਰਾਹ ਸੀ।ਪਰ ਪਿਛਲੇ ਕਰੀਬ ਇੱਕ ਸਾਲ ਦੌਰਾਨ ਕੈਨੇਡਾ ਵਲੋਂ ਕੀਤੇ ਗਏ ਵੱਡੇ ਬਦਲਾਵਾਂ ਕਾਰਨ ਹੁਣ ਹਾਲਾਤ ਬਦਲ ਚੁੱਕੇ ਹਨ।ਜਿੱਥੇ ਕੈਨੇਡਾ ਨੇ ਕੌਮਾਂਤਰੀ ਵਿਦਿਆਰਥੀਆਂ ਨੂੰ ਲੈ ਕੇ ਨਿਯਮਾਂ ਵਿੱਚ ਤਬਦੀਲੀ ਕੀਤੀ ਹੈ। ਇਸੇ ਤਰ੍ਹਾਂ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੌਨਲਡ ਟਰੰਪ ਵੀ ਪਰਵਾਸ ਨੀਤੀ ਉੱਤੇ ਸਖ਼ਤੀ ਕਰਨ ਦਾ ਐਲਾਨ ਕਰ ਚੁੱਕੇ ਹਨ।ਯੂਕੇ ਪਹਿਲਾਂ ਹੀ ਪਰਵਾਸੀਆਂ ਨੂੰ ਲੈ ਕੇ ਕਈ ਸਖ਼ਤ ਕਦਮ ਚੁੱਕ ਰਿਹਾ ਹੈ। ਇਸੇ ਤਰ੍ਹਾਂ ਆਸਟ੍ਰੇਲੀਆ ਨੇ ਵੀ ਕੁਝ ਬਦਲਾਅ ਕੀਤੇ ਹਨ।ਇਨ੍ਹਾਂ ਦੇਸਾਂ ਦੇ ਲਗਾਤਾਰ ਬਦਲਦੇ ਨਿਯਮਾਂ ਕਾਰਨ ਵਿਦਿਆਰਥੀਆਂ ਵਿਚਾਲੇ ਅਨਿਸ਼ਚਤਤਾ ਦਾ ਮਾਹੌਲ ਵੀ ਵੇਖਿਆ ਗਿਆ।ਹਾਲਾਤ ਦੇ ਮੱਦੇਨਜ਼ਰ ਅਸੀਂ ਕੁਝ ਮਾਹਰਾਂ ਨਾਲ ਗੱਲਬਾਤ ਕਰਕੇ ਇਹ ਸਮਝਣ ਦੀ ਕੋਸ਼ਿਸ਼ ਕੀਤੀ ਕਿ ਹੋਰ ਕਿਹੜੇ ਦੇਸ ਹਨ, ਜਿੱਥੋਂ ਦੇ ਵਿਦਿਆਰਥੀ ਵੀਜ਼ਾ ਨਿਯਮ ਹਾਲੇ ਸੁਖਾਲੇ ਹਨ।ਸਭ ਤੋਂ ਵੱਧ ਕਿੱਥੇ ਜਾਂਦੇ ਹਨ ਭਾਰਤੀ ਵਿਦਿਆਰਥੀ ਪਹਿਲਾਂ ਇਹ ਜਾਣਦੇ ਹਾਂ ਕਿ ਹੁਣ ਤੱਕ ਭਾਰਤੀ ਵਿਦਿਆਰਥੀ ਸਭ ਤੋਂ ਜ਼ਿਆਦਾ ਕਿਹੜੇ ਮੁਲਕਾਂ ਵਿੱਚ ਜਾਣ ਨੂੰ ਤਰਜੀਹ ਦਿੰਦੇ ਰਹੇ ਹਨ।ਵਿਦੇਸ਼ ਮੰਤਰਾਲੇ ਵੱਲੋਂ ਰਾਜ ਸਭਾ ਵਿੱਚ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ, ਸਾਲ 2024 ਵਿੱਚ 13,35,878 ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ ਵਿੱਚ ਪੜ੍ਹਣ ਲਈ ਗਏ ਹਨ।ਸਭ ਤੋਂ ਜ਼ਿਆਦਾ ਭਾਰਤੀ ਕੈਨੇਡਾ ਵਿੱਚ ਪੜ੍ਹਣ ਗਏ ਹਨ, ਇਹ ਗਿਣਤੀ 4,27,000 ਬਣਦੀ ਹੈ।ਦੂਜੇ ਨੰਬਰ 'ਤੇ ਆਉਂਦਾ ਹੈ ਅਮਰੀਕਾ, ਜਿੱਥੇ ਇਸ ਸਾਲ 3,37,630 ਵਿਦਿਆਰਥੀ ਉਚੇਰੀ ਸਿੱਖਿਆ ਲਈ ਗਏ ਹਨ।ਤੀਜੇ ਨੰਬਰ 'ਤੇ ਆਉਂਦਾ ਹੈ ਯੂਕੇ, ਜਿੱਥੇ 1,85,000 ਵਿਦਿਆਰਥੀ ਪੜ੍ਹਣ ਲਈ ਗਏ ਹਨ।ਚੌਥੇ ਨੰਬਰ 'ਤੇ 1,22,202 ਵਿਦਿਆਰਥੀਆਂ ਨਾਲ ਆਸਟ੍ਰੇਲੀਆ ਹੈ।



**ਪੰਜਵੇ ਨੰਬਰ 'ਤੇ ਜਰਮਨੀ ਹੈ, ਜਿੱਥੇ 42,997 ਵਿਦਿਆਰਥੀ ਗਏ**

ਰਾਜ ਸਭਾ ਵਿੱਚ ਜਾਰੀ ਕੀਤੇ ਗਏ ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਸਾਲ 2019 ਵਿੱਚ 6,75,541 ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਣ ਲਈ ਗਏ ਸਨ, ਜਦਕਿ 2024 ਵਿੱਚ 13,35,878 ਵਿਦਿਆਰਥੀ ਹੋਰ ਦੇਸ਼ਾਂ ਵਿੱਚ ਪੜ੍ਹਾਈ ਲਈ ਗਏ।ਇਨ੍ਹਾਂ ਅੰਕੜਿਆਂ ਤੋਂ ਸਾਫ ਹੁੰਦਾ ਹੈ ਕਿ ਵਿਦੇਸ਼ 'ਚ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਰੀਬ ਦੁੱਗਣਾ ਵਾਧਾ ਹੋਇਆ ਹੈ। ਹਾਲਾਂਕਿ ਮੰਤਰਾਲੇ ਕੋਲ ਸੂਬੇ ਦੇ ਆਧਾਰ 'ਤੇ ਕੋਈ ਡਾਟਾ ਨਹੀਂ ਹੈ ਕਿ ਕਿਹੜੇ ਸੂਬੇ ਤੋਂ ਕਿੰਨੇ ਨੌਜਵਾਨ ਪੜ੍ਹਾਈ ਲਈ ਬਾਹਰੇ ਮੁਲਕਾਂ ਵਿੱਚ ਗਏ ਹਨ।

**ਕਿਹੜੇ ਮੁਲਕਾਂ ਦੇ ਨਿਯਮ ਵਿਦਿਆਰਥੀਆਂ ਲਈ ਸੁਖਾਲੇ**

ਅਸੀਂ ਮਾਹਰਾਂ ਨਾਲ ਗੱਲਬਾਤ ਕਰਕੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਦੁਨੀਆਂ ਦੇ ਉਹ ਕਿਹੜੇ ਦੇਸ਼ ਹਨ, ਜੋ ਵਿਦਿਆਰਥੀਆਂ ਲਈ ਚੰਗਾ ਬਦਲ ਹੋ ਸਕਦੇ ਹਨ।ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਕੰਸਲਟੈਂਟ ਰਵਪ੍ਰੀਤ ਸਿੰਘ ਮੱਕੜ ਦੱਸਦੇ ਹਨ ਕਿ ਹੁਣ ਵਿਦਿਆਰਥੀਆਂ ਲਈ ਯੂਰਪੀ ਦੇਸ਼ ਕਾਫੀ ਚੰਗਾ ਬਦਲ ਹੋ ਸਕਦੇ ਹਨ।ਉਹ ਕਹਿੰਦੇ ਹਨ ਕਿ ਇਟਲੀ, ਜਰਮਨੀ, ਫਿਨਲੈਂਡ, ਸਵੀਡਨ ਅਤੇ ਡੈਨਮਾਰਕ ਵਰਗੇ ਦੇਸ਼ਾਂ ਦੇ ਨਿਯਮ ਵਿਦਿਆਰਥੀਆਂ ਲਈ ਸੁਖਾਲੇ ਹਨ। ਇਹ ਦੇਸ਼ ਵਰਕ ਪਰਮਿਟ ਵੀ ਦਿੰਦੇ ਹਨ ਅਤੇ ਪਰਮਾਨੈਂਟ ਰੈਜ਼ੀਡੈਂਸ ਦੇ ਕਈ ਵਿਕਲਪ ਵੀ ਇੱਥੇ ਮੌਜੂਦ ਹਨ। ਕਈ ਯੂਰਪੀ ਦੇਸ਼ ਜਿਵੇਂ ਕਿ ਸਵੀਡਨ ਸਪਾਊਸ ਨੂੰ ਨਾਲ ਲਿਜਾਣ ਦੀ ਤਜਵੀਜ਼ ਵੀ ਰੱਖਦੇ ਹਨ।ਕੁਝ ਯੂਨੀਵਰਸਿਟੀਆਂ ਮੁਫ਼ਤ ਵਿੱਚ ਵੀ ਮਾਸਟਰ ਡਿਗਰੀਆਂ ਕਰਵਾਉਂਦੀਆਂ ਹਨ, ਹਾਲਾਂਕਿ ਇਸ ਵਿੱਚ ਵਿਦਿਆਰਥੀਆਂ ਨੂੰ ਭਾਸ਼ਾ ਦੀ ਦਿੱਕਤ ਜ਼ਰੂਰ ਆ ਸਕਦੀ ਹੈ।ਉਹ ਕਹਿੰਦੇ ਹਨ, ਯੂਰਪੀ ਦੇਸ਼ਾਂ ਨੇ ਵਿਦਿਆਰਥੀਆਂ ਲਈ ਆਪਣੇ ਬੂਹੇ ਖੁੱਲ੍ਹੇ ਰੱਖੇ ਹੋਏ ਹਨ। ਬਸ ਸਾਨੂੰ ਪੂਰੀ ਰਿਸਰਚ ਕਰਨ ਦੀ ਲੋੜ ਹੈ ਕਿ ਸਾਡਾ ਟੀਚਾ ਕੀ ਹੈ। ਅਸੀਂ ਅਸਲ ਵਿੱਚ ਕੀ ਕਰਨਾ ਚਾਹੁੰਦੇ ਹਾਂ, ਕਿਹੜੇ ਕੋਰਸ ਅਸੀਂ ਕਰਨਾ ਚਾਹੁੰਦੇ ਹਾਂ ਜਾਂ ਫਿਰ ਸਾਡਾ ਟੀਚਾ ਪਰਮਾਨੈਂਟ ਸੈਟਲਮੈਂਟ ਦਾ ਹੀ ਹੈ, ਫਿਰ ਕੋਰਸ ਭਾਵੇਂ ਕੋਈ ਵੀ ਹੋਵੇ। ਉਹ ਮੰਨਦੇ ਹਨ ਕਿ ਵਿਦਿਆਰਥੀਆਂ ਉੱਤੇ ਮਾਪਿਆਂ ਵੱਲੋਂ ਵੀ ਵਿਦੇਸ਼ ਜਾਣ ਦਾ ਬਹੁਤ ਦਬਾਅ ਪਾਇਆ ਜਾਂਦਾ ਹੈ, ਜਿਸ ਕਾਰਨ ਕਈ ਵਾਰ ਸਹੀ ਫੈਸਲੇ ਨਹੀਂ ਲਏ ਜਾਂਦੇ। ਇਸ ਲਈ ਦੇਖਣਾ ਚਾਹੀਦਾ ਹੈ ਕਿ ਬੱਚਾ ਕਦੋਂ ਵਿਦੇਸ਼ ਜਾਣ ਲਈ ਤਿਆਰ ਹੈ ਅਤੇ ਅਸਲ ਵਿੱਚ ਉਹ ਕਰਨਾ ਕੀ ਚਾਹੁੰਦਾ ਹੈ।ਸੀਅ ਵੇਅ ਕੰਸਲਟੈਂਟ ਦੇ ਮੈਨੇਜਿੰਗ ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪਿਛਲੇ ਹਫਤੇ ਪੰਜਾਬ ਦੇ ਕਈ ਇਮੀਗ੍ਰੇਸ਼ਨ ਅਤੇ ਵੀਜ਼ਾ ਕੰਸਲਟੈਂਟਸ ਦੀ ਮੀਟਿੰਗ ਹੋਈ ਜਿੱਥੇ ਇਸ ਮੁੱਦੇ ਨੂੰ ਕਾਫੀ ਬਾਰੀਕੀ ਨਾਲ ਟਟੋਲਿਆ ਗਿਆ।ਉਨ੍ਹਾਂ ਦੱਸਿਆ, ਅਸੀਂ ਵਿਦਿਆਰਥੀਆਂ ਲਈ ਹੋਰ ਵਿਕਲਪ ਲੱਭਣ ਦੀ ਕੋਸ਼ਿਸ਼ ਕੀਤੀ, ਜਿੱਥੇ ਪੀਆਰ ਅਤੇ ਵਰਕ ਪਰਮਿਟ ਦੀਆਂ ਆਸਾਨ ਸ਼ਰਤਾਂ ਹਨ। ਸਭ ਦੀ ਸਹਿਮਤੀ ਯੂਰਪੀ ਦੇਸ਼ਾਂ 'ਤੇ ਬਣੀ। ਉਹ ਕਹਿੰਦੇ, ਇਟਲੀ, ਜਰਮਨੀ, ਸਪੇਨ ਅਜਿਹੇ ਯੂਰਪੀ ਦੇਸ਼ ਹਨ, ਜੋ ਵਿਦਿਆਰਥੀਆਂ ਲਈ ਚੰਗਾ ਬਦਲ ਸਾਬਤ ਹੋ ਸਕਦੇ ਹਨ। ਪਹਿਲਾਂ ਸਮਝਣਾ ਹੋਵੇਗਾ ਕਿ ਵਿਦਿਆਰਥੀ ਚਾਹੁੰਦੇ ਕੀ ਹਨ ? ਕੀ ਉਨ੍ਹਾਂ ਦਾ ਟੀਚਾ ਲੌਂਗ ਟਰਮ ਸੈਟਲਮੈਂਟ ਹੈ।

# ਕੈਨੇਡਾ ’ਚ ਭਾਰਤੀ ਕੂਟਨੀਤਕਾਂ ’ਤੇ ਨਿਗਰਾਨੀ ਬਾਰੇ ਮੋਦੀ ਸਰਕਾਰ ਨੇ ਸੰਸਦ ’ਚ ਕੀ ਕਿਹਾ



## ਡਿਪਲੋਮੈਟਾਂ ਦੀ ਸੁਰੱਖਿਆ ’ਤੇ ਕੀ ਕਿਹਾ ਗਿਆ

ਕੀਰਤੀ ਵਰਧਨ ਸਿੰਘ ਨੂੰ ਇੱਕ ਹੋਰ ਸਵਾਲ ਪੁੱਛਿਆ ਗਿਆ ਕਿ ਕੈਨੇਡਾ ਨਾਲ ਮੁੱਦਿਆਂ ਦੇ ਹੱਲ ਲਈ ਕੀ ਕਦਮ ਚੁੱਕੇ ਗਏ ਅਤੇ ਕੀ ਇਹ ਸੱਚ ਹੈ ਕਿ ਕੈਨੇਡੀਅਨ ਸਰਕਾਰ ਨੇ ਭਾਰਤੀ ਦੂਤਾਵਾਸ ਅਤੇ ਡਿਪਲੋਮੈਟਾਂ ਨੂੰ ਘੱਟੋ-ਘੱਟ ਸੁਰੱਖਿਆ ਪ੍ਰਦਾਨ ਕਰਨ ਲਈ ‘ਆਪਣੀ ਅਸਮਰੱਥਾ ਜ਼ਾਹਰ ਕੀਤੀ’ ਸੀ।ਲਿਖਤੀ ਜਵਾਬ ਵਿੱਚ ਕਿਹਾ ਗਿਆ ਹੈ, ਇਸ ਸਬੰਧ ਵਿੱਚ, ਭਾਰਤ ਸਰਕਾਰ ਨੇ ਕੈਨੇਡਾ ਸਰਕਾਰ ਨੂੰ ਲਗਾਤਾਰ ਅਪੀਲ ਕੀਤੀ ਹੈ ਕਿ ਉਹ ਉੱਥੇ ਕੰਮ ਕਰ ਰਹੇ ਭਾਰਤ ਵਿਰੋਧੀ ਤੱਤਾਂ ਖ਼ਿਲਾਫ਼ ਤੁਰੰਤ ਅਤੇ ਪ੍ਰਭਾਵੀ ਕਾਰਵਾਈ ਕਰੇ। ਜਵਾਬ ਵਿੱਚ ਕਿਹਾ ਗਿਆ, ਸਾਡੇ ਆਗੂਆਂ ਦੇ ਕਤਲ ਬਾਰੇ ਮਾਣ ਨਾਲ ਗੱਲ ਕਰਨ ਵਾਲੇ ਤੇ ਸਾਡੇ ਮੌਜੂਦਾ ਸਿਆਸੀ ਆਗੂਆਂ ਅਤੇ ਕੂਟਨੀਤਿਕਾਂ ਨੂੰ ਦੇਣ ਵਾਲੇ ਵੱਖਵਾਦੀ ਅਤੇ ਕੱਟੜਪੰਥੀ ਤੱਤਾਂ ਨੂੰ ਰੋਕਿਆ ਜਾਵੇ। ਨਾਲ ਹੀ, ਉਨ੍ਹਾਂ ਨੂੰ ਧਾਰਮਿਕ ਸਥਾਨਾਂ ਦੀ ਭੰਨਤੋੜ ਕਰਨ ਅਤੇ ਅਖੌਤੀ ਜਨਮਤ ਸੰਗ੍ਰਹਿ ਜ਼ਰੀਏ ਭਾਰਤ ਦੀ ਵੰਡ ਦਾ ਸਮਰਥਨ ਕਰਨ ਤੋਂ ਰੋਕਿਆ ਜਾਣਾ ਚਾਹੀਦਾ ਹੈ।ਕੇਂਦਰੀ ਮੰਤਰੀ ਨੇ ਆਪਣੇ ਲਿਖਤੀ ਜਵਾਬ ਵਿੱਚ ਇਹ ਵੀ ਕਿਹਾ, ਕੈਨੇਡੀਅਨ ਅਧਿਕਾਰੀ ਭਾਰਤੀ ਕੂਟਨੀਤਿਕਾਂ ਅਤੇ ਡਿਪਲੋਮੈਟਿਕ ਜਾਇਦਾਦਾਂ ਨੂੰ ਸੁਰੱਖਿਆ ਪ੍ਰਦਾਨ ਕਰ ਰਹੇ ਹਨ, ਪਰ ਹਾਲ ਹੀ ਵਿੱਚ ਉਨ੍ਹਾਂ ਨੇ ਵੱਖਵਾਦੀ ਅਤੇ ਕੱਟੜਪੰਥੀ ਤੱਤਾਂ ਦੀਆਂ ਹਿੰਸਕ ਕਾਰਵਾਈਆਂ ਤੋਂ ਕੌਂਸਲਰ ਕੈਂਪਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਿੱਚ ਅਸਮਰੱਥਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਮੂਲ ਦੇ ਕੈਨੇਡੀਅਨਾਂ ਦੀ ਗਿਣਤੀ 18 ਲੱਖ ਹੈ, ਜੋ ਕਿ ਕੈਨੇਡੀਅਨ ਆਬਾਦੀ ਦਾ 4.7 ਫ਼ੀਸਦੀ ਹੈ।ਇਸ ਤੋਂ ਇਲਾਵਾ ਤਰੀਬਨ 4.27 ਲੱਖ ਭਾਰਤੀ ਵਿਦਿਆਰਥੀਆਂ ਸਣੇ 10 ਲੱਖ ਪਰਵਾਸੀ ਭਾਰਤੀ ਹਨ।ਦੂਜੇ ਦੇਸ਼ਾਂ ਦੇ ਮੁਕਾਬਲੇ ਕੈਨੇਡਾ ਵਿੱਚ ਭਾਰਤੀ ਮੂਲ ਦੇ ਲੋਕਾਂ ਦੀ ਸਭ ਤੋਂ ਵੱਧ ਆਬਾਦੀ ਹੈ।ਕੇਂਦਰੀ ਮੰਤਰੀ ਨੇ ਕਿਹਾ, ਕੈਨੇਡਾ ਵਿੱਚ ਭਾਰਤੀ ਨਾਗਰਿਕਾਂ ਦੀ ਭਲਾਈ, ਸੁਰੱਖਿਆ ਅਤੇ ਸੁਰੱਖਿਅਤ ਭਾਰਤ ਲਈ ਬਹੁਤ ਅਹਿਮ ਹੈ।

ਭਾਰਤ ਸਰਕਾਰ ਨੇ ਕਿਹਾ ਹੈ ਕਿ ਕੈਨੇਡਾ ’ਚ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ’ਤੇ ਨਜ਼ਰ ਰੱਖੀ ਜਾ ਰਹੀ ਹੈ।ਵੀਰਵਾਰ ਨੂੰ, ਮੋਦੀ ਸਰਕਾਰ ਨੇ ਸੰਸਦ ਨੂੰ ਦੱਸਿਆ ਕਿ ਵੈਨਕੂਵਰ ਸਥਿਤ ਭਾਰਤੀ ਸਫ਼ਾਰਤਖ਼ਾਨੇ ਦੇ ਅਧਿਕਾਰੀਆਂ ਦੇ ’ਆਡੀਓ ਅਤੇ ਵੀਡੀਓ’ ਮੈਸੇਜੇਜ਼ ’ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਨਿੱਜੀ ਮੈਸੇਜ ਵੀ ਪੜ੍ਹੇ ਜਾ ਰਹੇ ਸਨ।ਇਹ ਵੀ ਦੱਸਿਆ ਗਿਆ ਕਿ ਇਹ ਜਾਣਕਾਰੀ ਹਾਲ ਹੀ ਵਿੱਚ ਕੈਨੇਡੀਅਨ ਅਧਿਕਾਰੀਆਂ ਵੱਲੋਂ ਭਾਰਤੀ ਕੌਂਸਲੇਟ ਨੂੰ ਦਿੱਤੀ ਗਈ ਹੈ।ਖ਼ਬਰ ਏਜੰਸੀ ਏਐੱਨਆਈ ਮੁਤਾਬਕ ਵਿਦੇਸ਼ੀ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ ਵਿੱਚ ਕਿਹਾ, ਕੈਨੇਡਾ ਨਾਲ ਭਾਰਤ ਦੇ ਰਿਸ਼ਤੇ ਚੁਣੌਤੀਪੂਰਨ ਰਹੇ ਹਨ ਅਤੇ ਬਣੇ ਰਹਿਣਗੇ, ਇਸ ਦਾ ਮੁੱਖ ਕਾਰਨ ਕੈਨੇਡੀਅਨ ਸਰਕਾਰ ਵੱਲੋਂ ਕੱਟੜਪੰਥੀ ਅਤੇ ਵੱਖਵਾਦੀ ਤੱਤਾਂ ਨੂੰ ਮੌਕਾ ਦੇਣਾ ਹੈ। ਅਜਿਹੇ ਤੱਤ ਭਾਰਤ ਵਿਰੋਧੀ ਏਜੰਡੇ ਦੀ ਵਕਾਲਤ ਕਰਦੇ ਹਨ ਅਤੇ ਅਜਿਹੀਆਂ ਹਿੰਸਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕੈਨੇਡਾ ਦੇ ਅੰਦੋਲਨ ਦੇ ਆਜ਼ਾਦ ਨਿਯਮਾਂ ਦੀ ਦੁਰਵਰਤੋਂ ਕਰ ਰਹੇ ਹਨ। ਇਹ ਭਾਰਤ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਲਈ ਖ਼ਤਰਾ ਹੈ।

**ਭਾਰਤੀ ਅਧਿਕਾਰੀਆਂ ’ਤੇ ਨਿਗਰਾਨੀ**

ਅਸਲ ਵਿੱਚ ਕੇਂਦਰੀ ਮੰਤਰੀ ਕੀਰਤੀ ਵਰਧਨ ਸਿੰਘ ਨੂੰ ਪੁੱਛਿਆ ਗਿਆ ਸੀ ਕਿ ਕੀ ਕੈਨੇਡਾ ਵਿੱਚ ਭਾਰਤੀ ਕੂਟਨੀਤਕਾਂ ਦੀ ਸਾਈਬਰ ਨਿਗਰਾਨੀ ਜਾਂ ਕਿਸੇ ਹੋਰ ਤਰ੍ਹਾਂ ਦੀ ਨਿਗਰਾਨੀ ਦੀ ਕਿਸੇ ਘਟਨਾ ਦੀ ਜਾਣਕਾਰੀ ਹੈ।ਕੀਰਤੀ ਵਰਧਨ ਸਿੰਘ ਨੇ ਜਵਾਬ ਵਿੱਚ ਕਿਹਾ, ਹਾਂ। ਹਾਲ ਹੀ ਵਿੱਚ, ਵੈਨਕੂਵਰ ਵਿੱਚ ਭਾਰਤੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਨੂੰ ਕੈਨੇਡੀਅਨ ਅਧਿਕਾਰੀਆਂ ਵੱਲੋਂ ਜਾਣਕਾਰੀ ਦਿੱਤੀ ਗਈ ਸੀ ਕਿ ਉਨ੍ਹਾਂ ਉੱਤੇ ਆਡੀਓ-ਵੀਡੀਓ ਸਰਵੀਲੈਂਸ ਜ਼ਰੀਏ ਨਜ਼ਰ ਰੱਖੀ ਜਾ ਰਹੀ ਸੀ ਅਤੇ ਉਨ੍ਹਾਂ ਦੇ ਨਿੱਜੀ ਮੈਸੇਜ ਵੀ ਪੜ੍ਹੇ ਜਾ ਰਹੇ ਸਨ। ਇਹ ਨਿਗਰਾਨੀ ਹਾਲੇ ਵੀ ਜਾਰੀ ਹੈ। ਸਿੰਘ ਨੇ ਕਿਹਾ, ÷ਇਸ ਸਬੰਧ ਵਿੱਚ, ਭਾਰਤ ਸਰਕਾਰ ਨੇ 2 ਨਵੰਬਰ, 2024 ਨੂੰ ਇੱਕ ਨੋਟ ਭੇਜ ਕੇ ਨਵੀਂ ਦਿੱਲੀ ਵਿੱਚ ਕੈਨੇਡੀਅਨ ਹਾਈ ਕਮਿਸ਼ਨ ਕੋਲ ਸਖ਼ਤ ਵਿਰੋਧ ਦਰਜ ਕਰਵਾਇਆ ਸੀ ਅਤੇ ਇਸ ਕਾਰਵਾਈ ਨੂੰ ਸਾਰੇ ਕੂਟਨੀਤਕ ਪ੍ਰਬੰਧਾਂ ਦੀ ਮੁਕੰਮਲ ਉਲੰਘਣਾ ਦੱਸਿਆ ਗਿਆ ਸੀ। ਮੰਤਰੀ ਨੇ ਆਪਣੇ ਜਵਾਬ ਵਿੱਚ ਹਾਲ ਹੀ ਵਿੱਚ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੱਲੋਂ ਆਪਣੀ ਹਫ਼ਤਾਵਾਰੀ ਮੀਡੀਆ ਬ੍ਰੀਫਿੰਗ ਵਿੱਚ ਦਿੱਤੇ ਗਏ ਤਾਜ਼ਾ ਬਿਆਨ ਦਾ ਵੀ ਹਵਾਲਾ ਦਿੱਤਾ।ਬੁਲਾਰੇ ਨੇ ਕਿਹਾ ਸੀ, ਤਕਨੀਕੀ ਗੱਲਾਂ ਦਾ ਹਵਾਲਾ ਦਿੰਦਿਆਂ ਕੈਨੇਡੀਅਨ ਸਰਕਾਰ ਇਸ ਤੱਥ ਨੂੰ ਜਾਇਜ਼ ਨਹੀਂ ਠਹਿਰਾ ਸਕਦੀ ਕਿ ਉਹ ਸ਼ੋਸ਼ਣ ਅਤੇ ਧਮਕਾਉਣ ਦਾ ਸਹਾਰਾ ਲੈ ਰਹੀ ਹੈ। ਸਾਡੇ ਕੂਟਨੀਤਿਕ ਅਤੇ ਕੌਂਸਲਰ ਪਹਿਲਾਂ ਹੀ ਕੱਟੜਵਾਦ ਅਤੇ ਹਿੰਸਾ ਦੇ ਮਾਹੌਲ ਵਿੱਚ ਕੰਮ ਕਰ ਰਹੇ ਹਨ। ਕੈਨੇਡਾ ਸਰਕਾਰ ਦੀ ਇਹ ਕਾਰਵਾਈ ਸਥਿਤੀ ਨੂੰ ਹੋਰ ਵਿਗਾੜਦੀ ਹੈ ਅਤੇ ਇਹ ਸਥਾਪਿਤ ਕੂਟਨੀਤਕ ਮਾਪਦੰਡਾਂ ਅਤੇ ਰਿਵਾਇਤਾਂ ਦੇ ਮੁਤਾਬਕ ਨਹੀਂ ਹੈ।ਇਸ ਸਬੰਧੀ ਕੇਂਦਰੀ ਮੰਤਰੀ ਤੋਂ ਹੋਰ ਜਾਣਕਾਰੀ ਮੰਗੀ ਗਈ ਸੀ ਅਤੇ ਪੁੱਛਿਆ ਗਿਆ ਸੀ ਕਿ ਭਾਰਤੀ ਡਿਪਲੋਮੈਟਾਂ ਦੀ ਸੁਰੱਖਿਆ ਲਈ ਕਿਹੜੇ ਕਦਮ ਚੁੱਕੇ ਗਏ ਹਨ।ਇਸ ਦੇ ਜਵਾਬ ’ਚ ਉਨ੍ਹਾਂ ਕਿਹਾ, ”ਕੈਨੇਡਾ ’ਚ ਭਾਰਤੀ ਡਿਪਲੋਮੈਟਾਂ ਦੀ ਸੁਰੱਖਿਆ ਦੇ ਮਸਲੇ ’ਤੇ ਭਾਰਤ ਕੈਨੇਡਾ ਨਾਲ ਲਗਾਤਾਰ ਸੰਪਰਕ ’ਚ ਹੈ, ਤਾਂ ਜੋ ਸਾਡੇ ਡਿਪਲੋਮੈਟਾਂ ਅਤੇ ਜਾਇਦਾਦਾਂ ਨੂੰ ਹਰ ਸਮੇਂ ਲੋੜੀਂਦੀ ਸੁਰੱਖਿਆ ਮੁਹੱਈਆ ਕਰਵਾਈ ਜਾਵੇ। ਮੰਤਰੀ ਨੇ ਇਹ ਵੀ ਕਿਹਾ ਕਿ ਕੈਨੇਡੀਅਨ ਸੈਂਟਰ ਫ਼ਾਰ ਸਾਈਬਰ ਸਕਿਓਰਿਟੀ ਨੇ ਦੋ ਸਾਲ ਵਿੱਚ ਇੱਕ ਵਾਰ ਜਾਰੀ ਹੋਣ ਵਾਲੀ ਨੈਸ਼ਨਲ ਸਾਈਬਰ ਥ੍ਰੇਟ ਅਸੈਸਮੈਂਟ (ਐੱਨਸੀਟੀਏ) ਦੀ 30 ਅਕਤੂਬਰ, 2024 ਦੀ ਰਿਪੋਰਟ ਵਿੱਚ ਭਾਰਤ ਨੂੰ ਸੈਕਸ਼ਨ-1 ਦੀ ਸ਼੍ਰੇਣੀ (ਸਰਕਾਰ ਦੇ ਵਿਰੋਧੀਆਂ ਤੋਂ ਸਾਈਬਰ ਖ਼ਤਰਾ) ਵਿੱਚ ਰੱਖਿਆ ਹੈ।ਭਾਰਤ ਦੇ ਵਿਦੇਸ਼ ਮੰਤਰਾਲੇ ਨੇ 2 ਨਵੰਬਰ ਨੂੰ ਪ੍ਰਤੀਕਿਰਿਆ ਦਿੰਦਿਆਂ, ਇਸ ਨੂੰ ਭਾਰਤ ਨਾਲ ਸਬੰਧਾਂ ਪ੍ਰਤੀ ਕੈਨੇਡਾ ਦੀ ‘ਨਕਾਰਾਤਮਕ’ ਹੋਰ ਦੀ ਇੱਕ ਹੋਰ ਉਦਾਹਰਣ ਦੱਸਿਆ ਸੀ।ਵਿਦੇਸ਼ ਮੰਤਰਾਲੇ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਮੰਤਰੀ ਨੇ ਕਿਹਾ ਕਿ ’ਕਈ ਹੋਰ ਮੌਕਿਆਂ ਦੀ ਤਰ੍ਹਾਂ , ਇਸ ’ਚ ਵੀ ਭਾਰਤ ਬਾਰੇ ਬਿਨਾਂ ਕਿਸੇ ਸਬੂਤ ਦੇ ਇਲਜ਼ਾਮ ਲਗਾਏ ਗਏ ਹਨ।’

**ਭਾਰਤ-ਕੈਨੇਡਾ ਰਿਸ਼ਤਿਆਂ ਵਿੱਚ ਤਲਖ਼ੀ**

ਸਾਲ 2023 ਦੀ ਸ਼ੁਰੂਆਤ ਤੋਂ ਲੈ ਕੇ 2024 ਦੇ ਅੰਤ ਤੱਕ ਭਾਰਤ ਕੈਨੇਡਾ ਦਰਮਿਆਨ ਕਈ ਮਸਲਿਆਂ ’ਤੇ ਤਣਾਅ ਦੇਖਣ ਨੂੰ ਮਿਲਿਆ।ਇਨ੍ਹਾਂ ਵਿੱਚ ਵੱਡਾ ਮਸਲਾ ਕਥਿਤ ਵੱਖਵਾਦੀ ਸਮੂਹਾਂ ਦੀਆਂ ਕੈਨੇਡਾ ਵਿੱਚ ਜਨਤਕ ਤੌਰ ’ਤੇ ਗਤੀਵਿਧੀਆਂ ਅਤੇ ਹਰਦੀਪ ਨਿੱਝਰ ਕਤਲ ਮਾਮਲੇ ਵਿੱਚ ਦੋਵਾਂ ਦੇਸ਼ਾਂ ਵਿਚਾਲੇ ਇਲਜ਼ਾਮਬਾਜ਼ੀਆਂ ਦਾ ਰਿਹਾ।ਜ਼ਿਕਰਯੋਗ ਹੈ ਕਿ ਖਾਲਿਸਤਾਨ ਹਮਾਇਤੀ ਤੇ ਭਾਰਤ ਸਰਕਾਰ ਨੂੰ ਕਈ ਮਾਮਲਿਆਂ ਵਿੱਚ ਲੋੜੀਂਦੇ 45 ਸਾਲਾ ਹਰਦੀਪ ਸਿੰਘ ਨਿੱਝਰ ਦਾ 18 ਜੂਨ, 2023 ਨੂੰ ਕੈਨੇਡਾ ਦੇ ਸਰੀ ਸਥਿਤ ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਪਾਰਕਿੰਗ ਵਿੱਚ ਕਤਲ ਹੋ ਗਿਆ ਸੀ।ਇਸ ਕਤਲ ਦੇ ਮਾਮਲੇ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਈ ਵਾਰ ਭਾਰਤ ਦਾ ਨਾਂ ਜੋੜਿਆ ਹੈ। ਟਰੂਡੋ ਨੇ ਕਿਹਾ ਸੀ ਕਿ ਇਸ ਸਬੰਧ ਵਿੱਚ ਉਨ੍ਹਾਂ ਕੋਲ ‘ਭਰੋਸੇਯੋਗ ਜਾਣਕਾਰੀ’ ਮੌਜੂਦ ਹੈ।ਹਾਲਾਂਕਿ, ਭਾਰਤ ਸਰਕਾਰ ਨੇ ਇਨ੍ਹਾਂ ਇਲਜ਼ਾਮਾਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਇਨ੍ਹਾਂ ਤੋਂ ਲਗਾਤਾਰ ਇਨਕਾਰ ਕੀਤਾ ਹੈ।ਹਾਲ ਦੀ ਘਟਨਾ 3 ਨਵੰਬਰ, 2024 ਦੀ ਹੈ। ਜਦੋਂ ਬਰੈਂਪਟਨ ਦੇ ਹਿੰਦੂ ਮੰਦਰ ਸਾਹਮਣੇ ਕੁਝ ਖਾਲਿਸਤਾਨੀ ਸਮਰਥਕਾਂ ਵਲੋਂ ਮੁਜ਼ਾਹਾਰਾ ਕੀਤਾ ਗਿਆ। ਇਸ ਮੁਜ਼ਾਹਰੇ ਦੌਰਾਨ ਹਿੰਸਕ ਝੜਪਾਂ ਹੋਈਆਂ।ਕੈਨੇਡਾ ਪੁਲਿਸ ਨੇ ਇਸ ਮਾਮਲੇ ਵਿੱਚ ਫ਼ੌਰਨ ਕਾਰਵਾਈ ਕੀਤੀ ਤੇ ਕਰੀਬ 6 ਲੋਕਾਂ ਖ਼ਿਲਾਫ਼ ਕੇਸ ਦਰਜ ਕੀਤਾ।ਭਾਰਤ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਤੇ ਇਸ ਮਸਲੇ ਉੱਤੇ ਕੈਨੇਡਾ ਨੂੰ ਘੇਰਿਆ।

# ਯੂਕੇ ’ਚ ਉਸਾਰੀ ਵਾਲੀਆਂ ਥਾਵਾਂ ’ਤੇ ਦਸਤਾਰ ਪਹਿਨਣ ਦੀ ਲੜਾਈ ਲੜਨ ਅਤੇ ਜਿੱਤਣ ਵਾਲੇ ਪਰਿਵਾਰ ਦੀ ਕਹਾਣੀ



ਲੰਡਨ ਵਿੱਚ ਹਾਰਡਵੇਅਰ ਕਾਰੋਬਾਰ ਦੇ ਮਾਲਕ ਜਗਜੀਤ ਸਿੰਘ ਰਿਆਤ ਨੇ ਪੁਰਾਣਾ ਸਮਾਂ ਯਾਦ ਕਰਦਿਆਂ ਕਹਿੰਦੇ ਹਨ, ਪੰਗ ਬਨ੍ਹਣ ਵਾਲੇ ਵਿਅਕਤੀ ਲਈ ਬਿਲਡਿੰਗ ਸਾਈਟ ’ਤੇ ਨੌਕਰੀ ਹਾਸਲ ਕਰਨਾ ਔਖਾ ਸੀ ਕਿਉਂਕਿ ਉੱਥੇ ਸਿਰਫ਼ ਪੱਗ ਬੰਨ ਕੇ ਕੰਮ ਕਰਨ ਦੀ ਇਜਾਜ਼ਤ ਨਹੀਂ ਹੁੰਦੀ ਸੀ। ਹੁਣ ਆਪਣੀ ਰਿਟਾਇਰਮੈਂਟ ਨੇੜੇ ਰਿਆਤ ਬੀਤੇ ਸਮੇਂ ਨੂੰ ਯਾਦ ਕਰ ਰਹੇ ਹਨ।ਜਗਜੀਤ ਸਿੰਘ ਰਿਆਤ ਨੇ ਦੱਸਿਆ ਕਿ ਉਹਨਾਂ ਨੇ ਕਿਵੇਂ ਕੰਮ ਕਰਨ ਵਾਲੀਆਂ ਥਾਵਾਂ ’ਤੇ ਧਾਰਮਿਕ ਆਜ਼ਾਦੀ ਦੀ ਵਕਾਲਤ ਕਰਕੇ ਬਰਤਾਨੀਆ ਦੇ ਇਤਿਹਾਸ ਵਿੱਚ ਸਿੱਖਾ ਦੀ ਧਾਰਮਿਕ ਆਜ਼ਾਦੀ ਦਾ ਰਾਹ ਪੱਧਰਾ ਕਰਨ ’ਚ ਮਦਦ ਕੀਤੀ ਸੀ।ਉਹ 1988 ਵਿੱਚ ਉੱਠੀ ਇੱਕ ਸਫਲ ਮੁਹਿੰਮ ਦਾ ਹਿੱਸਾ ਸਨ।ਇਸ ਮੁਹਿੰਮ ਕਰਕੇ ਹੀ ਸਿੱਖਾਂ ਨੂੰ ਕੰਮ ਕਰਨ ਵਾਲੀਆਂ ਥਾਵਾਂ ’ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਇਜਾਜ਼ਤ ਮਿਲੀ ਸੀ।ਲੰਡਨ ਵੈਸਟ ’ਚ ਪੰਜ ਦਹਾਕੇ ਲੰਬਾ ਵਪਾਰ ਕਰਨ ਮਗਰੋਂ, 23 ਨਵੰਬਰ ਨੂੰ ਉਨ੍ਹਾਂ ਵਲੋਂ ਆਪਣਾ ਪਰਿਵਾਰਕ ਕਾਰੋਬਾਰ ਬੰਦ ਕਰ ਦਿੱਤਾ ਗਿਆ।ਉਨ੍ਹਾਂ ਦਾ ਸਟੋਰ ’ਐੱਮ ਐੱਸ ਰਿਆਤ ਐਂਡ ਸੰਨਜ਼’ ਵਜੋਂ ਜਾਣਿਆ ਜਾਂਦਾ ਸੀ।

**ਸਿੱਖ ਪਛਾਣ ਕਾਇਮ ਰੱਖਣ ਲਈ ਲੜੀ ਕਾਨੂੰਨੀ ਲੜਾਈ**

ਜਗਜੀਤ ਸਿੰਘ ਰਿਆਤ ਦੱਸਦੇ ਹਨ, ਇਹ ਕਾਰੋਬਾਰ ਮੇਰੇ ਪਿਤਾ ਵੱਲੋਂ ਸ਼ੁਰੂ ਕੀਤਾ ਗਿਆ ਸੀ। ਉਹ 1956 ਵਿੱਚ ਅਫ਼ਰੀਕਾ ਤੋਂ ਯੂਕੇ ਆਏ ਸਨ। ਉਹ ਕਹਿੰਦੇ ਹਨ, 1960 ’ਚ ਅਸੀਂ ਵੀ ਉਨ੍ਹਾਂ ਕੋਲ ਆ ਗਏ ਅਤੇ ਫਿਰ ਅਸੀਂ ਇਕੱਠੇ ਕੰਮ ਕੀਤਾ। ਅਸੀਂ ਇੱਕ ਨਿਰਮਾਣ ਕੰਪਨੀ ਸ਼ੁਰੂ ਕੀਤੀ। ਰਿਆਤ ਮੁਤਾਬਕ, ਪੱਗ ਬੰਨ ਕੇ ਬਿਲਡਿੰਗ ਸਾਈਟ ਯਾਨੀ ਉਸਾਰੀ ਵਾਲੀ ਥਾਂ ’ਤੇ ਨੌਕਰੀ ਹਾਸਲ ਕਰਨਾ ਮੁਸ਼ਕਲ ਸੀ, ਕਿਉਂਕਿ ਉੱਥੇ ਪੱਗ ਬੰਨ ਕੇ ਕੰਮ ਕਰਨ ਦੀ ਇਜਾਜ਼ਤ ਨਹੀਂ ਸੀ। ਅਜੇਹੀ ਥਾਂ ’ਤੇ ਕੰਮ ਕਰਨ ਲਈ ’ਹਾਰਡ ਹੈਟ’ ਪਾਉਣਾ ਲਾਜ਼ਮੀ ਹੁੰਦਾ ਸੀ। ਉਹਨਾਂ ਅਨੁਸਾਰ, ਇਸ ਕਾਨੂੰਨ ਨੂੰ ਬਦਲਾਉਣ ਲਈ ਮੇਰੇ ਪਿਤਾ ਈਲਿੰਗ ਤੋਂ ਕੰਜ਼ਰਵੇਟਿਵ ਕਲੱਬ ਦੇ ਨਾਲ ਥੈਚਰ ਅਤੇ ਵਿਲੀਅਮ ਵ੍ਹਾਈਟਲਾਅ ਨੂੰ ਮਿਲਣ ਲਈ ਸੰਸਦ ਦੇ ਸਦਨਾਂ ਵਿੱਚ ਗਏ। ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਸਿੱਖ ਧਰਮ ’ਚ ਪੱਗ ਬਣਨਾ ਲਾਜ਼ਮੀ ਹੁੰਦਾ ਹੈ। ਉਹ ਕਹਿੰਦੇ ਹਨ, ਇਹ ਇੱਕ ਸਿੱਖ ਦੀ ਪਛਾਣ ਹੁੰਦੀ ਹੈ। ਰਿਆਤ ਅੱਗੇ ਦੱਸਦੇ ਹਨ ਕਿ ਉਨ੍ਹਾਂ ਨੇ ਇਸ ਮੁਹਿੰਮ ਵਿੱਚ ਆਪਣੇ ਪਿਤਾ ਮਹਿੰਦਰ ਸਿੰਘ ਰਿਆਤ ਦਾ ਸਾਥ ਦਿੱਤਾ।ਉਹ ਕਹਿੰਦੇ ਹਨ, ਕਾਨੂੰਨ ਬਦਲਵਾਉਣਾ ਇੱਕ ਵੱਡੀ ਉਪਲੱਭਦੀ ਸੀ। ਮੈਨੂੰ ਇਸ ਗੱਲ ਦਾ ਬਹੁਤ ਮਾਣ ਹੈ ਕਿ ਇਸ ਮੁਹਿੰਮ ਸਦਕੇ ਸਿੱਖਾਂ ਨੂੰ ਕੰਮ ਕਰਨ ਵਾਲੀਆਂ ਥਾਵਾਂ ’ਤੇ ਦਸਤਾਰ ਸਜਾਉਣ ਦੀ ਆਜ਼ਾਦੀ ਮਿਲੀ। ਮੈਨੂੰ ਮਾਣ ਹੈ ਕਿ ਮੇਰਾ ਪਰਿਵਾਰ ਬਰਤਾਨਵੀ ਕਾਨੂੰਨ ਨੂੰ ਬਦਲਣ ਵਾਲੀ ਇਸ ਮੁਹਿੰਮ ਦਾ ਹਿੱਸਾ ਸੀ।

**ਦਸਤਾਰ ਦੀ ਤਾਕਤ**

1989 ਤੋਂ ਬਾਅਦ ਦਸਤਾਰਧਾਰੀ ਸਿੱਖਾਂ ਲਈ ਉਸਾਰੀ ਵਾਲੀਆਂ ਥਾਵਾਂ ’ਤੇ ਸਿਰ ਉਪਰ ਸੁਰੱਖਿਆ ਲਈ ਹੈਲਮੇਟ ਪਾਉਣਾ ਕਾਨੂੰਨੀ ਤੌਰ ’ਤੇ ਲਾਜ਼ਮੀ ਨਹੀਂ ਰਿਹਾ।ਇਸ ਦੇ ਨਾਲ 2015 ’ਚ ਆਏ ਡੀਰੈਗੂਲੇਸ਼ਨ ਬਿੱਲ ਦੀ ਇੱਕ ਧਾਰਾ ਨੇ ਰੁਜ਼ਗਾਰ ਐਕਟ ਵਿੱਚ ਮੌਜੂਦ ਇਸ ਛੋਟ ਨੂੰ ਬਾਕੀ ਸਾਰੇ ਕਾਰਜ ਸਥਾਨਾਂ ’ਚ ਵੀ ਲਾਗੂ ਕਰਵਾ ਦਿੱਤਾ।ਇਸਦਾ ਮਤਲਬ ਸੀ ਕਿ ਜੇਕਰ ਕਿਸੇ ਵਿਅਕਤੀ ਨੂੰ ਸਿਰ ਦੀ ਸੁਰੱਖਿਆ ਨਾ ਪਹਿਨਣ ਕਾਰਨ ਸੱਟਾਂ ਲੱਗੀਆਂ ਤਾਂ ਮਾਲਕਾਂ ਨੂੰ ਸੀਮਤ ਦੇਣਦਾਰੀ ਵਧਾ ਕੇ ਕਾਨੂੰਨੀ ਤੌਰ ’ਤੇ ਸੁਰੱਖਿਅਤ ਕੀਤਾ ਗਿਆ ਸੀ।ਯੂਕੇ ’ਚ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਵੀ ਹੈਲਮਟ ਪਾਉਣ ਤੋਂ ਛੋਟ ਹੈ।ਐੱਮ ਐੱਸ ਰਿਆਤ ਐਂਡ ਸੰਨਜ਼ ਦੇ ਇੱਕ ਗਾਹਕ ਜੋਗਾ ਸਿੰਘ ਜੁਟਲੀ ਦਾ ਕਹਿਣਾ ਹੈ, ਅਸੀਂ ਯੂਕੇ ਸਮਾਜ ਦਾ ਹਿੱਸਾ ਹਾਂ, ਅਤੇ ਯੂਕੇ ਸਮਾਜ ਨੇ ਸਿੱਖ ਧਰਮ ਨੂੰ ਮਾਨਤਾ ਦਿੱਤੀ ਹੈ। ਉਹ ਕਹਿੰਦੇ, ਇਸ ਦਾ ਮਤਲਬ ਹੈ ਕਿ ਮੈਂ, ਮੇਰੇ ਬੱਚੇ ਅਤੇ ਉਨ੍ਹਾਂ ਦੇ ਬੱਚੇ ਹੁਣ ਹਰ ਜਗ੍ਹਾ ਪੱਗ ਬੰਨ੍ਹ ਕੇ ਜਾ ਸਕਦੇ ਹਨ। ਸਾਈਕਲ ਜਾਂ ਮੋਟਰਸਾਈਕਲ ਚਲਾਉਣ ਲਈ ਸਾਨੂੰ ਹੈਲਮੇਟ ਪਹਿਨਣ ਦੀ ਲੋੜ ਨਹੀਂ, ਇਸ ਸਭ ਦੇ ਲਈ ਅਸੀਂ ਆਪਣੇ ਬਜ਼ੁਰਗਾਂ ਦੇ ਧੰਨਵਾਦੀ ਹਾਂ।

**ਹੈਨਵੈਲ ’ਚ ਯਾਦ ਕੀਤੇ ਜਾਣਗੇ ’ਰਿਆਤ ਐਂਡ ਸੰਨਜ਼’**

ਲੱਗਭਗ 50 ਸਾਲ ਵਪਾਰ ਕਰਨ ਤੋਂ ਬਾਅਦ ਜਗਜੀਤ ਸਿੰਘ ਰਿਆਤ ਨੇ ਆਪਣਾ ਪਰਿਵਾਰਕ ਕਾਰੋਬਾਰ ਵੇਚਣ ਦਾ ਫੈਸਲਾ ਲਿਆ ਹੈ।ਉਨ੍ਹਾਂ ਦੇ ਪਰਿਵਾਰ ਦੀਆਂ ਤਿੰਨ ਪੀੜ੍ਹੀਆਂ ਨੇ 1970 ਦੇ ਦਹਾਕੇ ਤੋਂ ਇਸ ਸਟੋਰ ਰਾਹੀਂ ਉੱਥੇ ਵੱਸਦੇ ਭਾਈਚਾਰੇ ਦੀ ਸੇਵਾ ਕੀਤੀ ਹੈ।ਰਿਆਤ ਦੀ ਯੋਜਨਾ ਹੈ ਕਿ ਆਪਣੀ ਰਿਟਾਇਰਮੈਂਟ ਦਾ ਸਮਾਂ ਪਰਿਵਾਰ ਨਾਲ ਬਿਤਾਇਆ ਜਾਵੇ।ਸਟੀਫਨ ਬ੍ਰਾਊਨ ਰਿਆਤ ਦੇ ਸਟੋਰ ਦੇ ਇੱਕ ਗਾਹਕ ਹਨ ਅਤੇ ਉਥੋਂ ਦੇ ਇੱਕ ਸਥਾਨਕ ਕਾਰੋਬਾਰ ਦੇ ਮਾਲਕ ਕਹਿੰਦੇ ਹਨ।ਉਹ ਕਹਿੰਦੇ ਹਨ, ਜਦੋਂ ਵੀ ਮੈਨੂੰ ਕਿਸੇ ਚੀਜ਼ ਦੀ ਲੋੜ ਹੁੰਦੀ ਸੀ, ਜਿਵੇਂ ਐਲਨ ਕੀਜ਼ ਦਾ ਸੈੱਟ ਜਾਂ ਇਸ ਤਰ੍ਹਾਂ ਦੀ ਕੋਈ ਚੀਜ਼, ਤਾਂ ਉਹ ਮਿਸਟਰ ਰਿਆਤ ਕੋਲੋਂ ਮਿਲ ਜਾਂਦੀ ਸੀ। ਸਟੀਫਨ ਬ੍ਰਾਊਨ ਮੁਤਾਬਕ, ਉਨ੍ਹਾਂ ਦੇ ਚਹਿਰੇ ਦੇ ਹਮੇਸ਼ਾ ਮੁਸਕਾਨ ਰਹਿੰਦੀ ਹੈ। ਹੈਨਵੈਲ ’ਚ ਉਹ ਹਮੇਸ਼ਾ ਯਾਦ ਕੀਤੇ ਜਾਣਗੇ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 281

Website: www.preetnama.com Email preetnamausa@gmail.com

06 DEC TO 12 DEC , 2024




ਹ਼ਫਤਾਵਾਰੀ ਪ੍ਰੀਤਨਾਮਾ
Weekly Preetnama
www.preetnama.com
+1 (201) 312-4180



PRITPAL KAUR
Editor-In-Chief
+1 201-312-4180
+1 917-328-8436

ADVISORY BOARD
Joga Singh
*******************************
Jaswinder Singh New Jersey
*********************************
Mindi Manak
NewYork
*********************************
Jagjit Singh Dasuya
*******************************
Gurmeet Singh Dhalwan
Chicago
*******************************
G. S Singh Punjab
*******************************
Sujan Nag, USA
*******************************
Dr. Jagdeep Dhimaan, India
******************
Sarabjit Kaur Punjab
**********************
Sukhmandar Brar
(Bhagata Bhaika) Vancouver,

*******************************
Sunil Kumar Gund
(Journalist) India
*********************************
Raj Rani
Video editor
*************************************
Jagmeet Kaur
97817-41631
*******************************

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

**The Preetnama is not responsible or legally lible for any news, article, advertisement or typing mistakes in the news or articles**

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਢੁੱਕਵੀਂ ਜਗ੍ਹਾਂ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

# ਪੰਜਾਬ : ਉਮੀਦ ਦੀ ਲੋਅ ਅਜੇ ਬਾਕੀ ਹੈ !

ਪਿਛਲੇ ਇਕ ਦਹਾਕੇ ਤੋਂ ਜਿਸ ਤਰ੍ਹਾਂ ਪੰਜਾਬ ਨੂੰ ਆਲਮੀ ਪੱਧਰ 'ਤੇ ਚਿਤਰਿਆ ਜਾ ਰਿਹਾ ਹੈ , ਜਿਸ ਤਰ੍ਹਾਂ ਪੰਜਾਬ ਨੂੰ ਪੂਰੀ ਦੁਨੀਆਂ ਦੇ ਨਕਸ਼ੇ 'ਤੇ ਵਿਖਾਇਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਪੰਜਾਬ ਨੂੰ ਸਭਿਆਚਾਰ, ਸਾਹਿਤ ਤੇ ਫ਼ਿਲਮਾਂ ਦੀ ਦੁਨੀਆ ਤੋਂ ਲੈ ਕੇ ਰਾਜਨੀਤਕ ਦ੍ਰਿਸ਼ ਤੇ ਵਾਦ ਵਿਵਾਦ ਦਾ ਵਿਸ਼ਾ ਬਣਾਇਆ ਗਿਆ ਹੈ ਇਹ ਇਕ ਬੇਹੱਦ ਹੈਰਾਨੀਜਨਕ ਪੰਜਾਬ ਦੇ ਦਿਸ਼ਾਵਲੀ ਹੈ।ਸੰਸਾਰਕ ਪੱਧਰ 'ਤੇ ਇਹ ਇੱਕ ਅਜਿਹਾ ਦ੍ਰਿਸ਼ ਹੈ ਜੋ ਸਮੂਹ ਚਿੰਤਕ ਪੰਜਾਬੀਆਂ ਨੂੰ ਉਦਾਸੀ ਅਤੇ ਉਦਾਸੀਨਤਾ ਦੇ ਉਸ ਘੇਰੇ ਵਿੱਚ ਲੈ ਜਾਂਦਾ ਹੈ, ਜਿੱਥੇ ਪੰਜਾਬ ਬਹੁਤ ਉਦਾਸ ਹੈ। ਜਿੱਥੇ ਪੰਜਾਬ ਦੀ ਭਾਸ਼ਾ ਅਤੇ ਸੱਭਿਆਚਾਰ ਬਸ ਹੁਣ ਆਖ਼ਰੀ ਕਿਨਾਰੇ 'ਤੇ ਹੈ। ਇਹ ਦ੍ਰਿਸ਼ ਜਿੱਥੇ ਪੰਜਾਬ ਨੂੰ ਹੁਣ ਗੈਂਗਸਟਰਾਂ ਅਤੇ ਡੇਰਿਆਂ ਦੇ ਉਹਨਾਂ ਕਾਰਨਾਮਿਆਂ ਦੇ ਕਾਰਨ ਬਦਨਾਮੀ ਦੀ ਉਸ ਜਿੱਲਤ ਵਿੱਚ ਹੈ, ਜਿਸ ਨੂੰ ਕਹਿੰਦਿਆਂ ਅਤੇ ਦੇਖਦਿਆਂ ਪਰਖਦਿਆਂ ਸ਼ਰਮ ਨਾਲ ਸਾਡਾ ਸਿਰ ਝੁਕ ਜਾਂਦਾ ਹੈ।

Indiaís core sector growth improved to 3.1 per cent in October 2024, marking the second consecutive month of recovery in the performance of the eight core industries, following a 2.4 per cent growth in September 2024 and a 0.1 per cent contraction in August. The eight core industriesócoal, crude oil, natural gas, refinery products, fertilisers, steel, cement, and electricityóserve as key indicators of industrial performance, accounting for 40 per cent of the Index of Industrial Production (IIP)Growth in the core sectors during the first half of the current fiscal year (H1FY25) stood at a healthy 4.2 per cent, though this is lower than the 8.2 per cent growth recorded in H1FY24. But a 4.2 per cent growth on the back of a high base effect is not bad at all. With a visible recovery in sectors such as crude oil and natural gas, things should improve further in 2HFY25. In October 2024, only two of the eight core sectors saw a decline: crude oil production dropped by 4.8 per cent year-on-year, and natural gas output fell by 1.2 per cent. The coal sector, however, grew by an impressive 7.8 per cent in October, followed by steady growth of 5.2 per cent in refinery output, 4.2 per cent in steel, and 3.3 per cent in cement, while electricity and fertilisers brought up the rear.Returning to GDP figures, real GDP, or GDP at Constant Prices, for AprilñSeptember 2024ñ25 (1HFY25) is estimated at Rs 87.74 lakh crore, compared to Rs 82.77 lakh crore in 1HFY24, reflecting a growth rate of 6.05 per cent. Nominal GDP, or GDP at Current Prices, for 1HFY25 is estimated at Rs 153.91 lakh crore, up from Rs 141.40 lakh crore in 1HFY24, showing a growth rate of 8.9 per cent. Real GVA for 1HFY25 is estimated at Rs 81.30 lakh crore, compared to Rs 76.54 lakh crore in 1HFY24, demonstrating a growth rate of 6.2 per cent. Nominal GVA for 1HFY25 is estimated at Rs 139.78 lakh crore, against Rs 128.31 lakh crore in 1HFY24, showing a growth rate of 8.9 per cent.To cut to the chase, veteran investment guru Jim Rogers has remarked that, thanks to structural reforms such as GST and the Insolvency and Bankruptcy Code (IBC) implemented by the Modi government, India has overcome significant challenges to emerge as the only major economy that grew at an average of 8.3 per cent over the past three years, even as the global economy struggled to grow at 2 per cent.Indiaís Services Purchasing Managersí Index (PMI) rose from 57.7 in September 2024 to a 26-month high of 58.5 in October 2024, supported by strong expansions in output and new business, which in turn boosted job creation. Manufacturing activity, as measured by the HSBC India Manufacturing PMI, also rebounded in October, reaching 57.5, up from Septemberís 56.5, driven by strong domestic and international demand. Meanwhile, the HSBC India Composite Output Index increased from Septemberís 58.3 to 59.1 in October, as new business inflows expanded at a quicker pace across both manufacturing and service sectors, boosting sales and employment growth at the composite level. Note, in the PMI parlance, any print above 50 means expansion, while a score below 50 denotes contraction.

Importantly, Indiaís supply chain activity reached new heights in October, with E-way bill generation, which is a key measure of freight movement and economic health, surging to an unprecedented 117.25 million, marking a 17 per cent year-on-year increase. As a high-frequency economic indicator, E-way bill activity closely tracks broader economic trends, with higher freight volumes signalling increased economic output and higher tax revenues.For example, Indiaís Goods and Services Tax (GST) collections rose to Rs 1.87 lakh crore in October 2024, the second-highest monthly collection since the GSTís inception in 2017. The October figure also marks an 8.09 per cent rise over the Rs 1.73 lakh crore collection in September 2024. Average monthly GST collections have, in fact, climbed to Rs 1.81 lakh crore in the current fiscal year, up from Rs 1.68 lakh crore in the last financial year, which bodes well.

Also, auto sales, a proxy for consumer demand, showed a steady trend with retail sales reaching 2.83 million units in October, up 32 per cent annually, buoyed by strong rural demand and favourable minimum support price (MSP) for rabi crops. Mahindra & Mahindra Ltdís Farm Equipment (FE) sector, for example, achieved its highest-ever domestic tractor sales, delivering 64,326 units in October 2024. The figures represent a 30 per cent growth compared to October 2023, when the company sold 49,336 units. The companyís total sales, including exports, reached 65,453 units against 50,460 units in the same period last year. Export figures for October 2024 stood at 1127 units.

So, in the final analysis, it would be prudent to conclude that with key economic indicators such as core sector growth, GST revenues, E-way bill generation, auto sales, higher rural LFPR, and improved capacity utilisationócombined with the potential for increased government spending in 2HFY25ó Indiaís GDP growth momentum under the Modi government is slated to remain intact, despite geopolitical uncertainties. And that, by every yardstick, is certainly a tall achievement.

# Mobile Phones for Students of the 21st Century



Research shows that more than 80 percent of high school students in America use mobile phones consistently. And with the availability of tools like PhotoStick mobile, there is no need to worry about the space as well, as this tool helps create a backup of important data and photos. If you are looking to design mobile phone apps for students, you can contact this web design company. This rampant use of mobile phones has brought about a raging debate about whether students should be allowed to bring their phones that often or even bring them to class. Those against say that allowing mobile phones can bring about cheating in exams. However, those with cell phones in class argue that there are more benefits than disadvantages of students using phones. To put this matter to rest, here are the main advantages of using mobile phones for students:

**Mobile Phones For Students Improves Knowledge**

Long gone are the days when students would only get knowledge from teachers, parents, and books. Today, the sources for knowledge have diversified, and one of the ready sources is the internet. Having a mobile phone on their person all the time can help students check out things in a more fun way than going to books all the time.

Not only are we seeing students using smartphones to record lectures, photograph instructor notes, and collaborate through cloud-based applications, but some instructors are starting to allow the Mobile Student to research items of interest during a lecture or use Twitter to open a backchannel of conversation and enhance student participation and engagement

A cellphone connected to the internet can motivate the student to do his/her studies, as all the time, he knows he can access the worldís biggest library right where he is. If there is any doubt in mind about something that the teacher was teaching, the students can clear the doubts immediately.

**A Mobile Phone Is A Good Time Manager**

While gadgets cannot manage your time for you, you will be able to do the right thing at the right time when you set deadlines, and you set an accompanying alarm for the same. To wake up early in the morning, students need to set the alarm on their cell phones.

**Mobile phones for students learning**

You can also set a text alert to accompany the alarm to remind you to do a certain thing. That way, if a student is supposed to check out something on a certain day, he/she needs to set the alarm and an accompanying note for the same.

A Mobile Phone Helps Students Get Help During Emergencies

Should students find themselves in emergencies in school, at home, or in the streets, they know they can reach their parents, a senior person, and even the emergency services right from their mobile phones. Today, there are so many things going around schools, from shootings and other accidents. With a cell phone, a parent can keep in touch with their children all the time, even when they are in school. This is one way a mobile phone is useful for students at school.

**Very Helpful In Studies**

There are so many learning applications in the app stores for students at all levels in school. This means that a student can get help from an app for the subject in which he/she lacks in some areas. Most of these apps are free of charge, or you may pay a small one-off fee for downloading. There is an app for every subject today.

There are versatile apps, as well. Say, for example; this top online learning app is one of the most used and most popular apps in the world. Students can have the best Android homework app on their android phones.

Similarly, iPhone users, too, can have an advantage by installing the best Apple learning app on their phones. This then is a merit of mobile phones for secondary students, playing an essential role in making life easy for students.

**Helpful Location Apps**

Mainly, this is GPS technology. Once the location indicator is turned on, as a parent, you can always know where your child is. When you are late at work, and you cannot pick him or her at school on time, you can call in advance and let him know. If he says he is going to visit a friend, you will know where he is all the time. It is always a good idea to let your child know that you have the GPS turned on for their safety.

**Learning Goes On Even When Out Of Class**

Students no longer have to wait until the computer class time so that they can check things out. With mobile internet-enabled devices, they can check up stuff from anywhere. This means that learning goes on all the time, in and out of the school setting. Students no longer have to wait to access the school or community library because with a smartphone, the worldís biggest library- the internet is at their disposal. Apart from the apps that help students with their homework, they can also visit websites to find the information necessary for their research. Many forums have case studies in almost any niche that students can learn from. The latter can even write reports on mobile phones, as popular editing tools like Grammarly and The Hemingway App have mobile versions that help to make a student a better essay writer. And social media communities can connect them with other scholars to interact with and learn from their experiences. When the teacher encourages students to use technology to advance their studies, they will happily do so because they love technology.

**Entertainment**

During teenage, students tend to be stressed up by many things. Thankfully, their mobile phones pack a lot of entertainment in the form of games, cartoons, and many more entertaining things. No matter the age of the student, there is always something entertaining on their mobile phone.

**Vijay Garg**
**Retired principal**
**MALOUT Punjab**

# Caste-based violence

## Empower suppressed classes, punish criminals




Itís a video clip lasting only a few seconds, but it perfectly exemplifies the perversion of democracy by goons masquerading as politicians and leaders. Recorded in the Kutumba block of Aurangabad in Bihar, the widely-circulated clip shows a candidate in the panchayat election, Balwant Singh, assaulting and abusing two Dalit men. Singh, who had lost the election, is heard accusing them of not voting for him despite accepting money and liquor from him. Hurling casteist expletives at them, he is seen making one of them spit on the ground and then lick it off. Singh told a news agency that he was ëpunishingí the two men for getting drunk ó he implied that they had broken the law because the sale of liquor is banned in Bihar. The Aurangabad Superintendent of Police confirmed that following a complaint against Singh, he had been arrested and would be chargesheeted soon.

The incident represents the worst of Indian culture and democracy ó horrible discrimination based on caste, and buying votes to get elected to a public office. These distortions in society and the democratic system are intertwined since caste is deeply linked with economic status and opportunity. Itís a matter of concern that caste-based discrimination and violence are increasing, as data from the National Crime Records Bureau show: In 2020, a total of 50,291 cases of crime against scheduled caste (SC) persons were registered.

Even as most kinds of crimes saw a decline in 2020 due to the Covid-19 lockdown, crime against SCs rose by 9.4% over the previous year. Some activists ascribe this rise to migrant labourers ó many of whom belonged to the suppressed castes and tribes ó returning to their villages, leading to a rise in social tensions. Also, as individuals from the suppressed sections of society assert their rights, the privileged classes are resorting to criminal acts. Rights activists allege that the system colludes with and shields the perpetrators of such crimes. This is a blot on Indian polity. The solution lies in empowering the suppressed people and punishing the criminals.

# ਗੁਰੂ ਤੇਗ ਬਹਾਦਰ ਜੀ ਦੀ ਬੇਮਿਸਾਲ ਅਤੇ ਵਿਲੱਖਣ ਸ਼ਹਾਦਤ

ਜਸਵਿੰਦਰ ਸਿੰਘ ਰੁਪਾਲ
9814715796



ਵਕਤ ਆਪਣੀ ਚਾਲ ਚੱਲਦਾ ਰਹਿੰਦਾ ਹੈ।ਕੋਈ ਵਕਤ ਅਜਿਹਾ ਵੀ ਆਉਂਦਾ ਹੈ ਜਦੋ ਕੋਈ ਸ਼ਖਸ਼ੀਅਤ ਆਪਣੇ ਖ਼ੂਨ ਨਾਲ ਇਸਦੇ ਸਫ਼ੇ ਤੇ ਕੁਝ ਅਜਿਹਾ ਲਿਖ ਜਾਂਦੀ ਹੈ, ਜੋ ਇਤਿਹਾਸ ਲਈ ਤਾਂ ਸ਼ਾਨਦਾਰ ਹੁੰਦਾ ਹੀ ਹੈ ਆਉਣ ਵਾਲੀਆਂ ਸਦੀਆਂ ਅਤੇ ਯੁੱਗਾਂ ਤੱਕ ਉਹ ਲਿਖਿਆ ਵਿਚਾਰਿਆ ਜਾਂਦਾ ਰਿਹਾ ਹੈ ਅਤੇ ਭਵਿੱਖ ਦੀਆਂ ਸੈਂਕੜੇ ਪੀੜ੍ਹੀਆਂ ਉਸ ਲਿਖੇ ਹੋਏ ਤੋਂ ਸਬਕ ਲੈਂਦੀਆਂ ਹਨ।ਕੁਝ ਆਪਣੀਆਂ ਜਿੰਦਗੀਆਂ ਵਿੱਚ ਇਸ ਲਿਖੇ ਦਾ ਅਨੁਵਾਦ ਕਰਦੇ ਹਨ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਇਜ਼ਾਫ਼ਾ ਹੁੰਦਾ ਰਹਿੰਦਾ ਹੈ।ਵੈਸੇ ਤਾਂ ਸਿੱਖ ਇਤਿਹਾਸ ਨੂੰ ਸਾਰੇ ਨੂੰ ਹੀ ਸ਼ਹੀਦਾਂ ਦਾ ਇਤਿਹਾਸ ਕਿਹਾ ਜਾਵੇ ਤਾਂ ਕੋਈ ਅਤਿ-ਕਥਨੀ ਨਹੀਂ ਹੋਵੇਗੀ।ਪਰ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਿਲਕੁਲ ਅਨੂਠੀ ਅਤੇ ਲਾ ਮਿਸਾਲ ਹੈ।ਚਾਂਦਨੀ ਚੌਂਕ ਦਾ ਸੰਦੇਸ਼ ਸੰਸਾਰ ਦੇ ਅਮਨ ਅਤੇ ਨਿਆਂ ਪਸੰਦ ਹਿਰਦਿਆਂ ਲਈ ਪ੍ਰੇਰਨਾ ਦਿੰਦਾ ਰਹੇਗਾ ਅਤੇ ਵਿਸ਼ਵ- ਇਤਿਹਾਸ ਨੂੰ ਮਾਨਵੀ ਅਜਾਦੀ ਅਤੇ ਸਮਾਨਤਾ ਦੇ ਗਾਡੀ ਰਾਹ ਤੇ ਚੱਲਣ ਲਈ ਮਾਰਗ ਦਰਸ਼ਕ ਬਣਿਆ ਰਵੇਗਾ।ਚਾਂਦਨੀ ਚੌਂਕ ਦੇ ਸਾਕੇ ਦੇ 350ਵੇਂ ਵਰ੍ਹੇ ਤੇ ਕੁਝ ਸ਼ਬਦਾਂ ਰਾਹੀਂ ਸ਼ਹੀਦਾਂ ਦੇ ਡੁੱਲੇ ਖ਼ੂਨ ਨੂੰ ਸ਼ਰਧਾਂਜਲੀ ਦੇਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰਦੇ ਹਾਂ।

ਬਹੁਤ ਹੀ ਸੰਖੇਪ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਝਾਤ ਮਾਰਦੇ ਹਾਂ।ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀ ਨੂੰ ਪਿਤਾ ਗੁਰੂ ਹਰਗੋਬਿੰਦ ਜੀ ਦੇ ਘਰ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਅੰਮ੍ਰਿਤਸਰ ਸ਼ਹਿਰ ਵਿਖੇ ਹੋਇਆ, ਜਿੱਥੇ ਅੱਜ ਗੁਰਦੁਆਰਾ ਗੁਰੂ ਕੇ ਮਹਿਲ ਸੁਸ਼ੋਭਿਤ ਹੈ।ਆਪ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ।1635 ਈਸਵੀ ਵਿੱਚ ਆਪ ਜੀ ਨੇ ਗੁਰੂ ਹਰਿਗੋਬਿੰਦ ਜੀ ਦੀ ਕਰਤਾਰਪੁਰ ਦੀ ਲੜਾਈ ਵਿੱਚ ਤੇਗ ਦੇ ਐਸੇ ਜੌਹਰ ਦਿਖਾਏ ਕਿ ਗੁਰੂ ਜੀ ਨੇ ਉਹਨਾਂ ਦਾ ਨਾਮ ਤਿਆਗ ਮੱਲ ਤੌਂ ਬਦਲ ਕੇ ਤੇਗ ਬਹਾਦਰ ਕਰ ਦਿੱਤਾ।ਊਨ੍ਹਾਂ ਦਾ ਵਿਆਹ ਲਖਨੌਰ ਪਿੰਡ ਦੇ ਭਾਈ ਲਾਲ ਚੰਦ ਦੀ ਸਪੁੱਤਰੀ ਬੀਬੀ ਗੁਜਰੀ ਨਾਲ 1634 ਈਸਵੀ ਨੂੰ ਹੋਇਆ।ਆਪ ਜੀ ਦੇ ਵਿਆਹ ਤੋਂ 32 ਸਾਲ ਬਾਅਦ ਆਪ ਜੀ ਦੇ ਘਰ ਪੁੱਤਰ ਦਾ ਜਨਮ ਹੋਇਆ, ਜਿਸ ਨੂੰ ਆਪ ਉਦੋਂ ਮਿਲੇ, ਜਦੋ ਉਹ 5 ਸਾਲ ਦਾ ਹੋ ਗਿਆ ਸੀ।ਆਪ ਜੀ ਸ਼ੁਰੂ ਤੋਂ ਹੀ ਮਨ ਨੀਵਾਂ ਅਤੇ ਮੱਤ ਉੱਚੀ ਦੇ ਧਾਰਨੀ ਸ਼ਣ।ਨੈਤਿਕ ਗੁਣਾਂ ਨਾਲ ਬਚਪਨ ਤੋਂ ਹੀ ਭਰਪੂਰ ਸਨ। 1664 ਈਸਵੀ ਨੂੰ ਆਪ ਜੀ ਨੂੰ ਗੁਰਗੱਦੀ ਮਿਲੀ।ਗੁਰੂ ਹਰਿਕ੍ਰਿਸ਼ਨ ਜੀ ਨੇ ÷ ਬਾਬਾ ਬਕਾਲੇ÷ ਆਖ ਕੇ ਅਗਲੇ ਉੱਤਰ ਅਧਿਕਾਰੀ ਵੱਲ ਇਸ਼ਾਰਾ ਕਰ ਦਿੱਤਾ ਸੀ।ਪਰ ਧੀਰਮੱਲੀਆਂ ਅਤੇ ਰਾਮਰਾਈਆਂ ਨੇ ਆਪ ਗੁਰੂ ਬਣਨ ਲਈ 22 ਮੰਜੀਆਂ ਲਗਾ ਲਈਆਂ ਸਨ।ਭਾਈ ਮੱਖਣ ਸ਼ਾਹ ਲੁਬਾਣੇ ਰਾਹੀਂ ਪ੍ਰਗਟ ਹੋਏ ਤੇਗ ਬਹਾਦਰ ਜੀ ਗੁਰੂ ਬਣੇ ਅਤੇ ਸਿੱਖੀ ਪ੍ਰਚਾਰ ਵਿੱਚ ਜੁਟ ਗਏ। ਗੁਰੂ ਬਣਨ ਤੌਂ ਬਾਅਦ ਆਪ ਜੀ ਨੂੰ ਹਰਿਮੰਦਰ ਸਾਹਿਬ ਵਿਖੇ ਦਾਖਲ ਨਹੀਂ ਹੋਣ ਦਿੱਤਾ ਗਿਆ, ਆਪ ਜੀ ਕੁਝ ਦੂਰੀ ਤੇ ਹੀ ਬੈਠ ਕੇ ਮੁੜ ਗਏ, ਜਿੱਥੇ ਅੱਜਕੱਲ੍ਹ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ।ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ,ਤਲਵੰਡੀ ਸਾਬੋ,ਮੌੜ ਮੰਡੀ,ਮਹਿਸਰਖਾਨਾ ਆਦਿ ਦੀ ਯਾਤਰਾ ਕੀਤੀ। ਕਹਿਲੂਰ ਦੇ ਰਾਜੇ ਤੋਂ ਜਮੀਨ ਖਰੀਦ ਕੇ ਚੱਕ ਨਾਨਕੀ ਸ਼ਹਿਰ ਵਸਾਇਆ, ਜਿਸ ਦਾ ਨਾਮ ਮਾਖੋਵਾਲ ਅਤੇ ਬਾਅਦ ਵਿੱਚ ਅਨੰਦਪੁਰ ਸਾਹਿਬ ਪ੍ਰਸਿੱਧ ਹੋਇਆ। 1656 ਈਸਵੀ ਤੋਂ ਭਾਰਤ ਦਾ ਪ੍ਰਚਾਰਕ ਦੌਰਾ ਆਰੰਭ ਕੀਤਾ।ਘਨੌਲੀ, ਰੋਪੜ, ਧਮਤਾਨ, ਕੁਰੂਕਸ਼ੇਤਰ, ਮਥੁਰਾ, ਆਗਰਾ ,ਕਾਨਪੁਰ, ਅਲਾਹਾਬਾਦ, ਪ੍ਰਯਾਗ,ਕਾਂਸੀ ,ਗਯਾ ਅਤੇ ਪਟਨਾ ਵਿਖੇ ਵੀ ਗਏ।ਪੂਰਬੀ ਭਾਰਤ ਵਿਚ ਗੁਰੂ ਜੀ ਬਿਹਾਰ, ਆਸਾਮ, ਬੰਗਾਲ ਅਤੇ ਢਾਕਾ ਵਿਖੇ ਵੀ ਸਿੱਖੀ ਦੇ ਪ੍ਰਚਾਰ ਲਈ ਗਏ ।ਵੱਖ ਵੱਖ ਧਾਰਮਿਕ ਸਥਾਨਾਂ ਉੱਤੇ ਵੀ ਗਏ।ਅਤੇ ਗੁਰਮਤਿ ਦ੍ਰਿੜ੍ਹ ਕਰਵਾਉਂਦੇ ਰਹੇ ।ਸ਼ਬਦ ਦੇ ਪ੍ਰਚਾਰ ਦੇ ਨਾਲ ਹੀ ਆਪ ਜੀ ਨੇ ਖੁਦ ਵੀ ਬਾਣੀ ਦੀ ਰਚਨਾ ਕੀਤੀ, ਜਿਸ ਦਾ ਆਸ਼ਾ ਅਤੇ ਮਨੋਰਥ ਨਾਨਕ-ਸਿਧਾਂਤ ਦੇ ਪੂਰਨ ਅਨੁਕੂਲ ਹੈ।ਆਪ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ, ਬੈਰਾਗ ਅਤੇ ਪ੍ਰਭੂ ਪ੍ਰੇਮ ਦਾ ਭਰਪੂਰ ਮਾਤਰਾ ਵਿੱਚ ਵਰਨਣ ਹੈ।ਆਪ ਜੀ ਦੀ ਬਾਣੀ 15 ਰਾਗਾਂ ਵਿੱਚ ਪ੍ਰਾਪਤ ਹੈ ,ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਵਿੱਚ ਸ਼ਾਮਲ ਕਰਵਾ ਕੇ ਉਸਨੂੰ ਗੁਰੂ ਗ੍ਰੰਥ ਸਾਹਿਬ ਦਾ ਦਰਜਾ ਦੇ ਦਿੱਤਾ ਸੀ।ਆਪ ਜੀ ਦੀ ਰਾਗਾਂ ਵਿੱਚ ਲਿਖੀ ਗਈ ਬਾਣੀ ਦੇ ਕੁੱਲ 59 ਪਦੇ ਹਨ ਅਤੇ ਸਲੋਕ ਮਹਲਾ ੯ ਅਧੀਨ 57 ਬੈਰਾਗਮਈ ਸਲੋਕ ਹਨ, ਜਿਹਨਾਂ ਨੂੰ ਹਰ ਸਹਿਜ ਪਾਠ ਜਾਂ ਅਖੰਡ ਪਾਠ ਦੀ ਸਮਾਪਤੀ ਤੇ ਪੜ੍ਹਿਆ ਜਾਂਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ :- ਔਰੰਗਜੇਬ ਇਕ ਕੱਟੜ ਮੁਸਲਮਾਨ ਸ਼ਾਸ਼ਕ ਸੀ ਜਿਸ ਨੇ ਦਿੱਲੀ ਦੇ ਤਖਤ ਤੇ ਬੈਠਦਿਆਂ ਹੀ ਗੈਰ-ਮੁਸਲਮਾਨਾਂ ਤੇ ਸਖਤੀ ਅਤੇ ਤਸ਼ੱਦਦ ਸ਼ੁਰੂ ਕਰ ਦਿੱਤਾ ਸੀ।ਉਹ ਆਪਣੀ ਵਲੋਂ ਇਸਲਾਮ ਦਾ ਪ੍ਰਚਾਰ ਹੀ ਕਰ ਰਿਹਾ ਸੀ ਅਤੇ ਕਾਫਰਾਂ ਨੂੰ ਮੋਮਨ ਬਣਾ ਰਿਹਾ ਸੀ।ਜੋ ਇਸਲਾਮ ਧਾਰਨ ਨਹੀਂ ਸੀ ਕਰਦੇ, ਔਰੰਗਜੇਬ ਅਨੁਸਾਰ ਉਹਨਾਂ ਨੂੰ ਜਿਊਣ ਦਾ ਕੋਈ ਹੱਕ ਨਹੀਂ ਸੀ।ਇਸਲਈ ਉਹ ਉਹਨਾਂ ਨੂੰ ਕਤਲ ਕਰਵਾ ਦਿੰਦਾ ਸੀ। ਕਿਹਾ ਜਾਂਦਾ ਏ ਕਿ ਉਹ ਇਕ ਦਿਨ ਵਿਚ ਸਵਾ ਮਣ ਜੰਞੂ ਉਤਾਰਦਾ ਸੀ, ਜਿਹਨਾਂ ਨੂੰ ਜਾਂ ਤਾਂ ਇਸਲਾਮ ਵਿਚ ਸ਼ਾਮਲ ਕਰ ਲਿਆ ਜਾਂਦਾ ਸੀ ਤੇ ਜਾਂ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ।ਕਸ਼ਮੀਰ ਦੇਹਿੰਦੂ ਇਸ ਜ਼ੁਲਮ ਤੋਂ ਬਹੁਤ ਜਿਆਦਾ ਦੁਖੀ ਸਨ।ਉਹਨਾਂ ਕਸ਼ਮੀਰ ਦੇ ਸਿੱਖ ਪ੍ਰਚਾਰਕ ਭਾਈ ਕਿਰਪਾ ਰਾਮ ਨੂੰ ਨਾਲ ਲਿਆ ਅਤੇ ਅਨੰਦਪੁਰ ਸਾਹਿਬ ਵਿਚ ਗੁਰੂ ਨਾਨਕ ਦੀ ਗੱਦੀ ਤੇ ਬਿਰਾਜਮਾਨ ਗੁਰੂ ਤੇਗ ਬਹਾਦਰ ਜੀ ਕੋਲ ਆ ਫਰਿਆਦ ਕੀਤੀ।ਕਿਉਂਕਿ ਉਹਨਾਂ ਨੂੰ ਭਰੋਸਾ ਸੀ ਕਿ ਗੁਰੂ ਨਾਨਕ ਦਾ ਘਰ ਦਰ ਆਇਆਂ ਦੀ ਲਾਜ ਰੱਖਦਾ ਹੈ।ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੇ ਦੁੱਖੜੇ ਸੁਣੇ।ਆਪ ਜੀ ਦਾ ਕੋਮਲ ਹਿਰਦਾ ਵਲੂੰਧਰਿਆ ਗਿਆ।ਉਹਨਾਂ ਗੰਭੀਰ ਚਿੰਤਨ ਤੋਂ ਬਾਅਦ ਉਹਨਾਂ ਨੂੰ ਕਿਹਾ ਕਿ ਉਹ ਆਪਣੇ ਰਾਜੇ ਨੂੰ ਸੁਨੇਹਾ ਦੇਣ ਕਿ ਜੇ ਤੇਗ ਬਹਾਦਰ ਮੁਸਲਮਾਨ ਬਣ ਜਾਵੇ, ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।ਸੁਨੇਹਾ ਮਿਲਣ ਤੇ ਰਾਜਾ ਬਹੁਤ ਖੁਸ਼ ਹੋਇਆ।ਉਸਨੂੰ ਲੱਗਾ ਕਿ ਇੱਕ ਵਿਅਕਤੀ ਨੂੰ ਮੁਸਲਮਾਨ ਬਣਾਉਣਾ ਸੌਖਾ ਹੈ।

ਗੁਰੂ ਤੇਗ ਬਹਾਦਰ ਜੀ ਨੂੰ ਕੈਦ ਕਰ ਲਿਆ ਗਿਆ।ਉਹਨਾਂ ਅੱਗੇ ਤਿੰਨ ਸ਼ਰਤਾਂ ਰੱਖੀਆਂ ਗਈਆਂ।੧.ਇਸਲਾਮ ਕਬੂਲ ਕਰ ਲਵੋ ੨.ਆਪਣੇ ਪੀਰ ਹੋਣ ਦੇ ਸਬੂਤ ਵਜੋਂ ਕੋਈ ਕਰਾਮਾਤ ਦਿਖਾਈ ਜਾਵੇ।੩. ਮਰਨ ਲਈ ਤਿਆਰ ਰਹਿਣ।ਗੁਰੂ ਤੇਗ ਬਹਾਦਰ ਜੀ ਨੇ ਪਹਿਲੀ ਸ਼ਰਤ ਕੱਟ ਦਿੱਤੀ ਕਿਉਂਕਿ ਉਹਨਾਂ ਅਨੁਸਾਰ ਧਰਮ ਇਕ ਨਿਜੀ ਵਿਸ਼ਾ ਹੈ, ਇਹ ਠੋਸਿਆ ਨਹੀਂ ਜਾ ਸਕਦਾ।ਦੂਸਰੀ ਸ਼ਰਤ ਕਰਾਮਾਤ ਨੂੰ ਪ੍ਰਭੂ ਦੇ ਹੁਕਮ ਦੇ ਉਲਟ ਜਾਣਾ ਦੱਸਿਆ ਅਤੇ ਤੀਸਰੀ ਸ਼ਰਤ ਪ੍ਰਵਾਨ ਕਰਦਿਆਂ ਕਿਹਾ ਕਿ ਮਰਨ ਲਈ ਇਕ ਸਿੱਖ ਹਮੇਸ਼ਾ ਹੀ ਤਿਆਰ ਰਹਿੰਦਾ ਹੈ।ਗੁਰੂ ਜੀ ਨੂੰ ਡਰਾਉਣ ਦੇ ਉਦੇਸ਼ ਨਾਲ ਉਹਨਾਂ ਦੀਆਂ ਅੱਖਾਂ ਸਾਹਮਣੇ ਉਹਨਾਂ ਦੇ ਤਿੰਨ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ।ਭਾਈ ਮਤੀ ਦਾਸ ਜੀ ਦੇ ਸਰੀਰ ਨੂੰ ਆਰੇ ਨਾਲ ਚੀਰ ਦਿੱਤਾ ਗਿਆ।ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਅੱਗ ਲਗਾ ਦਿੱਤੀ ਗਈ ਅਤੇ ਭਾਈ ਦਿਆਲਾ ਜੀਂ ਨੂੰ ਉਬਲਦੇ ਪਾਣੀ ਦੇ ਦੇਗੇ ਵਿਚ ਬੈਠਾ ਕੇ ਉਬਾਲ ਦਿੱਤਾ ਗਿਆ।ਗੁਰੂ ਸਾਹਿਬ ਨੇ ਤਾਂ ਕੀ ਡੋਲ੍ਹਣਾ ਸੀ, ਇਹ ਤਿੰਨੇ ਸੂਰਬੀਰ ਵੀ ਆਪਣੇ ਸਿਦਕ ਵਿੱਚ ਪੱਕੇ ਰਹੇ ਅਤੇ ਗੁਰੂ ਸ਼ਬਦ ਦਾ ਜਾਪ ਕਰਦਿਆਂ ਸ਼ਹੀਦ ਹੋ ਗਏ।ਕਾਜੀ ਸ਼ੇਖਲ ਨੇ ਗੁਰੂ ਤੇਗ ਬਹਾਦਰ ਜੀ ਦਾ ਸਿਰ ਕਲਮ ਕੀਤੇ ਜਾਣ ਦਾ ਫਤਵਾ ਸੁਣਾਇਆ ਅਤੇ ਜੱਲਾਦ ਜਲਾਲੁਦੀਨ ਨੇ ਗੁਰੂ ਜੀ ਦਾ ਸਿਰ ਕਲਮ ਕਰ ਦਿੱਤਾ।ਵਿਸ਼ਵ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਇ ਜੁੜ ਗਿਆ ਕਿਉਂਕਿ ਐਸੀ ਸ਼ਹੀਦੀ ਅੱਜ ਤੱਕ ਨਹੀਂ ਸੀ ਹੋਈ।ਜਾਲਮ ਦਾ ਇਰਾਦਾ ਸੀ ਕਿ ਗੁਰੂ ਜੀ ਦੇ ਮ੍ਰਿਤਕ ਸਰੀਰ ਦੇ ਟੁਕੜੇ ਟੁਕੜੇ ਕਰ ਕੇ ਵੱਖ ਵੱਖ ਚੌਰਾਹਿਆਂ ਵਿੱਚ ਦਰੱਖਤਾਂ ਤੇ ਲਟਕਾਏ ਜਾਣ ਤਾਂ ਕਿ ਸਿੱਖਾਂ ਵਿੱਚ ਦਹਿਸ਼ਤ ਪੈਦਾ ਹੋ ਸਕੇ।ਪਰ ਉਸੇ ਸਮੇਂ ਤੇਜ ਹਨੇਰੀ ਅਤੇ ਝੱਖੜ ਆਇਆ, ਜਿਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਉਠਾ ਲਿਆ।ਜਿਸ ਨੂੰ ਉਹ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਲੈ ਗਏ।ਗੁਰੂ ਗੋਬਿੰਦ ਸਿੰਘ ਜੀ ਨੇ ਸਤਿਕਾਰ ਨਾਲ ਅਨੰਦਪੁਰ ਸਾਹਿਬ ਵਿਖੇ ਹੀ ਸੀਸ ਦਾ ਸੰਸਕਾਰ ਕੀਤਾ।ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਵਣਜਾਰਾ ਆਪਣੇ ਰੂੰ ਦੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲੈ ਆਇਆ ਅਤੇ ਉਸਨੇ ਆਪਣੇ ਘਰ ਨੂੰ ਹੀ ਅੱਗ ਲਗਾ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ।ਦਿੱਲੀ ਵਿਖੇ ਜਿੱਥੇ ਸੀਸ ਕੱਟਿਆ ਗਿਆ ਸੀ, ਉਥੇ ਗੁਰਦੁਆਰਾ ਸੀਸ ਗੰਜ ਅਤੇ ਧੜ ਦੇ ਸੰਸਕਾਰ ਵਾਲੀ ਜਗ੍ਹਾ ਗੁਰਦੁਆਰਾ ਰਕਾਬ ਗੰਜ ਸੁਸ਼ੋਭਿਤ ਹੈ।

ਗੁਰੂ ਜੀ ਦੀ ਸ਼ਹਾਦਤ ਸੰਬੰਧੀ ਕੁਝ ਵਿਚਾਰਾਂ :---

੧. ਹਿੰਦ ਦੀ ਚਾਦਰ ਕਿ ਸ੍ਰਿਸ਼ਟਿ ਕੀ ਚਾਦਰ ??

ਗੁਰੂ ਤੇਗ ਬਹਾਦਰ ਜੀ ਨੂੰ ਕਦੋਂ ਅਤੇ ਕਿਸ ਨੇ ਹਿੰਦ ਕੀ ਚਾਦਰ ਕਹਿਣਾ ਸ਼ੁਰੂ ਕਰ ਦਿੱਤਾ ਇਸ ਦਾ ਕੋਈ ਸਰੋਤ ਸਾਨੂੰ ਨਹੀਂ ਮਿਲਿਆ।ਪਰ ਜਾਪਦਾ ਇਹੀ ਹੈ ਕਿ ਸਾਡੀ ਅਗਿਆਨਤਾ ਨੇ ਅਤੇ ਵਿਰੋਧੀਆਂ ਦੀ ਸਾਜਿਸ਼ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਤੰਗ ਨਜ਼ਰੀਏ ਤੋਂ ਪੇਸ਼ ਕੀਤਾ ਹੈ ਅਤੇ ਅਸੀਂ ਜਾਣੇ ਅਣਜਾਣੇ ਹੁਣ ਹਿੰਦ ਕੀ ਚਾਦਰ ਕਹਿਣ ਲੱਗ ਪਏ ਹਾਂ।

ਕਵੀ ਸੈਨਾਪਤਿ ਦੀ ਪੁਸਤਕ ਸ੍ਰੀ ਗੁਰ ਸੋਭਾ, ਜਿਸ ਨੂੰ ਵਿਦਵਾਨਾਂ ਨੇ ਕਾਫੀ ਹੱਦ ਤੱਕ ਪ੍ਰਮਾਣਿਤ ਆਖਿਆ ਹੈ, ਉਸ ਵਿੱਚ ਇਹ ਸ਼ਬਦ ਦਰਜ ਹਨ--

ਪ੍ਰਗਟ ਭਏ ਗੁਰੂ ਤੇਗ ਬਹਾਦਰ ॥
ਸਗਲ ਸ੍ਰਿਸ਼ਟਿ ਪੈ ਢਾਕੀ ਚਾਦਰ ॥

ਇਸ ਨੂੰ ਕਿਸ ਨੇ ਬਦਲ ਕੇ ਹਿੰਦ ਕੀ ਚਾਦਰ ਕਰ ਦਿੱਤਾ ਅਤੇ ਕਿਉ ??? ਜੇ ਇਥੇ ਹਿੰਦ ਦਾ ਭਾਵ ਹਿੰਦੁਸਤਾਨ ਹੈ ਤਦ ਵੀ ਇਹ ਠੀਕ ਨਹੀਂ, ਕਿਉਂਕਿ ਗੁਰੂ ਜੀ ਨੂੰ ਇਕ ਦੇਸ਼ ਤੱਕ ਸੀਮਿਤ ਕਰਨਾ ਗਲਤ ਹੈ।ਜੇ ਇਸ ਦਾ ਭਾਵ ਹਿੰਦੂ ਧਰਮ ਤੋਂ ਹੈ, ਤਦ ਵੀ ਇਹ ਠੀਕ ਨਹੀਂ ਕਿ ਗੁਰੂ ਜੀ ਨੂੰ ਸਮੂਹ ਮਾਨਵਤਾ ਨਾਲੋਂ ਤੋੜ ਕੇ ਕਿਸੇ ਇੱਕ ਮਜ਼ਹਬ ਨਾਲ ਬੰਨ੍ਹਿਆ ਜਾਵੇ ।

੨.ਤਿਲਕ ਜੰਞੂ ਰਾਖਾ ਪ੍ਰਭ ਤਾਕਾ ? ਉਪਰੋਕਤ ਪੰਕਤੀਆਂ ਬਚਿੱਤਰ ਨਾਟਕ ਵਿਚੋਂ ਹਨ , ਜੋ ਦਸਮ ਗ੍ਰੰਥ ਦਾ ਇਕ ਭਾਗ ਹੈ।ਦਸਮ ਗ੍ਰੰਥ ਦੇ ਕਰਤਾ ਬਾਰੇ ਅੱਜ ਤੱਕ ਪੰਥ ਅਤੇ ਵਿਦਵਾਨਾਂ ਵਿੱਚ ਵਿਵਾਦ ਚੱਲ ਰਿਹਾ ਹੈ ।ਵਿਦਵਾਨਾਂ ਦਾ ਇਕ ਹਿੱਸਾ ਇਸ ਨੂੰ ਸਾਰੇ ਦੇ ਸਾਰੇ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਮੰਨਦਾ ਹੈ।ਦੂਸਰਾ ਹਿੱਸਾ ਇਸ ਦਾ ਪੂਰਨ ਵਿਰੋਧੀ ਹੈ ਅਤੇ ਇਸ ਵਿਚ ਅਸ਼ਲੀਲਤਾ ਅਤੇ ਬਿਪਰਵਾਦ ਦੀ ਹੋਂਦ ਕਾਰਨ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਦਾ।ਤੀਸਰਾ ਹਿੱਸਾ ਅਜਿਹਾ ਵੀ ਹੈ ਜੋ ਇਸ ਗ੍ਰੰਥ ਦੀਆਂ ਕੁਝ ਬਾਣੀਆਂ ਜਿਵੇਂ ਜਾਪ, ਸਵਈਏ, ਜ਼ਫਰਨਾਮਾ ਆਦਿ ਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਿਖੀਆਂ ਮੰਨਦਾ ਹੈ ਅਤੇ ਕੁਝ ਗੁਰਮਤਿ ਵਿਰੋਧੀ ਰਚਨਾਵਾਂ ਨੂੰ ਗੁਰੂ-ਕ੍ਰਿਤ ਨਹੀਂ ਮੰਨਦਾ।ਅਸੀਂ ਇਸ ਸਮੇਂ ਇਸ ਵਿਸ਼ੇ ਤੇ ਕੋਈ ਚਰਚਾ ਨਹੀਂ ਕਰਨਾ ਚਾਹੁੰਦੇ, ਪਰ ਇਹ ਪ੍ਰਸ਼ਨ ਜਰੂਰ ਕਰਨਾ ਚਾਹੁੰਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਨੂੰ ਸਿਰਫ ਤਿਲਕ ਜੰਞੂ ਦੀ ਰਾਖੀ ਨਾਲ ਹੀ ਕਿਉ ਬੰਨ੍ਹਿਆ ਜਾਵੇ ? ਠੀਕ ਹੈ ਕਿ ਉਸ ਸਮੇਂ ਤਿਲਕ ਜਨੇਊ ਖਤਰੇ ਵਿੱਚ ਸਨ, ਪਰ ਧਾਰਮਿਕ ਆਜ਼ਾਦੀ ਦੀ ਰਾਖੀ ਸ਼ਬਦ ਕਿਉਂ ਨਹੀਂ ਪ੍ਰਚਾਰਿਆ ਜਾਂਦਾ ? ਸਾਰੇ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਜੇ ਇਸਲਾਮ ਧਰਮ ਤੇ ਜ਼ੁਲਮ ਹੋ ਰਿਹਾ ਹੁੰਦਾ, ਤਾਂ ਗੁਰੂ ਜੀ ਉਸ ਲਈ ਵੀ ਆਪਣੀ ਸ਼ਹਾਦਤ ਉਸੇ ਭਾਵਨਾ ਨਾਲ ਦਿੰਦੇ।ਫੇਰ ਅਸੀਂ ਆਪਣੇ ਪ੍ਰਚਾਰ ਸਮੇਂ ਉਸ ਬ੍ਰਹਿਮੰਡੀ ਅਤੇ ਮਨੁੱਖਤਾ ਵਾਦੀ ਭਾਵਨਾ ਨੂੰ ਤੰਗ ਨਜ਼ਰੀਏ ਤੋਂ ਕਿਉ ਪੇਸ਼ ਕਰ ਰਹੇ ਹਾਂ ।ਪੂਰੀਆਂ ਪੰਕਤੀਆਂ ਇਸ ਤਰਾਂ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰੁ ਨ ਦੀਆ॥

ਇੱਥੇ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ ॥ਆਮ ਤੌਰ ਤੇ ਸਿਰਰੁ ਦਾ ਅਰਥ ਸਿਰੜ ਕਰ ਲਿਆ ਜਾਂਦਾ ਹੈ।ਜੋ ਇਕ ਛੋਟਾ ਅਰਥ ਹੈ।ਸਿਰਰੁ ਨੂੰ ਕਲਬ,ਰੂਹ,ਧਫੀ ਵੀ ਕਿਹਾ ਜਾਂਦਾ ਹੈ ਜੋ ਸੂਫ਼ੀਆਂ ਦੀ ਉਹ ਅਧਿਆਤਮਕ ਅਵਸਥਾ ਹੈ ਜਿੱਥੇ ਪਾਰਗਾਮੀ ਰੂਪ ਵਿਚ ਸਭ ਨਿਹੋਂਦ ਹੈ ਜਦਕਿ ਸਿਰੜ ਇਕ ਤਰ੍ਹਾਂ ਦੀ ਭੌਤਿਕ ਅਵਸਥਾ ਹੈ।

੩.ਗੋਬਿੰਦ ਰਾਏ ਵਲੋਂ ਪਿਤਾ ਦੀ ਕੁਰਬਾਨੀ :-- ਸਾਡੇ ਪ੍ਰਚਾਰਕ ਬਹੁਤ ਜਿਆਦਾ ਜੋਰ ਦੇ ਕੇ ਕਹਿੰਦੇ ਹਨ ਕਿ ਪੰਡਤਾਂ ਦੀ ਫਰਿਆਦ ਸੁਣ ਕੇ ਗੁਰੂ ਤੇਗ ਬਹਾਦਰ ਜੀ ਗੰਭੀਰ ਹੋ ਕੇ ਸੋਚਣ ਲੱਗ ਪਏ।ਬਾਲ ਗੋਬਿੰਦ ਰਾਏ ਦੇ ਪੁੱਛਣ ਤੇ ਗੁਰੂ ਜੀ ਸਮੱਸਿਆ ਦੇ ਹੱਲ ਲਈ ਕਿਸੇ ਮਹਾਂਪੁਰਖ ਦੀ ਕੁਰਬਾਨੀ ਦੀ ਲੋੜ ਬਾਰੇ ਦੱਸਦੇ ਹਨ ਤੇ ਬਾਲ ਗੋਬਿੰਦ ਇੱਕ ਦਮ ਆਖਦੇ ਹਨ-ਪਿਤਾ ਜੀ ਆਪ ਜੀ ਤੋਂ ਵੱਡਾ ਮਹਾਂਪੁਰਖ ਕੌਣ ਹੋ ਸਕਦਾ ਹੈ ??ਅਤੇ ਤਦ ਗੁਰੂ ਤੇਗ ਬਹਾਦਰ ਜੀ ਨੇ ਪੰਡਤਾਂ ਨੂੰ ਕਿਹਾ ਕਿ ਉਹ ਔਰੰਗਜੇਬ ਨੂੰ ਆਖਣ ਕਿ ਉਹ ਤੇਗ ਬਹਾਦਰ ਨੂੰ ਮੁਸਲਮਾਨ ਬਣਾਵੇ।ਬਹੁਤ ਹੀ ਸਤਿਕਾਰ ਨਾਲ ਅਤੇ ਖਿਮਾ ਜਾਚਨਾ ਕਰਦਾ ਹੋਇਆ ਕਹਿਣਾ ਚਾਹਾਂਗਾ ਕਿ ਇਸ ਵਾਰਤਾਲਾਪ ਨੂੰ ਇਸ ਤਰਾਂ ਪ੍ਰਚਾਰਿਆ ਜਾਣਾ ਠੀਕ ਨਹੀਂ ਲੱਗਦਾ।ਬਾਲ ਗੋਬਿੰਦ ਰਾਏ ,ਜੋ ਉਸ ਸਮੇਂ ਅਜੇ ਗੁਰੂ ਨਹੀਂ ਸੀ ਬਣੇ, ਉਹਨਾਂ ਦੀ ਗੱਲਬਾਤ ਨੂੰ ਵਡਿਆਉਂਦੇ ਹੋਏ ,ਅਸੀਂ ਅਨਜਾਣਪੁਣੇ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਦਾ ਕੱਦ ਛੋਟਾ ਕਰ ਦਿੰਦੇ ਹਾਂ।ਕੀ, ਜੇ ਬਾਲ ਗੋਬਿੰਦ ਨਾ ਆਖਦੇ, ਤਾਂ ਗੁਰੂ ਜੀ ਆਪਣੀ ਸ਼ਹੀਦੀ ਨਾ ਦਿੰਦੇ ??? ਜਾਂ ਕੀ ਗੁਰੂ ਜੀ ਨੂੰ ਜ਼ੁਲਮ ਦੇ ਸਤਾਏ ਪੰਡਤਾਂ ਦੇ ਦੁੱਖ ਨਾਲੋਂ ਪੁੱਤਰ ਦੀ ਦੀ ਪ੍ਰੇਰਨਾ ਜਿਆਦਾ ਮੁੱਲਵਾਨ ਲੱਗਦੀ ਸੀ ??? ਸੰਗਤ ਵਿਚਾਰ ਜਰੂਰ ਕਰੇ।

ਗੁਰਮਤਿ ਦਾ ਤਾਂ ਸਿਧਾਂਤ ਹੀ ਇਹੀ ਹੈ ਜਿਸ ਨੂੰ ਗੁਰਬਾਣੀ ਵਿੱਚ ਵੀ ਬਿਆਨ ਕੀਤਾ ਗਿਆ ਹੈ ਅਤੇ ਪਹਿਲੇ ਗੁਰੂ ਸਾਹਿਬਾਨ ਅਤੇ ਭਗਤਾਂ ਦੁਆਰਾ ਜੀਅ ਕੇ ਵੀ ਦਿਖਾਇਆ ਗਿਆ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥........(ਪੰਨਾ ੧੪੧੨, ਸਲੋਕ ਵਾਰਾਂ ਤੇ ਵਧੀਕ ਮਹਲਾ ੧)
ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥............(ਪੰਨਾ ੧੧੦੨, ਸਲੋਕ ਮ : ੫)

੪.ਇਹ ਸ਼ਹਾਦਤ ਲਾਸਾਨੀ ਅਤੇ ਵਿਲੱਖਣ ਕਿਉ :- ਗੁਰੂ ਤੇਗ ਬਹਾਦਰ ਜੀ ਨੂੰ ਲਾਸਾਨੀ ਸ਼ਹੀਦ ਅਤੇ ਉਹਨਾਂ ਦੀ ਸ਼ਹਾਦਤ ਨੂੰ ਵਿਲੱਖਣ ਸ਼ਹਾਦਤ ਕਿਹਾ ਜਾਂਦਾ ਹੈ।ਇਸ ਦਾ ਵੱਡਾ ਕਾਰਨ ਇਹ ਹੈ ਕਿ

੧. ਇਹ ਸ਼ਹਾਦਤ ਮਨੁੱਖਤਾ ਦੀ ਪੂਰਨ ਆਜ਼ਾਦੀ ਲਈ ਸੀ।ਜਿਸ ਜਨੇਊ ਨੂੰ ਗੁਰੂ ਨਾਨਕ ਜੀ ਨੇ ਪਹਿਨਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰਬਾਣੀ ਵਿੱਚ ਵੀ ਬਾਹਰੀ ਜਨੇਊ ਦਾ ਖੰਡਨ ਕੀਤਾ ਗਿਆ ਹੈ, ਓਹੀ ਜਨੇਊ ਨੂੰ ਕੋਈ ਧੱਕੇ ਨਾਲ ਉਤਾਰੇ, ਇਹ ਵੀ ਬਰਦਾਸ਼ਤ ਤੋਂ ਬਾਹਰ ਹੈ।ਜਿਸ ਤਰਾਂ ਧੱਕੇ ਨਾਲ ਜਨੇਊ ਪਾਇਆ ਜਾਣਾ ਗਲਤ ਹੈ, ਉਸੇ ਤਰਾਂ ਉਤਾਰਿਆ ਜਾਣਾ ਵੀ ਗਲਤ ਹੈ।ਇਹ ਸੰਸਾਰ ਵਿੱਚ ਇੱਕੋ ਇੱਕ ਅਜਿਹੀ ਸ਼ਹਾਦਤ ਹੈ, ਜਿਹੜੀ ਉਸ ਵਿਸ਼ਵਾਸ਼ ਖਾਤਰ ਦਿੱਤੀ ਗਈ ਜਿਸ ਨੂੰ ਸ਼ਹਾਦਤ ਦੇਣ ਵਾਲਾ ਆਪ ਨਹੀਂ ਮੰਨਦਾ ਸੀ। (ਸਾਡੇ ਕਈ ਕਾਹਲੇ ਅਤੇ ਮਾਡਰਨ ਪ੍ਰਚਾਰਕ ਪੰਜ ਕਕਾਰਾਂ ਨੂੰ ਜਨੇਊ ਨਾਲ ਤੁਲਨਾ ਦੇ ਕੇ ਇਹ ਆਖਦੇ ਹਨ ਕਿ ਗੁਰੂ ਨਾਨਕ ਨੇ ਜਨੇਊ ਦਾ ਖੰਡਨ ਕੀਤਾ ਸੀ ਅਤੇ ਅਸੀ ਅੱਜ ਪੰਜ ਕਕਾਰਾਂ ਦਾ ਪ੍ਰਚਾਰ ਕਰ ਰਹੇ ਹਾਂ।ਸਤਿਕਾਰ ਸਹਿਤ ਬੇਨਤੀ ਹੈ ਕਿ ਪੰਜ ਕਕਾਰ ਕਦੇ ਵੀ ਧੱਕੇ ਨਾਲ ਨਹੀਂ ਪਹਿਨਾਏ ਜਾਂਦੇ।ਅੰਮ੍ਰਿਤ ਅਭਿਲਾਖੀ ਦੇ ਖੁਦ ਬੇਨਤੀ ਕਰਨ ਤੋਂ ਬਾਅਦ ਪਹਿਨਾਏ ਜਾਂਦੇ ਹਨ।ਇਹ ਪੂਰਨ ਧਾਰਮਿਕ ਆਜ਼ਾਦੀ ਹੈ ।ਜਿਸ ਨੂੰ ਅਜੋਕੀ ਭਾਸ਼ਾ ਵਿੱਚ ਮਨੁੱਖੀ ਅਧਿਕਾਰ ਆਖਿਆ ਜਾਂਦਾ ਹੈ।ਇਸ ਲਈ ਜਨੇਊ ਅਤੇ ਕਕਾਰਾਂ ਦੀ ਤੁਲਨਾ ਜਾਇਜ਼ ਨਹੀਂ ਹੈ ।)

੨.ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਪੁਸਤਕ ਵਿੱਚ ਦੌਲਤ ਰਾਇ ਗੁਰੂ ਜੀ ਦੀ ਗ੍ਰਿਫਤਾਰੀ ਨੂੰ ਉਲਟੀ ਗੰਗਾ ਵਹਾਉਣਾ ਲਿਖਦਾ ਹੈ।ਆਮ ਕਰਕੇ ਕਾਤਲ, ਮਕਤੂਲ ਕੋਲ ਚੱਲ ਕੇ ਆਉਂਦਾ ਹੈ ਪਰ ਗੁਰੂ ਤੇਗ ਬਹਾਦਰ ਜੀ ਖੁਦ ਕਾਤਲ ਕੋਲ ਚੱਲ ਕੇ ਜਾਂਦੇ ਹਨ।

੩.ਇਹ ਵੀ ਇਤਿਹਾਸ ਵਿੱਚ ਪਹਿਲੀ ਵਾਰ ਹੈ ਕਿ ਕਿਸੇ ਸ਼ਹੀਦ ਦੀ ਮ੍ਰਿਤਕ ਦੇਹ ਦਾ ਸੰਸਕਾਰ ਵੀ ਹਿੱਸਿਆਂ ਵਿੱਚ ਹੋਇਆ ਹੋਵੇ।ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਅਨੰਦਪੁਰ ਸਾਹਿਬ ਵਿਖੇ ਅਤੇ ਧੜ ਦਾ ਸੰਸਕਾਰ ਦਿੱਲੀ ਵਿਖੇ ਹੋਇਆ ਸੀ।

੪. ਸੀਸ ਉਠਾਉਣ ਵਾਲੇ ਭਾਈ ਜੀਵਨ ਸਿੰਘ ਉਰਫ ਜੈਤਾ ਜੀ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋਏ ਸਨ ਜਦਕਿ ਪਤਾ ਲੱਗਣ ਤੇ ਭਾਈ ਲੱਖੀ ਸ਼ਾਹ ਵਣਜਾਰੇ ਨੂੰ ਟੱਬਰ ਸਮੇਤ ਜਾਲਮ ਵਲੋਂ ਖਤਮ ਕਰ ਦਿੱਤਾ ਗਿਆ ॥ ਧਾਰਮਿਕ ਅਜਾਦੀ ਅੱਜ ਮਨੁੱਖ ਦੇ ਮੁੱਢਲੇ ਅਧਿਕਾਰਾਂ ਵਿੱਚ ਆ ਚੁੱਕੀ ਹੈ।ਯੂ.ਐਨ.ਓ. ਵਲੋਂ ਮਨੁੱਖੀ ਅਧਿਕਾਰ ਦਿਵਸ ਵੀ ਮਨਾਇਆ ਜਾ ਰਿਹਾ ਹੈ।ਪਰ ਇਹ ਸਾਡੀ ਅਕ੍ਰਿਤਘਣਤਾ ਅਤੇ ਨਾਲਾਇਕੀ ਹੀ ਕਹਾਏਗੀ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਨੂੰ ÷ਮਨੁੱਖੀ ਅਧਿਕਾਰ ਦਿਵਸ÷ ਦੇ ਰੂਪ ਵਿਚ ਲਾਗੂ ਨਹੀਂ ਕਰਵਾ ਸਕੇ ???? ਵਾਹਿਗੁਰੂ ਜੀ ਸਾਡੀ ਕੌਮ ਨੂੰ ਸੁਮੱਤ ਬਖਸ਼ਣ ਅਤੇ ਅਸੀਂ ਗੁਰੂ ਜੀ ਤੋਂ ਨਿਮਰਤਾ, ਅਹਿੰਸਾ, ਪ੍ਰੇਮ, ਜ਼ੁਲਮ ਵਿਰੁੱਧ ਖੜ੍ਹਨ ਅਤੇ ਲੜ੍ਹਨ ਦੀ ਜਾਚ ਸਿੱਖ ਸਕੀਏ।ਅਤੇ ਗੁਰੂ ਜੀ ਦੀ ਬਾਣੀ ਵਿੱਚ ਬਿਆਨ ਕੀਤੇ ਅਨੁਸਾਰ --

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥.............(ਪੰਨਾ ੧੪੨੭, ਸਲੋਕ ਮਹਲਾ ੯)

ਦੇ ਧਾਰਨੀ ਹੋ ਕੇ ਨਿਰਭਉ ਅਤੇ ਨਿਰਵੈਰ ਸਮਾਜ ਦੀ ਸਿਰਜਣਾ ਕਰ ਸਕੀਏ।

# ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੇ ਵਿਸ਼ੇਸ਼

ਹਿੰਦ ਦੀ ਚਾਦਰ ਸਿੱਖਾਂ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਿਹਾ ਜਾਂਦਾ ਹੈ, ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਵਦੀ 5 ਸੰਮਤ 1678, ਮੁਤਾਬਕ 1 ਅਪੈ ?ਲ 1621 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਘਰ ਸ੍ਰੀ ਮਾਤਾ ਨਾਨਕੀ ਜੀ ਦੀ ਕੁੱਖ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਗੁਰੂ ਕੇ ਮਹਿਲਾਂ ਵਿੱਚ ਹੋਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਛੇਵੀਂ ਪਾਤਸ਼ਾਹੀ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੋਣ ਦੀ ਖ਼ਬਰ ਸੁਣ ਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਗੁਰੂ ਜੀ ਦੇਖਣ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੇਖਿਆਂ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ ਸਾਡਾ ਪੁੱਤਰ ਬੜਾ ਬਲੀ, ਸੂਰਬੀਰ ਹੋਵੇਗਾ। ਅਸੀ ਇਸ ਦਾ ਨਾਮ ਤਿਆਗ ਮੱਲ ਰੱਖਦੇ ਹਾਂ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਪੜਾਈ, ਸਿਖਲਾਈ ਮੀਰੀ -ਪੀਰੀ ਦੇ ਮਾਲਕ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਨਿਗਰਾਨੀ ਹੇਠ ਹੋਈ। ਸ਼੍ਰੀ ਗੁਰੂ ਤੇਗ ਬਹਾਦਰਜੀ ਨੂੰ ਗੁਰਬਾਣੀ ਤੇ ਧਰਮ -ਗ ?ਥਾਂ ਦੀ ਪੜਾਈ ਦੇ ਨਾਲ - ਨਾਲ ਸ਼ਸਤਰਾਂ ਦੀ ਵਰਤੋਂ ਅਤੇ ਹੋਰ ਸਵਾਰੀ ਦੀ ਸਿਖਲਾਈ ਵੀ ਕਰਾਈ ਗਈ। ਸ੍ਰੀ ਗੁਰੂ ਤੇਗ ਬਹਾਦਰ ਜੀ ਸੁੰਦਰ -ਜਵਾਨ, ਗੱਭਰੂ -ਬਲਵਾਨ, ਸੂਰਬੀਰ, ਵਿਦਵਾਨ, ਸ਼ਸਤਰਧਾਰੀ ਅਤੇ ਧਰਮ ਤੇ ਰਾਜਨੀਤੀ ਦੇ ਚੰਗੇ ਜਾਣੂੰ ਬਣੇ।

ਸੰਨ 1635 ਵਿੱਚ ਕਰਤਾਰਪੁਰ ਦੀ ਲੜਾਈ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਇਨ੍ਹਾਂ ਦੀ ਬਹਾਦਰੀ ਨੂੰ ਵੇਖਦਿਆਂ ਆਪ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ। ਜਿਸਦਾ ਅਰਥ ਤਲਵਾਰ ਦਾ ਧਨੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਵਿਆਹ ਕਰਤਾਰਪੁਰ (ਜਲੰਧਰ) ਵਾਸੀ ਸ੍ਰੀ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ, ਸ੍ਰੀ ਮਾਤਾ ਗੁਜਰੀ ਜੀ ਨਾਲ 15ਅੱਸੂ 1689 ਨੂੰ ਹੋਇਆ। ਜਿਹਨਾਂ, ਦੀ ਕੁੱਖ ਤੋਂ ਸੰਮਤ1723 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੈਦਾ ਹੋਏ। ਵਿਆਹ ਦੇ 34 ਸਾਲਾਂ ਤੋਂ ਬਾਅਦ ਗੁਰੂ ਜੀ ਦੇ, ਘਰ ਨਿਵਾਸ ਵਿੱਚ ਗੁਰੂ ਗੋਬਿੰਦ ਸਿੰ ਜੀ ਦਾ ਆਗਮਨ ਹੋਇਆ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਿੱਜੀ ਤੇ ਘਰੇਗੀ ਜੀਵਨ ਬੜਾ ਸਾਦਾ, ਸੁਖੀ ਸੀ, ਆਪ ਦਾ ਮਨ ਸੰਸਾਰ ਦੇ ਲਾਲਚਾਂ, ਮੋਹਾਂ, ਝਗੜਿਆਂ ਤੇ ਰਸਾਂ ਤੋਂ ਬੇਲਾਗ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਖਾਹਿਸ਼ਾਂ ਤੇ ਰੁਚੀਆਂ ਨੂੰ ਪੂਰਨ ਤੌਰ ਤੇ ਵੱਸ ਵਿੱਚ ਕਰ ਲਿਆ ਸੀ। ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੋਤੀ ਜੋਤਿ ਸਮਾਉਣ ਸਮੇਂ

ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਛੱਡ ਕੇ ਗੁਰੂ ਜੀ ਦੇ ਭਤੀਜੇ ਸ੍ਰੀ ਹਰਿਰਾਇ ਸਾਹਿਬ ਨੂੰ ਗੁਰਗੱਦੀ ਲਈ ਨੀਅਤ ਕੀਤਾ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਨ ਵਿੱਚ ਰਤੀ ਭਰ ਰੋਸ ਜਾਂ ਅਫ਼ਸੋਸ ਨਾ ਪੈਦਾ ਹੋਇਆ। ਗੁਰੂ ਤੇਗ ਬਹਾਦਰ ਜੀ ਦੇ ਮਨ ਵਿੱਚ ਇਹ ਖਿਆਲ ਨਾ ਉਪਜਿਆਂ ਕਿ ਗੁਰੂ ਗੱਦੀ ਸਾਨੂੰ ਮਿਲਣੀ ਚਾਹੀਦੀ ਸੀ। ਇਸੇਤਰਾਂ ਸੱਤਵੇਂ ਗੁਰੂ ਜੀ ਦੇ ਜੋਤੀ -ਜੋਤਿ ਸਮਾਏ ਅਤੇ ਉਹਨਾਂ ਨੇ ਗੁਰੂ ਗੱਦੀ ਲਈ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਨਾ ਚੁਣਿਆ, ਸਗੋਂ ਆਪਣੇ ਪੰਜਾਂ ਸਾਲਾਂ ਦੇ ਸਪੁੱਤਰ ਸ੍ਰੀ ਹਰਿਕ੍ਰਿਸ਼ ?ਨ ਸਾਹਿਬ ਜੀ ਨੂੰ ਗੁਰਤਾ ਦਿੱਤੀ, ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਜੇ ਮਨ ਵਿੱਚ ਕੋਈ ਰੋਸ ਜਾਂ ਅਫਸੋਸ ਜਾਂ ਲਾਲਚ ਪੈਦਾ ਨਾ ਹੋਇਆ।

ਸੰਮਤ 1709 ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਸਮਾਉਣ ਮਗਰੋਂ ਆਪ ਆਪਣੀ ਮਾਤਾ ਜੀ ਅਤੇ ਸੁਪਤਨੀ ਸਮੇਤ ਆਪਣੇ ਨਾਨਕੇ, ਪਿੰਡ ਬਕਾਲੇ ਜ਼ਿਲਾ ਅੰਮ੍ਰਿਤਸਰ ਜਾ ਟਿਕੇ ਅਤੇ ਵੀਹ ਇੱਕੀ ਵਰ ? ਓਥੇ ਰਹੇ। ਉੱਥੇ ਆਪ ਇੱਕ ਮਾਮੂਲੀ ਜਿਹੇ ਮਕਾਨ ਵਿੱਚ ਇਕਾਂਤ, ਸ਼ਾਂਤ ਤੇ ਟਿਕਾਉ ਵਾਲਾ ਜੀਵਨ ਬਤੀਤ ਕਰਦੇ ਸਨ। ਸ੍ਰੀ ਗੁਰੂ ਤੇਗ ਬਹਾਦਰ ਜੀ ਬਹੁਤਾ ਚਿਰ ਭੋਰੇ ਵਿੱਚ ਰਹਿ ਕੇ ਜਪ ਤਪ ਤੇ ਸਿਮਰਨ ਅਭਿਆਸ ਕਰਦੇ ਰਹਿੰਦੇ ਸਨ।

ਜਦੋਂ ਸ੍ਰੀ ਹਰਿਕ੍ਰਿਸ਼ ?ਨ ਸਾਹਿਬ ਜੀ ਚੇਤ ਸੁਦੀ 14(3ਵੈਸਾਖ) ਸੰਮਤ 1721ਨੂੰ ਦਿੱਲੀ ਵਿੱਚ ਜੋਤੀ-ਜੋਤਿ ਸਮਾਉਣ ਲੱਗੇ ਸੰਗਤਾਂ ਨੇ ਸ੍ਰੀ ਹਰਿਕ੍ਰਿਸ਼ ?ਨ ਜੀ ਪਾਸੋਂ ਪੁੱਛਿਆ ਕਿ ਤੁਹਾਡੇ ਦੇ ਮਗਰੋਂ ਸਾਡੇ ਗੁਰੂ ਕੌਣ ਹੋਣਗੇ, ਤਾਂ ਸ੍ਰੀ ਹਰਿਕ੍ਰਿਸ਼ਨ ਜੀ ਨੇ ਪੰਜ ਪੈਸੇ ਤੇ ਨਰੇਲ ਹੱਥ ਵਿੱਚ ਲੈਕੇ ਬਾਂਹ ਉੱਚੀ ਕਰ ਕੇ ਤਿੰਨ ਵੇਰ ਘੁਮਾਈ ਅਤੇ ਕਿਹਾ ਬਾਬਾ ਬਕਾਲਾ । ਇਸ ਵਾਕ ਅਸਲ ਵਿੱਚ ਤਾਂ ਚੋਖੇ ਸਪੱਸ਼ਟ ਸਨ। ਜਿਸ ਮਹਾਂਪੁਰਸ਼ ਨੇ ਗੁਰ-ਗੱਦੀ ਸੰਭਾਲਣੀ ਹੈ ਉਹ ਸਾਡਾ ਬਾਬਾ ਲੱਗਦਾ ਹੈ ਅਤੇ ਬਕਾਲੇ ਰਹਿੰਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸ੍ਰੀ ਗੁਰੂ ਹਰਿਕਿਸ਼ਨ ਜੀ ਦੇ, ਬਾਬਾ ਜੀ ਲੱਗਦੇ ਸਨ। ਜਦੋਂ ਇਸ ਗੱਲ ਦਾ ਬਕਾਲੇ ਪਤਾ ਲੱਗਿਆ ਤਾਂ ਹਰੇਕ ਕੋਈ ਗੁਰੂ ਗੱਦੀ ਦੀ ਚਾਹਵਾਨਾਂ ਆਪੋ ਆਪੇ ਮੂੰਹੋਂ ਆਖੇ ਕਿ ਮੈਂ ਸੋਢੀ ਬਾਬਾ ਹਾਂ ਅਤੇ ਹਰੇਕ ਬਕਾਲੇ ਮੰਜੀ ਡਾਹ ਬੈਠਾ।

ਚੇਤ ਸੰਮਤ 1722 (ਮਾਰਚ ਸੰਨ 1665) ਵਿੱਚ ਭਾਈ ਮੱਖਣ ਸ਼ਾਹ ਲੁਬਾਣਾ, ਗੁਰੂ ਜੀ ਦੇ ਦਰਸ਼ਨਾਂ ਲਈ ਬਕਾਲੇ ਪੁੱਜਾ। ਉਸ ਸਮੇਂ ਵੈਸਾਖੀ ਦਾ ਨੇੜ ਹੋਣ ਕਰਕੇ ਬਕਾਲੇ ਵਿੱਚ ਚੋਖੀਆਂ ਸੰਗਤਾਂ ਜੁੜੀਆਂ ਹੋਈਆਂ ਸਨ। ਵਪਾਰੀ ਲੱਖੀ ਸ਼ਾਹ ਲੁਬਾਣਾ ਦਾ ਜਦੋਂ ਜਹਾਜ਼ ਡੁੱਬਦਾ ਸੀ ਤਾਂ ਉਸਨੇ ਅਰਦਾਸ ਕੀਤੀ ਕਿ ਉਹ ਗੁਰੂ ਜੀ ਦੇ ਚਰਨਾਂ ਵਿੱਚ 500 ਮੋਹਰਾਂ ਭੇਟ ਕਰੇਗਾ।ਪਰ ਜਦੋਂ ਬਕਾਲੇ ਪੁੱਜਾ ਤਾਂ ਉਸ ਨੇ ਅਨੋਖੀ ਹੀ ਝਾਕੀ ਦੇਖੀ। ਕਈ ਸੋਢੀ ਮੰਜੀਆਂ ਡਾਹੀ ਗੁਰੂ ਬਣ ਬੈਠੇ ਸਨ। ਉਹਨਾਂ ਦੇ ਮਨਾਂ ਵਿੱਚ ਈਰਖਾ ਤੇ ਕ੍ਰੋਧ ਦੇ ਭਾਂਬੜ ਬਲ ਰਹੇ ਸਨ। ਉਹ ਲੋਭ ਲਾਲਚ ਦੇ ਚਿੱਕੜ ਵਿੱਚ ਧਸੇ ਫਸੇ ਸਨ। ਉਸਨੇ 22 ਮੰਜੀਆਂ ਤੇ ਗੁਰੂ ਬੈਠੇ ਹੋਏ ਵੇਖੇ ਜਿਸ ਕਾਰਨ ਮੱਖਣ ਸ਼ਾਹ ਲੁਬਾਣਾ ਨੇ ਹਰ ਇੱਕ ਅੱਗੇ 2-2 ਮੋਹਰਾਂ ਰੱਖੀਆਂ। ਹਰ ਕੋਈ 2-2 ਮੋਹਰਾਂ ਵੇਖ ਕੇ ਖੁਸ਼ ਹੋ ਗਏ, ਕਿਸੇ ਨੇ ਵੀ ਭੇਟ ਦੀ ਪੂਰੀ ਰਕਮ ਦੀ ਮੰਗ ਨਹੀ ਕੀਤੀ।



ਭਾਈ ਮੱਖਣ ਸ਼ਾਹ ਲੁਬਾਣਾ, ਇਹ ਦੇਖ ਕੇ ਬੜਾ ਨਿਰਾਸ਼ ਹੋਇਆ। ਉਸ ਨੇ ਲੋਕਾਂ ਤੋਂ ਪੁੱਛੀਆਂ ਕਿ ਏਥੇ ਕੋਈ ਹੋਰ ਸੋਢੀ ਵੀ ਰਹਿੰਦਾ ਹੈ ? ਤਾਂ ਕਿਸੇ ਨੇ ਭਾਈ ਮੱਖਣ ਸ਼ਾਹ ਲੁਬਾਣਾ ਨੂੰ ਇਕਾਂਤ ਸ਼ਾਂਤ ਵਿੱਚ ਰਹਿ ਰਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਾਰੇ ਦੱਸਿਆ ਅਤੇ ਨਾਲ ਹੀ ਕਿਹਾ ਕਿ ਉਹ ਗੁਰੂ ਬਣਨ ਦੇ ਚਾਹਵਾਨ ਨਹੀਂ। ਭਾਈ ਮੱਖਣ ਸ਼ਾਹ ਲੁਬਾਣਾ,ਜੀ ਓਥੇ ਗਏ, ਤੇ ਭੋਰੇ ਵਿੱਚ ਬੈਠੇ ਭਜਨ ਬੰਦਗੀ ਕਰ ਰਹੇ ਗੁਰੂ ਜੀ ਦੇ ਦਰਸ਼ਨ ਲਈ ਬੇਨਤੀ ਕੀਤੀ, ਪਰ ਮਾਤਾ ਗੁਜਰੀ ਜੀ ਨੇ ਕਿਹਾ ਮਹਾਰਾਜ ਕਿਸੇ ਨੂੰ ਨਹੀ ਮਿਲਦੇ। ਪਰ ਭਾਈ ਮੱਖਣ ਸ਼ਾਹ ਲੁਬਾਣਾ, ਜਾ ਗੁਰੂ ਜੀ ਵਾਸਤਾ ਪਾਕੇ ਭੋਰੇ ਦਾ ਬੂਹਾ ਖੁਦਵਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਦਿਆਂ ਆਤਮਾ ਨੂੰ ਸਾਕੀ ਤੇ ਮਨ ਨੂੰ ਸੁਖ ਹੋ ਗਿਆ, ਭਾਈ ਜੀ ਨੇ ਗੁਰੂ ਜੀ ਪੱਕੀ ਤੱਸਲੀ ਕਰਨ ਦੀ ਖਾਤਰ ਦੋ ਮੋਹਰਾਂ ਰੱਖ ਕੇ ਮੱਥਿਆਂ ਟੇਕਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਕਿਹਾ ਭਾਈ ਸਿੱਖਾ, ਗੁਰੂ ਦੀ ਅਮਾਨਤ ਦਿੱਤੀ ਹੀ ਬਲੀ ਹੁੰਦੀ ਹੈ, ਹਜ਼ਾਰ ਵਿੱਚੋਂ ਕੇਵਲ ਦੋ ਦੇ ਰਿਹਾ। ਇਹ ਕਿਉਂ ? ਇਹ ਸੁਣ ਕੇ ਲੱਖੀ ਸ਼ਾਹ ਲੁਬਾਣਾ ਨੇ ਖੁਸ਼ ਹੋ ਕੇ ਕਿਹਾ @ਗੁਰੂ ਲਾਧੋ ਰੇ ਗੁਰੂ ਲਾਧੋ@ਗੁਰੂ ਮਿਲ ਗਿਆ ਹੈ। ਇਸ ਪ੍ਰਕਾਰ ਤੇਗ ਬਹਾਦਰ ਜੀ ਨੂੰ ਗੁਰੂ ਮੰਨ ਲਿਆ ਗਿਆ।

ਰਵਨਜੋਤ ਕੌਰ ਸਿੱਧੂ ਰਾਵੀ
8283066125

ਗੁਰਗੱਦੀ ਤੇ ਬੈਠਣ ਤੋਂ ਬਾਅਦ ਗੁਰੂ ਜੀ ਨੂੰ ਅੰਮ੍ਰਿਤਸਰ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਇਸ ਤਰ੍ਹਾਂ ਗੁਰੂ ਜੀ ਨੇ ਹਰਮਿੰਦਰ ਸਾਹਿਬ ਕੋਲ ਨਿਵਾਸ ਕੀਤਾ। ਜਿੱਥੇ ਗੁਰਦੁਆਰਾ ਥੰਮ ਸਾਹਿਬ (ਥੜਾ ਸਾਹਿਬ) ਬਣਾਇਆ ਗਿਆ। ਫਿਰ ਗੁਰੂ ਜੀ ਨੇ ਧਰਮ ਪ ?ਚਾਰ ਲਈ ਯਾਤਰਾਵਾਂ ਕਰਨੀਆਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਅੰਮ੍ਰਿਸਰ ਵਿੱਚ ਘੁੱਕੇ ਵਾਲੀ ਗਏ ਜਿਥੇ ਕੁਦਰਤੀ ਸੁੰਦਰਤਾ ਬਹੁਤ ਸੀ ਜਿਸ ਤੋਂ ਖੁਸ਼ ਹੋ ਕੇ ਇਸਦਾ ਨਾਮ @ਗੁਰੂ ਕਾ ਬਾਗ@ ਰੱਖ ਦਿੱਤਾ। ਫਿਰ ਗੁਰੂ ਜੀ ਤਰਨਤਾਰਨ, ਖਡੂਰ ਸਾਹਿਬ, ਗੋਇੰਦਵਾਲ ਤੋਂ ਮਾਲਵਾ ਪਰਦੇਸ਼ ਦੇ ਇਲਾਕੇ ਤਲਵੰਡੀ ਸਾਬੋ, ਮੌੜ ਮੰਡੀ, ਮਹਿਸਰਖਾਨਾ ਆਦਿ ਥਾਵਾਂ ਤੇ ਗਏ। ਬਿਲਾਸਪੁਰ ਦੇ ਰਾਜੇ ਭੀਮ ਚੰਦ ਦੀ ਰਾਣੀ ਜਲਾਲ ਦੇਵੀ ਤੋਂ 500 ਰੁ: ਵਿੱਚ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਾਂ ਦਾ ਸ਼ਹਿਰ ਵਸਾਇਆ ਜਿਸ ਨੂੰ ਫਿਰ ਮਾਖੋਵਾਲ ਕਿਹਾ ਜਾਣ ਲੱਗਾ। ਇਹ ਨਗਰ 16 ਜੂਨ 1665 ਵਿੱਚ ਵਸਾਇਆ ਗਿਆ। ਜੋ ਕਿ ਅਜੋਕਾ ਆਨੰਦਪੁਰ ਸਾਹਿਬ ਬਣ ਗਿਆ।

ਸੰਮਤ 1726(ਸੰਨ1669) ਵਿੱਚ ਇੱਕ ਹਕਮ ਜਾਰੀ ਕੀਤਾ ਸੀ ਕਿ ਹਿੰਦੂਆਂ ਸਿੱਖਾਂ ਦੇ ਮੰਦਰਾਂ, ਧਰਮਸਾਲਾ ਅਤੇ ਪਾਠ ਸਾਲਾਂ ਨੂੰ ਢਾਹ ਦਿੱਤਾ ਜਾਵੇ ਅਤੇ ਮੰਦਰਾਂ ਦੇ ਥਾਂ ਮਸੀਤਾਂ ਬਣਾਈਆਂ ਜਾਣ। ਇਹ ਹੁਕਮ ਉਪਰ ਸਖਤੀ ਨਾਲ ਵਰਤੋਂ, ਆਰੰਭੀ ਗਈ। ਔਰੰਗਜ਼ੇਬ ਦੇ ਜ਼ੁਲਮ ਦਾ ਸ਼ਿਕਾਰ ਬਣੇ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਕਿਸੇ ਪਾਸੇ ਨਾ ਸੁਣੀ ਗਈ ਤਾਂ ਉਨ੍ਹਾਂ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਲੈਣ ਦਾ ਨਿਸ਼ਚੈ ਕੀਤਾ। 25 ਮਈ, 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇਕ ਜੱਥਾ ਵੀ ਚੱਕ ਨਾਨਕੀ ਆਇਆ। ਉਹ ਇਕ ਮੋਹਤਬਰ ਸਿੱਖ ਆਗੂ ਭਾਈ ਕਿਰਪਾ ਰਾਮ ਦੱਤ ਨੂੰ ਵੀ ਅਪਣੇ ਨਾਲ ਲੈ ਕੇ ਆਏ ਸਨ। ਭਾਈ ਕਿਰਪਾ ਰਾਮ, ਕਸ਼ਮੀਰ ਵਿਚ ਸਿੱਖ ਧਰਮ ਦੇ ਸੱਭ ਤੋਂ ਵੱਡੇ ਪ੍ਰਚਾਰਕਾਂ ਵਿਚੋਂ ਇਕ ਸਨ। ਕਸ਼ਮੀਰੀ ਬ੍ਰਾਹਮਣ ਇਸ ਸਿੱਖ ਆਗੂ ਦੀ ਬਾਂਹ ਫੜ ਕੇ ਚੱਕ ਨਾਨਕੀ ਆਏ ਅਤੇ ਤਖ਼ਤ ਦਮਦਮਾ ਸਾਹਿਬ ਤੇ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਫ਼ਰਿਆਦੀ ਹੋਏ। ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਅਸੀ ਕੇਦਾਰ ਨਾਥ, ਬਦਰੀ ਨਾਥ, ਪੁਰੀ, ਦੁਆਰਕਾ, ਕਾਂਚੀ, ਮਥਰਾ ਤੇ ਹੋਰ ਸਾਰੇ ਹਿੰਦੂ ਕੇਂਦਰਾਂ ਤੋਂ ਹੋ ਆਏ ਹਾਂ ਪਰ ਕਿਸੇ ਨੇ ਵੀ ਸਾਡੀ ਬਾਂਹ ਨਹੀਂ ਫੜੀ। ਅਸੀ, ਕਸ਼ਮੀਰ ਦੇ ਨਵੇਂ ਮੁਸਲਮਾਨ ਗਵਰਨਰ ਇਫ਼ਤਿਖ਼ਾਰ ਖ਼ਾਨ ਦੇ ਜ਼ੁਲਮ ਤੋਂ ਤੰਗ ਆ ਚੁੱਕੇ ਹਾਂ। ਉਹ ਹਰ ਰੋਜ਼ ਸੈਂਕੜੇ ਬ੍ਰਾਹਮਣਾਂ ਨੂੰ ਜਬਰੀ ਮੁਸਲਮਾਨ ਬਣਾ ਰਿਹਾ ਹੈ। ਅਸੀ ਔਰੰਗਜ਼ੇਬ ਦੇ ਹਿੰਦੂ-ਰਾਜਪੂਤ ਵਜ਼ੀਰਾਂ ਤਕ ਵੀ ਪਹੁੰਚ ਕੀਤੀ ਹੈ। ਉਨ੍ਹਾਂ ਨੇ ਵੀ ਅਪਣੀ ਬੇਬਸੀ ਜ਼ਾਹਰ ਕੀਤੀ ਹੈ। ਸਾਨੂੰ ਕੋਈ ਵੀ ਬਹੁੜੀ ਨਹੀਂ ਹੋਇਆ। ਹੁਣ ਸਾਡੀ ਆਖ਼ਰੀ ਆਸ ਸਿਰਫ਼ ਗੁਰੂ ਨਾਨਕ ਸਾਹਿਬ ਦਾ ਦਰ ਹੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਬ੍ਰਾਹਮਣਾਂ ਦੀ ਨਿੰਮੋਝੂਣਤਾ ਵੇਖ ਕੇ ਉਨ੍ਹਾਂ ਨੂੰ ਕਿਹਾ ਕਿ, ਗੁਰੂ ਨਾਨਕ ਸਾਹਿਬ ਦੇ ਦਰ ਤੋਂ ਕਦੇ ਵੀ ਕੋਈ ਖ਼ਾਲੀ ਨਹੀਂ ਜਾਂਦਾ। ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਜਾਉ, ਸੂਬੇਦਾਰ ਨੂੰ ਆਖ ਦਿਉ ਕਿ ਜੇ ਉਹ ਗੁਰੂ ਤੇਗ਼ ਬਹਾਦਰ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ। ਗੁਰੂ ਸਾਹਿਬ ਦੀ ਗੱਲ ਸੁਣ ਕੇ ਬ੍ਰਾਹਮਣਾਂ ਦੀ ਜਾਨ ਵਿਚ ਜਾਨ ਆਈ। ਉਨ੍ਹਾਂ ਦੀ ਦਰਦ ਕਹਾਣੀ ਸੁਣ ਕੇ ਗੁਰੂ ਜੀ ਨੇ ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਮਹਾਂਵਾਕ ਅਨੁਸਾਰ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਬਾਬੇ ਨਾਨਕ ਦੇ ਦਰ ਤੋਂ ਮਾਯੂਸ ਨਹੀਂ ਪਰਤਣਗੇ। ਇਸ ਤੋਂ ਬਾਅਦ ਗੁਰੂ ਜੀ ਕਿਸੇ ਡੂੰਘੀ ਸੋਚ ਵਿੱਚ ਡੁੱਬ ਗਏ ਅਤੇ ਕੁਝ ਸਮੇਂ ਬਾਅਦ ਫ਼ੁਰਮਾਉਣ ਲੱਗੇ ਕਿ ਅਜੇ ਧਰਮ ਯੁੱਧ ਦਾ ਸਮਾਂ ਨਹੀਂ ਆਇਆ। ਇਸ ਸਮੇਂ ਕਿਸੇ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਸਿਰਫ਼ ਕੁਰਬਾਨੀ ਨਾਲ ਹੀ ਡੁੱਬਦੇ ਧਰਮ ਨੂੰ ਬਚਾਇਆ ਜਾ ਸਕਦਾ ਹੈ। ਆਪ ਜੀ ਦੇ ਬਚਨ ਸੁਣ ਕੇ ਪੂਰੇ ਦਰਬਾਰ ਵਿੱਚ ਸੰਨਾਟਾ ਛਾ ਗਿਆ। ਆਪ ਜੀ ਦੇ ਸਪੁੱਤਰ ਬਾਲ ਗੋਬਿੰਦ ਰਾਇ ਜੀ ਨੇ ਆਪ ਜੀ ਤੋਂ ਇਸ ਖ਼ਾਮੋਸ਼ੀ ਦਾ ਕਾਰਨ ਪੁੱਛਿਆ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਅਤਿਆਚਾਰ ਦੇ ਭਾਂਬੜ ਬਹੁਤ ਉੱਚੇ ਚਲੇ ਗਏ ਹਨ। ਜਿਸ ਵਿੱਚ ਇਹ ਨਿਤਾਣੇ ਬਾਲਣ ਦੀ ਥਾਂ ਝੋਕੇ ਜਾ ਰਹੇ ਹਨ। ਹੁਣ ਕਿਸੇ ਮਹਾਂਪੁਰਖ ਦੇ ਬਲੀਦਾਨ ਦੀ ਲੋੜ ਹੈ ਜੋ ਆਪਣੇ ਪਵਿੱਤਰ ਖ਼ੂਨ ਦੇ ਛਿੱਟੇ ਮਾਰ ਕੇ ਬਲਦੇ ਹੋਏ ਭਾਂਬੜਾਂ ਨੂੰ ਸ਼ਾਂਤ ਕਰ ਸਕੇ। ਬਾਲ ਗੋਬਿੰਦ ਰਾਇ ਜੀ ਨੇ ਕਿਹਾ ਕਿ ਆਪ ਜੀ ਤੋਂ ਬਿਨਾਂ ਹੋਰ ਮਹਾਂਪੁਰਖ ਕੌਣ ਹੋ ਸਕਦਾ ਹੈ ? ਆਪ ਆਪਣਾ ਬਲੀਦਾਨ ਦੇ ਕੇ ਇਨ੍ਹਾਂ ਦੇ ਡੁੱਬਦੇ ਹੋਏ ਧਰਮ ਦੀ ਰੱਖਿਆ ਕਰੋ। ਆਪਣੇ ਬਾਲ ਦੇ ਨਿੱਕੇ ਜਿਹੇ ਮੂੰਹੋਂ ਏਨੀ ਵੱਡੀ ਗੱਲ ਸੁਣ ਕੇ ਗੁਰੂ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਇਹ ਬਾਲਕ ਆਉਣ ਵਾਲੀ ਹਰ ਔਖੀ ਤੋਂ ਔਖੀ ਘੜੀ ਦਾ ਸਾਹਮਣਾ ਕਰਨ ਲਈ ਹਰ ਪੱਖੋਂ ਸਮਰੱਥ ਹੈ। ਆਪ ਜੀ ਨੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਕਰ ਲਿਆ। ਗੁਰੂ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਤੁਸੀਂ ਨਿਸ਼ਚਿੰਤ ਹੋ ਕੇ ਜਾਓ ਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜਾਹ ! ਪਹਿਲਾਂ ਸਾਡੇ ਗੁਰੂ ਤੇਗ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲੈ। ਜੇ ਉਨ੍ਹਾਂ ਨੇ ਇਸਲਾਮ ਧਰਮ ਕਬੂਲ ਕਰ ਲਿਆ ਤਾਂ ਅਸੀਂ ਖ਼ੁਸ਼ੀ-ਖ਼ੁਸ਼ੀ ਮੁਸਲਮਾਨ ਬਣ ਜਾਵਾਂਗੇ।

ਕਸ਼ਮੀਰੀ ਪੰਡਤਾਂ ਨੇ ਕਸ਼ਮੀਰ ਜਾ ਕੇ ਸੂਬੇ ਸ਼ੇਰ ਅਫਗਾਨ ਨੂੰ ਗੁਰੂ ਜੀ ਦੀ ਆਗਿਆ ਮੁਜਬ ਕਹਿ ਦਿੱਤਾ । ਗੁਰੂ ਜੀ ਉਸ ਇਲਾਕੇ ਤੋਂ ਬਹਾਰ ਰਹਿੰਦੇ ਸਨ। ਇਸ ਲਈ ਸ਼ੇਰ ਅਫਗਾਨ ਨੇ ਸਾਰੀ ਗੱਲ ਬਾਦਸ਼ਾਹ ਔਰੰਗਜੇਬ ਤੱਕ ਪਹੁੰਚ ਦਿੱਤੀ। । ਬਾਦਸ਼ਾਹ ਅੱਗੇ ਹੀ ਗੁਰੂ ਜੀ ਦੇ ਉਪਦੇਸ਼ਾਂ ਤੇ ਪਚਾਰ ਨੂੰ ਮੁਗਲ ਰਾਜ ਲਈ ਹਾਨੀਕਾਰਕ ਸਮਝਦਾ ਸੀ। ਪਹਿਲਾਂ ਅੱਗੇ ਵੀ ਸਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਹਕੂਮਤ ਲਈ ਖ਼ਤਰਨਾਕ ਸਮਝ ਕੇ ਗਿ ?ਫਤਾਰ ਕੀਤਾ ਗਿਆ ਸੀ, ਪਰ ਰਾਜਾ ਰਾਮ ਸਿੰਘ ਨੇ ਵਿੱਚ ਪੈ ਕੇ ਛੁਡਾ ਦਿੱਤਾ ਸੀ 1665 ਵਿਚ ਮਾਲਵੇ ਦੇ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਕਰਦੇ ਹੋਏ ਗੁਰੂ ਤੇਗ਼ ਬਹਾਦਰ ਸਾਹਿਬ, ਅਪ੍ਰੈਲ 1665 ਦੇ ਅਖ਼ੀਰ ਵਿਚ, ਧਮਤਾਨ (ਹੁਣ ਜ਼ਿਲ੍ਹਾ ਜੀਂਦ, ਹਰਿਆਣਾ) ਪੁੱਜੇ। ਧਮਤਾਨ ਵਿਚ ਭਾਈ ਦੱਗੋ ਸਿੱਖ ਪੰਥ ਦਾ ਮਸੰਦ ਸੀ। ਭਾਈ ਦੱਗੋ ਦਾ ਇਲਾਕੇ ਵਿਚ ਬੜਾ ਚੰਗਾ ਰਸੂਖ਼ ਸੀ। ਉਸ ਨੇ ਇਸ ਇਲਾਕੇ ਵਿਚ ਬਹੁਤ ਸਾਰੇ ਲੋਕਾਂ ਨੂੰ ਸਿੱਖੀ ਵਿਚ ਸ਼ਾਮਲ ਕਰਵਾਇਆ ਸੀ। 1665 ਤਕ ਧਮਤਾਨ ਉਨ੍ਹਾਂ ਇਲਾਕਿਆਂ ਵਿਚੋਂ ਇਕ ਬਣ ਚੁੱਕਾ ਸੀ ਜਿਨ੍ਹਾਂ ਦੇ ਵਧੇਰੇ ਵਾਸੀ ਸਿੱਖ ਪੰਥ ਦਾ ਹਿੱਸਾ ਸਨ। ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਉਥੇ ਪੁੱਜੇ ਤਾਂ ਸੈਂਕੜੇ ਸਿੱਖ ਆਪ ਜੀ ਦੇ ਦਰਸ਼ਨਾਂ ਵਾਸਤੇ ਆਏ। ਗੁਰੂ ਸਾਹਿਬ ਹਰ ਰੋਜ਼ ਦੀਵਾਨ ਸਜਾਇਆ ਕਰਦੇ ਸਨ। ਕੁੱਝ ਦਿਨ ਧਮਤਾਨ ਰਹਿਣ ਮਗਰੋਂ ਗੁਰੂ ਸਾਹਿਬ ਨੇ ਕੀਰਤਪੁਰ ਸਾਹਿਬ ਜਾਣ ਦੀ ਤਿਆਰੀ ਸ਼ੁਰੂ ਕਰ ਦਿਤੀ। 28 ਅਕਤੂਬਰ, 1665 ਤਕ ਆਪ ਏਥੇ ਰਹੇ।

ਇਸ ਤਰ੍ਹਾਂ ਗੁਰੂ ਜੀ ਬਾਲ ਗੋਬਿੰਦ ਰਾਇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੁਰਗੱਦੀ ਦੇ ਦਸਵੇਂ ਵਾਰਿਸ ਥਾਪ ਕੇ ਆਪ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਜੈਤਾ ਜੀ ਅਤੇ ਭਾਈ ਦਿਆਲਾ ਜੀ ਆਦਿ ਸਿੱਖਾਂ ਨਾਲ ਦਿੱਲੀ ਵੱਲ ਕੁਰਬਾਨੀ ਦੇਣ ਚੱਲ ਪਏ।

ਜਦੋਂ ਗੁਰੂ ਜੀ ਨੂੰ ਇਸਲਾਮ ਦੇ ਨਸ਼ੇ ਵਿੱਚ ਧੁੱਤ ਔਰੰਗਜ਼ੇਬ ਦੇ ਸਾਹਮਣੇ ਲਿਆਂਦਾ ਗਿਆ ਤਾਂ ਉਸ ਨੇ ਇਸਲਾਮ ਦੀ ਮਹਿਮਾ ਗਾਉਂਦਿਆਂ ਆਪ ਜੀ ਨੂੰ ਇਸਲਾਮ ਕਬੂਲਣ ਲਈ ਪ੍ਰੇਰਿਆ। ਪਰ ਗੁਰੂ ਜੀ ਨੇ ਉਸ ਦੀ ਉਮੀਦ ਦੇ ਉਲਟ ਉੱਤਰ ਦਿੱਤਾ ਕਿ ਧਰਮ ਜ਼ਬਰਦਸਤੀ ਤਲਵਾਰਾਂ ਦੀ ਨੋਕ ਉੱਤੇ ਨਹੀਂ ਬਦਲਾਇਆ ਜਾ ਸਕਦਾ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਕੇ ਨਾ ਤਾਂ ਤੁਸੀਂ ਸੱਚੇ ਮੁਸਲਮਾਨ ਹੋਣ ਦਾ ਸੰਕੇਤ ਦੇ ਰਹੇ ਹੋ, ਨਾ ਹੀ ਰੱਬ ਦੀ ਰਜ਼ਾ ਵਿੱਚ ਚੱਲ ਰਹੇ ਹੋ ਅਤੇ ਨਾ ਹੀ ਆਪਣੀ ਪਰਜਾ ਪ੍ਰਤੀ ਆਪਣੇ ਕਰਤੱਵ ਦਾ ਪਾਲਣ ਕਰ ਰਹੇ ਹੋ। ਬਾਦਸ਼ਾਹ ਹੋਣ ਦੇ ਨਾਤੇ ਤੁਹਾਡਾ ਫ਼ਰਜ਼ ਹੈ ਕਿ ਤੁਸੀਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਬਰਾਬਰ ਸਮਝੋ। ਪਰ ਇਸ ਦੇ ਉਲਟ ਤੁਸੀਂ ਤਾਂ ਹਿੰਦੂਆਂ ਨੂੰ ਆਪਣੇ ਅੰਨ੍ਹੇ ਜ਼ੁਲਮ ਦਾ ਸ਼ਿਕਾਰ ਬਣਾਇਆ ਹੈ। ਔਰੰਗਜ਼ੇਬ ! ਤੇਰੇ ਇਸ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਅਤੇ ਮਾਸੂਮ ਹਿੰਦੂਆਂ ਦੀ ਰੱਖਿਆ ਲਈ ਅਸੀਂ ਮੈਦਾਨ ਵਿੱਚ ਆ ਨਿੱਤਰੇ ਹਾਂ। ਤੂੰ ਤਾਂ ਬਾਦਸ਼ਾਹ ਹੋਣ ਦੇ ਨਾਤੇ ਆਪਣੀ ਪਰਜਾ ਤੋਂ ਮੂੰਹ ਮੋੜੀ ਬੈਠਾ ਹੈਂ ਪਰ ਅਸੀਂ ਇਨ੍ਹਾਂ ਮਜ਼ਲੂਮਾਂ ਦੀ ਬਾਂਹ ਪਕੜ ਲਈ ਹੈ।

ਇਸ ਪ੍ਰਕਾਰ ਗੁਰੂ ਜੀ ਨੂੰ ਚੜ੍ਹਦੀ ਕਲਾ ਵਿੱਚ ਅਤੇ ਉਨ੍ਹਾਂ ਦੁਆਰਾ ਇਸਲਾਮ ਨਾ ਕਬੂਲਣ ਦੇ ਅਟੱਲ ਨਿਸ਼ਚੈ ਨੂੰ ਵੇਖ ਕੇ ਔਰੰਗਜ਼ੇਬ ਗੁੱਸੇ ਵਿੱਚ ਕੰਬ ਉੱਠਿਆ। ਕੁਰਬਾਨੀ ਲਈ ਤਿਆਰ ਗੁਰੂ ਜੀ ਨੂੰ ਦੇਖ ਕੇ ਉਸ ਦੇ ਮਨਸੂਬਿਆਂ ਦੀਆਂ ਨੀਹਾਂ ਹਿੱਲ ਗਈਆਂ। ਆਪਣੀ ਇਸ ਹਾਰ ਨੂੰ ਵੇਖ ਕੇ ਉਸ ਨੇ ਅੰਤ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਦੇ ਮੁਰੀਦਾਂ ਨੂੰ ਤਸੀਹੇ ਦੇ-ਦੇ ਕੇ ਮਾਰ ਦਿੱਤਾ ਜਾਵੇ।

ਔਰੰਗਜ਼ੇਬ ਦੇ ਹੁਕਮ ਅਨੁਸਾਰ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਸੁੱਟ ਦਿੱਤਾ ਗਿਆ। ਇਸ ਪ੍ਰਕਾਰ ਇੱਕ-ਇੱਕ ਕਰਕੇ ਗੁਰੂ ਜੀ ਦੇ ਮੁਰੀਦਾਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਹੋਣੀ ਦੀ ਭੱਠੀ ਵਿੱਚ ਝੋਕ ਦਿੱਤਾ ਗਿਆ ਜਿਸ ਨੂੰ ਵੇਖ ਕੇ ਗੁਰੂ ਜੀ ਡੋਲੇ ਨਹੀਂ ਸਗੋਂ ਉਨ੍ਹਾਂ ਦਾ ਸਿਦਕ ਹੋਰ ਵੀ ਅਡੋਲ ਹੋ ਗਿਆ।

ਅੰਤ ਮਿਤੀ 11 ਨਵੰਬਰ, 1675 ਈ: ਨੂੰ ਚਾਂਦਨੀ ਚੌਂਕ ਵਿਖੇ ਕਾਜ਼ੀ ਨੇ ਫ਼ਤਵਾ ਪੜ੍ਹਿਆ। ਜੱਲਾਦ ਜਲਾਲਦੀਨ ਨੇ ਤਲਵਾਰ ਨਾਲ ਵਾਰ ਕੀਤਾ ਅਤੇ ਗੁਰੂ ਸਾਹਿਬ ਦਾ ਸੀਸ ਧੜ ਨਾਲੋਂ ਅਲੱਗ ਹੋ ਗਿਆ। ਪਰ ਆਪਣੇ ਮੂੰਹੋਂ ਸੀਅ ਨਾ ਉਚਾਰੀ।

ਭਾਈ ਜੈਤਾ ਜੀ ਨੇ ਸੀਸ ਚੁੱਕ ਲਿਆ ਤੇ ਚਾਦਰ ਵਿੱਚ ਵਲੇਟਿਆ ਕੇ ਆਨੰਦਪੁਰ ਲੈ ਗਿਆ। ਦਸਮ ਪਾਤਸ਼ਾਹ ਨੇ ਭਾਈ ਜੈਤਾ ਨੂੰ ਘੁੱਟ ਕੇ ਹਿੱਕ ਨਾਲ ਲਾਇਆ ਅਤੇ ਬਚਨ ਕੀਤਾ ਰੰਘਰੇਟੇ, ਗੁਰੂ ਕਾ ਬੇਟਾ

ਗੁਰੂ ਜੀ ਦੇ ਧੜ ਨੂੰ ਭਾਈ ਲੱਖੀ ਸ਼ਾਹ ਲੁਬਾਣਾ ਬੜੀ ਹੁਸ਼ਿਆਰਾ ਨਾਲ ਗੱਡੇ ਵਿੱਚ ਲੱਦ ਕੇ ਆਪਣੇ ਘਰ ਲੈ ਗਿਆ। ਓਥੇ ਉਸ ਨੇ ਆਪਣੇ ਘਰ ਦੇ ਅੰਦਰ ਚਿਖਾ ਬਣਾਈ, ਧੜ ਨੂੰ ਉਪਰ ਰੱਖਿਆ ਅਤੇ ਘਰ ਨੂੰ ਅੱਗ ਲਾ ਦਿੱਤੀ। ਉਸ ਨੇ ਗੁਰੂ ਜੀ ਦੇ ਧੜ ਦਾ ਸੰਸਕਾਰ ਕੀਤਾ।

ਇਸ ਤਰਾਂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਹਿੰਦੂ ਧਰਮ ਦੀ ਰੱਖਿਆ ਅਤੇ ਦੇਸ਼ ਨੂੰ ਨਿਰਦਈ ਪਰਦੇਸੀ ਹਕੂਮਤ ਦੇ ਪੰਜੇ ਵਿੱਚੋਂ, ਛੁਡਵਾਉਣ ਵਾਸਤੇ ਇਹ ਮਹਾਨ ਕੁਰਬਾਨੀ ਕੀਤੀ। ਇਸ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਹਿੰਦ ਦੀ ਚਾਦਰ ਬਣੇ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਦੁੱਤੀ ਸ਼ਹਾਦਤ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਬਚਿਤਰ ਨਾਟਕ' ਵਿੱਚ ਲਿਖਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਯਾ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਯਾ ਪਰੁ ਸਿਰੁ ਨ ਦੀਆ॥,
ਨਾਟਕ ਚੇਟਕ ਕੀਏ ਕੁਕਾਜਾ ॥
ਪ ?ਭ ਲੋਗਨ ਕਹ ਆਵਤ ਲਾਜਾ॥ ੧੪
ਦੋਹਰਾ॥
ਠੀਕਰਿ ਫੋਰਿ ਦਿਲਿਸ ਸਿਰਿ ਪ ?ਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕਿ ?ਆ ਕਰੀ ਨ ਕਿਨਹੂੰ ਆਨ॥ ੧੫॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥ ੧੬॥

# ਵੇ ਹੁਣ ਜੰਗ ਜਿੱਤ ਕੇ ਘਰਾਂ ਨੂੰ ਪਰਤੀਂ

ਆਪਣੇ ਹੱਕਾਂ ਦੀ ਸਰੁੱਖਿਆ ਲਈ ਰਾਜਧਾਨੀ ਦਿੱਲੀ ਦੀਆਂ ਹੱਦਾਂ ਤੇ ਆਪਣੇ ਘਰਾਂ-ਪਰਿਵਾਰਾਂ ਨੂੰ ਛੱਡ ਕੇ ਟੱਪਰੀਵਾਸਾਂ ਵਾਂਗ ਬੈਠਿਆ ਕਿਸਾਨ ਮਜਦੂਰਾਂ ਨੂੰ ਇੱਕ ਸਾਲ ਤੋਂ ਉਪਰ ਹੋ ਗਿਆ ਹੈ। ਜਮੀਨਾਂ ਦਿਆਂ ਮਾਲਿਕਾਂ ਜਿਮੀਂਦਾਰਾਂ ਦੀ ਸੱਜੀ ਬਾਂਹ ਬਣੇ ਬੇ-ਜਮੀਨੇ ਕਿਸਾਨ ਵੀ ਹਨ, ਖੇਤੀਬਾੜੀ ਦਾ ਕੰਮ ਕਰਨ ਵਾਲੇ ਖੇਤੀ ਮਜਦੂਰ ਵੀ ਹਨਅਤੇ ਹੋਰ ਕਿਰਤੀ ਵੀ ਹਨ।

ਸਲਾਮ ਕਰਨਾ ਬਣਦੈ ਜਿਹਨਾਂ ਨੇ ਕਿਸਾਨੀ ਅੰਦੋਲਨ ਦੇ ਵਿੱਚ ਸੇਵਾਦਾਰ ਬਣ ਕੇ ਆਪਣਾ ਦਿਲੋਂ ਯੋਗਦਾਨ ਪਾਇਆ ਹੈ। ਰਾਮ ਸਿੰਘ ਰਾਣਾ ਜਿਹੇ ਦਾਨੀ ਅੱਗੇ ਸਿਰ ਝੁਕਦਾ ਹੈ, ਜਿਹਨਾਂ ਆਪਣੀ ਜਿੰਦਗੀ ਦੀ ਕੀਤੀ ਕਮਾਈ ਅੰਦੋਲਨ ਦੇ ਸੇਵਾ ਵਿੱਚ ਲਾ ਦਿੱਤੀ। , ਡਾ. ਸਵੈਮਾਨ ਸਿੰਘ ਜਿਹੀਆਂ ਉਦਾਰ ਦਿਲ ਸਖਸੀਅਤਾਂ ਨੇ ਜਿਹਨਾਂ ਆਪਣੇ ਲੋਕਾਂ ਦੇ ਦਰਦ ਨੂੰ ਜਾਣਿਆ ਤੇ ਦਿਲੋਂ ਮਹਿਸੂਸ ਕੀਤਾ। ਅਮਰੀਕਾ ਜਿਹੇ ਮੁਲਕ ਤੋਂ ਉਡਾਰੀ ਭਰੀ ਤੇ ਆਪਣੇ ਲੋਕਾਂ ਦੀ ਧੜਕਣਾਂ ਦੀ ਧੜਕਣ ਬਣ ਗਿਆ। ਇਹੋ ਜਿਹੀ ਰੱਬੀ ਰੂਹ ਦੀਆਂ ਸੇਵਾਵਾਂ ਅੱਗੇ ਨੋਬਲ ਪੁਰਸਕਾਰ ਵੀ ਬੜਾ ਛੋਟਾ ਹੈ।

07ਦਸੰਬਰ 2021 ਨੂੰ ਸਿੰਘੂ ਬਾਰਡਰ ਤੇ ਬੱਤੀ ਜਥੇਬੰਦੀਆਂ ਜੀ ਸਾਂਝੀ ਵਿਚਾਰ ਚਰਚਾ ਦੇ ਚੱਲਦਿਆਂ ਹੀ ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਭੇਜੇ ਗਏ ਇਕ ਸਰਕਾਰੀ ਪੱਤਰ ਨੇ ਕਿਸਾਨੀ ਅੰਦੋਲਨ ਦੀ ਜੜ੍ਹ ਹੋਰ ਪੱਕੀ ਕਰ ਦਿੱਤੀ। ਸਰਕਾਰ ਵੱਲੋਂ ਅੰਦੋਲਨ ਸਮੇਂ ਵਿੱਚ ਕਿਸਾਨਾਂ ਤੇ ਦਰਜ ਕੀਤੇ ਗਏ ਪੁਲਿਸ ਕੇਸਾਂ ਦੀਆਂ ਪੁਲਿਸ ਕੋਲ ਦਰਜ

ਐਫ ਆਈ ਆਰ ਵਾਪਿਸ ਲਈਆਂ ਜਾਹ ਰਹੀਆਂ ਹਨ। ਅੰਦੋਲਨ ਦੌਰਾਨ ਹੋਈਆਂ ਮੌਤਾਂ ਦੇ ਵਾਰਿਸਾਂ ਨੂੰ ਮੁਆਵਜ਼ੇ ਰਾਜ ਸਰਕਾਰਾਂ ਵੱਲੋਂ ਦੇਣ ਲਈ ਕਿਹਾ ਗਿਆ ਹੈ। ਐਮ ਐਸ ਪੀ ਤੇ ਕਮੇਟੀ ਲਈ ਕਿਸਾਨ ਜਥੇਬੰਦੀਆਂ ਨੇ ਆਪਣੀ ਪੰਜ ਮੈਂਬਰੀ ਕਮੇਟੀ ਦੇ ਨਾਮ ਸਰਕਾਰ ਨੂੰ ਪਹਿਲਾਂ ਹੀ ਭੇਜ ਦਿੱਤੇ ਗਏ ਹਨ। ਲਖੀਮਪੁਰ ਕਤਲ ਕਾਂਡ ਦਾ ਮਾਮਲਾ ਅਜੇ ਬਾਕੀ ਹੈ। ਸਰਕਾਰ ਵੱਲੋ ਕਿਸਾਨੀ ਸੰਘਰਸ਼ ਕਮੇਟੀ ਦੀ ਮੀਟਿੰਗ ਵਿੱਚ ਭੇਜੇ ਗਏ ਗ੍ਰਹਿ ਮੰਤਰਾਲੇ ਦੇ ਪੱਤਰ ਨੇ ਅੰਦੋਲਨ ਦੀ ਜਿੱਤ ਤਹਿ ਕਰ ਦਿੱਤੀ ਹੈ। ਕਿਸਾਨਾਂ ਦੀ ਘਰ ਵਾਪਸੀ ਅੰਦੋਲਨ ਦੇ ਖਤਮ ਹੋਣ ਤੋਂ ਤਿੰਨ ਦਿਨ ਬਾਅਦ ਫਤਹਿ ਮਾਰਚ ਦੇ ਰੂਪ ਵਿੱਚ ਕਰਨ ਦੀ ਨਿਹੰਗ ਸਿੰਘਾਂ ਵੱਲੋਂ ਫੈਸਲਾਕੁੰਨ ਹੈ। ਇਹ ਦੁਨੀਆ ਦੇ ਇਤਿਹਾਸ ਵਿੱਚ ਇਕ ਜਿੱਤ ਦਾ ਅਨੋਖਾ ਜਸਨ ਹੋਵੇਗਾ।

ਕਿਸਾਨ ਅੰਦੋਲਨ ਦੇ ਸੰਪੂਰਣ ਹੁੰਦਿਆ ਹੀ ਕਿਸਾਨਾਂ ਦੀ ਘਰ ਵਾਪਿਸੀ ਜਿੱਤੇ ਹੋਏ ਪਹਿਲਵਾਨ ਦੀ ਤਰ੍ਹਾਂ ਗੌਰਵਮਈ ਹੋਵੇਗੀ, ਇਸ ਵਿੱਚ ਕੋਈ ਦੋ-ਰਾਇ ਨਹੀਂ ਆਪਣੇ ਸੀਸ ਤਲੀ ਤੇ ਧਰ ਕੇ ਲੜਨ ਵਾਲੇ ਯੋਧਿਆਂ ਸੂਰਵੀਰਾਂ ਦੇ ਵਾਰਿਸ ਮੁੜ ਆਪਣੇ ਖੇਤਾਂ ਦੀ ਮਿੱਟੀ ਨੂੰ ਸਿੱਜਦਾ ਕਰਨਗੇ। ਦਿੱਲੀ ਦੀ ਕਨੁੱਖੀ ਅੱਖ ਨੂੰ ਪੰਜਾਬੀ ਕਦੇ ਭੁਲਾਉਣਗੇ ਨਹੀਂ । ਆਪਣੀ ਧਰਤੀ , ਆਪਣੇ ਪੰਜਾਬ ਦੀ ਰਾਖੀ ਰਾਜਨੀਤਿਕ ਲੱਕੜ-ਬੱਗਿਆਂ ਤੋਂ ਕਰਨੀ ਵੀ ਉਨੀ ਹੀ ਜ਼ਰੂਰੀ ਹੈ ਜਿੰਨੀ ਦਿੱਲੀ ਦੀ ਸਿਆਸਤ ਤੋਂ। ਪੰਜਾਬ ਵਿੱਚ ਵਿਧਾਨ ਸਭਾ ਦੀ ਚੋਣ ਦਾ ਚੋਣ ਜ਼ਾਬਤਾ ਕਿਸੇ ਸਮੇਂ ਵੀ ਚੋਣ ਕਮਿਸ਼ਨ ਲਾਗੂ ਕਰ ਸਕਦਾ ਹੈ । ਪੰਜਾਬ ਦੀ ਚੋਣ ਪ੍ਰਕਿਰਿਆ ਤੇ ਰਾਜਨੀਤਿਕ ਲੋਕਾਂ ਤੇ ਸਿਆਸੀ ਦਲਾਂ ਵੱਲੋ ਸੱਤਾ ਹਾਸਿਲ ਕਰਨ ਲਈ ਲੋਕਾਂ ਨਾਲ ਹੋ ਰਹੇ ਝੂਠੇ ਵਾਅਦਿਆਂ ਤੋਂ ਸੁਚੇਤ ਕਰਨ ਲਈ ਯਤਨਸ਼ੀਲ ਹੋਣਾ ਵੀ ਨੌਜਵਾਨਾਂ ਦੀ ਸਮਾਜਿਕ ਅਹਿਮ ਜਿੰਮੇਵਾਰੀ ਬਣ ਜਾਂਦੀ ਹੈ। ਦਿੱਲੀ ਦੀਆਂ ਸੜਕਾਂ ਤੇ ਰਾਤ ਦਿਨ ਉਨੀਂਦਰੇ ਤੇ ਬੇ-ਆਰਾਮੀ ਵਿੱਚ ਜੱਦੋ-ਜਹਿਦ ਕਰਨ ਤੋਂ ਬਾਅਦ ਆਪਣੇ ਪੰਜਾਬ ਦੇ ਸੁਨਿਹਰੇ ਭਵਿੱਖ ਲਈ ਸਾਜਿਸਾਂ ਦਾ ਇੱਕ ਹੋਰ ਬੈਰੀਕੇਟ ਤੋੜਨਾ ਤੇ ਫਤਹਿ ਦਾ ਡੰਕਾ ਮਾਰਨਾ ਅਜੇ ਬਾਕੀ ਹੈ।

ਅਜੇ ਬਾਕੀ ਹੈ ਮੋਰਚੇ ਵਾਲੀਆਂ ਥਾਵਾਂ ਦੀ ਸਫਾਈ ਦੇ ਨਾਲੋਂ ਨਾਲ ਆਪਣੇ ਰਾਜ ਦੀ ਸਿਆਸਤ ਵਿਚੋ ਗੰਦਗੀ ਫੈਲਾ ਰਹੀਆਂ ਉਚਿਆ ਸਿਰਾਂ ਵਾਲੀਆਂ ਢੇਰੀਆਂ ਦੀ ਸਫਾਈ ਕਰਨੀ। ਜਦ ਝਾੜੂ ਡੰਡੇ ਵਿੱਚ ਪਾ ਹੀ ਲਿਆ ਹੈ ਅਤੇ ਸਿਰ-ਮੂੰਹ ਉਪਰ ਮੁੰਡਾਸੇ ਰੂਪ ਕਫਨ ਬੰਨ ਹੀ ਲਿਆ ਤਾਂ ਚਾਰ ਫਰਲਾਂਗ ਇੱਧਰ ਕੀ ਤੇ ਉੱਧਰ ਕੀ। ਆਪਣੇ ਬੱਚਿਆਂ ਦੇ ਭਵਿੱਖ ਦੀ ਸੁਰੱਖਿਆ ਲਈ ਇਹ ਸਫਾਈ ਵੀ ਦਿੱਲੀ ਦੀ ਸਫਾਈ ਜਿੰਨੀ ਅਹਿਮ ਹੈ। ਆਪਣੀਆਂ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਪੁਰਖਿਆਂ ਦੀ ਧਰਤੀ ਤੇ ਹੀ ਮਾਲਿਕ ਬਣਾਈ ਰੱਖਣ ਤੇ ਕਾਬਿਜ ਰੱਖਣ ਲਈ ਇਹ ਸਫਾਈ ਅੰਦੋਲਨ ਸਮੇਂ ਦੀ ਮੰਗ ਹੈ। ਮੌਜੂਦਾ ਸਮੇਂ ਵਿੱਚ ਪੰਜਾਬ ਦਿਆਂ ਗਦਾਰਾਂ ਨੂੰ ਪਸੀਨੇ ਆਏ ਪਏ ਹਨ। ਠੱਗਾਂ -ਲੁਟੇਰਿਆਂ ਦੀ ਨੀਂਦ ਉਡੀ ਪਈ ਹੈ ਕਿ ਕਿਸਾਨ ਮਜਦੂਰਾਂ ਦੇ ਅੰਦੋਲਨ ਦਾ ਰੁਖ ਕਿਤੇ ਦਿੱਲੀ ਦੀ ਸੰਸਦ ਵੱਲੋ ਪੰਜਾਬ ਦੀ ਸਿਆਸਤ ਦੀ ਸਫਾਈ ਵੱਲ ਨਾ ਹੋ ਜਾਵੇ। ਤੰਗਲੀਆਂ ਤੇ ਸਲੰਙਾਂ ਵਾਲੇ ਕਿਰਤੀ ਸਾਡੀ ਸੜਿਆਂਦ ਮਾਰਦੀ ਨੀਤੀ ਵੱਲ ਹੋ ਕੇ ਸਾਡੀ ਨੀਅਤਾਂ ਦਾ ਪੱਤਾ-ਪੱਤਾ ਸਾਫ ਨਾ ਕਰ ਜਾਵੇ ।ਆਪਣੀਆਂ ਘਰਾਂ ਦੀਆਂ ਬਰੂਹਾ ਤੇ ਪੁੱਤਾਂ ਨੂੰ ਉਡੀਕਦੀਆਂ ਬਜੁਰਗ ਮਾਵਾਂ ਤੇ ਭੈਣਾਂ ਦਿਨ ਰਾਤ ਆਪਣੇ ਪਰਿਵਾਰ ਦਿਆਂ ਮੈਂਬਰਾਂ ਲਈ ਇਕ ਟੱਕ ਵੇਖ ਆਪਣੇ ਸਾਹਾਂ ਨੂੰ ਥੰਮੀ ਬੈਠੀਆਂ ਹਨਂ। ਹਰੇ ਸੂਹੇ ਵਾਲੇ ਜੰਗ ਜਿੱਤ ਕੇ ਘਰਾ। ਨੂੰ ਰਾਜੀ ਖੁਸੀ ਪਰਤਣ ਲਈ ਫਤਹਿ ਦੀਆਂ ਅਰਦਾਸਾਂ ਕਰ ਰਹੀਆਂ ਹਨ। ਖੇਤਾਂ ਦੀ ਰਾਖੀ ਦੇ ਨਾਲ ਫਸਲਾਂ ਦੀ ਕਟਾਈ ਤੇ ਅਗਲੀ ਬੀਜ ਬੋਆਈ ਵੀ ਸੰਭਾਲ ਰਹੀਂਆਂ ਹਨ। ਆਪਢੇ ਲਵੇਰਿਆਂ ਦਾ ਹਰ ਪਲ ਧਿਆਨ ਰੱਖਦੀਆਂ ਦਿੱਲੀ ਦੀ ਕੇਂਦਰੀ ਸਰਕਾਰ ਦੀਆਂ ਸਿੰਙ ਮਾਰੂ ਫੁੰਕਾਰਾਂ ਨੂੰ ਵੀ ਵਾਚ ਰਹੀਆਂ ਸਨ ।ਕਸਮਾਂ ਚੁੱਕੀ ਬੈਠੇ ਆਪਣੇ ਜੁਝਾਰੂਆਂ ਨੂੰ ਸਰਕਾਰਾਂ ਦੇ ਨਾਲ ਟੱਕਰ ਦਾ ਜਵਾਬ ਟੱਕਰ ਨਾਲ ਦੇਣ ਲਈ ਹੌਂਸਲੇ ਵੀ ਦੇ ਰਹੀਆਂ ਹਨ ਤੇ ਜੰਗ ਜਿੱਤ ਕੇ ਹੀ ਘਰਾਂ ਨੂੰ ਪਰਤਣ ਦੀਆਂ ਨਸੀਹਤਾਂ ਵੀ ਦੇ ਰਹੀਆਂ ਹਨ।

**ਬਲਜਿੰਦਰ ਸਿੰਘ ਬਾਲੀ ਰੇਤਗੜ੍ਹ**
+919465129168
+917087629168

## ਮਨੁੱਖੀ ਅਧਿਕਾਰ ਦਿਵਸ ’ਤੇ ਵਿਸ਼ੇਸ

# ਸਮੁੱਚੀ ਧਰਤੀ ਨੂੰ ਆਪਣਾ ਘਰ ਅਤੇ ਸਮੁੱਚੀ ਮਨੁਖਤਾ ਨੂੰ ਆਪਣਾ ਪਰਿਵਾਰ ਸਮਝ ਕੇ ਪਿਆਰ ਕਰੋ



ਮਨੁੱਖ ਜੀਵ ਪ੍ਰਾਣੀਆਂ ਵਿਚ ਆਪਣੇ ਆਪ ਨੂੰ ਸੂਝਵਾਨ ਕਹਾਉਣ ਵਾਲਾ ਇੱਕੋ ਜੀਵ ਹੈ ਮਨੁੱਖ। ਇਹ ਸੱਚ ਵੀ ਹੈ, ਮਨੁੱਖੀ ਸੋਚ ਨੇ ਤਰੱਕੀ ਵੀ ਬਹੁਤ ਕੀਤੀ ਹੈ, ਆਪਣੇ ਲਈ ਸੁੱਖ ਸਹੂਲਤਾਂ ਦੇ ਸਾਧਨ ਵੀ ਬਹੁਤ ਤਿਆਰ ਕੀਤੇ ਹਨ। ਮਨੁੱਖ ਨੇ ਆਪਣੀ ਜਿੰਦਗੀ ਨੂੰ ਵਧੀਆ ਢੰਗ ਨਾਲ ਜਿਉਣ ਅਤੇ ਆਪਣੇ ਹੱਕਾਂ ਲਈ ਕੁੱਝ ਨਿਯਮ ਵੀ ਬਣਾਏ ਹਨ, ਜਿੰਨਾ ਨੂੰ ਮਨੁੱਖੀ ਅਧਿਕਾਰਾਂ ਦਾ ਨਾਮ ਦਿੱਤਾ ਗਿਆ ਹੈ। 10 ਦਸੰਬਰ 1948 ਵਿੱਚ ਸ਼ੁਰੂ ਹੋਏ ਅਤੇ ਹੁਣ ਹਰ ਸਾਲ 10 ਦਸੰਬਰ ਨੂੰ ਪੂਰੀ ਦੁਨੀਆਂ ਵਿੱਚ ਮਨਾਏ ਜਾਂਦੇ ਮਨੁੱਖੀ ਅਧਿਕਾਰ ਦਿਵਸ਼ ਦੇ ਨਿਯਮਾਂ ਅਨੁਸਾਰ ਸਾਰੇ ਮਨੁੱਖ ਬਰਾਬਰ ਦੇ ਹੱਕਦਾਰ ਹਨ, ਕੋਈ ਉਚ ਜਾਂ ਨੀਚ ਨਹੀਂ ਹੈ, ਨਾ ਕੋਈ ਕਿਸੇ ਦਾ ਹੱਕ ਖੋਹ ਸਕਦਾ ਹੈ, ਨਾ ਕੋਈ ਕਿਸੇ ਨੂੰ ਤੰਗ ਕਰ ਸਕਦਾ ਹੈ, ਨਾ ਕੋਈ ਕਿਸੇ ਨੂੰ ਮਾਰ ਸਕਦਾ ਹੈ, ਨਾ ਕੋਈ ਕਿਸੇ ਨੂੰ ਗੁਲਮ ਬਣਾ ਸਕਦਾ ਹੈ, ਜਾਤ, ਧਰਮ, ਰੰਗ, ਨਸਲ, ਇਲਾਕਾ, ਲਿੰਗ, ਭਾਸਾ ਆਦਿ ਦੇ ਅਧਾਰ ਤੇ ਕੋਈ ਵੀ ਕਿਸੇ ਨਾਲ ਵਿਤਕਰਾ ਨਹੀਂ ਕਰ ਸਕਦਾ, ਭਾਵ ਕਿ ਕੋਈ ਵੀ ਕਿਸੇ ਨੂੰ ਕਿਸੇ ਤਰਾਂ ਦੀ ਵੀ ਤਕਲੀਫ ਨਹੀਂ ਦੇ ਸਕਦਾ, ਸੱਭ ਨੂੰ ਆਪਣੇ ਦਾਇਰੇ ਵਿੱਚ ਰਹਿ ਕੇ ਖੁਸ਼ੀ-ਖੁਸ਼ੀ ਆਪਣੀ ਵਧੀਆ ਜਿੰਦਗੀ ਜਿਉਣ ਦਾ ਹੱਕ ਹੈ, ਜੋ ਬਹੁਤ ਵਧੀਆ ਸੋਚ ਹੈ। ਪਰ ਅਫਸੋਸ ਕਿ ਮਨੁੱਖ ਅਤੇ ਮਨੁੱਖੀ ਅਧਿਕਾਰਾਂ ਨੂੰ ਖਤਰਾਂ ਵੀ ਮਨੁੱਖ ਤੋਂ ਹੀ ਹੈ। ਕਿਉਂਕਿ ਮਨੁੱਖੀ ਹੱਕਾਂ ਦੀ ਰਾਖੀ ਦਾ ਢੰਡੋਰਾ ਪਿੱਟਣ ਵਾਲੇ ਦੇਸ਼ ਹੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਦੂਜੇ ਦੇਸ਼ਾਂ ਨੂੰ ਆਪਣੇ ਗੁਲਾਮ ਬਣਾਉਣ ਲਈ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੇ ਹਨ, ਮਨੁੱਖੀ ਅਧਿਕਾਰਾਂ ਦੇ ਰਾਖੇ ਕਹਾਉਣ ਵਾਲੇ ਮਨੁੱਖ ਹੀ ਮੰਤਰੀਆਂ ਦੇ ਰੂਪ ਵਿੱਚ ਜਾਤਾਂ ਧਰਮਾਂ ਦੇ ਨਾਵਾਂ ਤੇ ਨਫਰਤਾਂ ਫੈਲਾਅ ਕੇ ਮਨੁੱਖਾਂ ਦਾ ਕਤਿਲੇਆਮ ਕਰਵਾ ਰਹੇ ਹਨ, ਮਨੁੱਖ ਹੀ ਮਨੁੱਖ ਦੇ ਚੋਰੀਆਂ ਕਰਦਾ ਹੈ, ਅਤੇ ਮਨੁੱਖਤਾ ਦੇ ਘਾਣ ਲਈ ਨਸ਼ਿਆਂ ਦਾ ਵਪਾਰ ਕਰਦੈ, ਫਿਰ ਮਨੁੱਖ ਹੀ ਪੁਲਿਸ ਦੇ ਰੂਪ ਵਿੱਚ ਚੋਰਾਂ ਦਾ ਸਾਥ ਦਿੰਦਾ ਹੈ ਅਤੇ ਬੇਗੁਨਾਹਾਂ ਤੇ ਝੂਠੇ ਕੇਸ ਪਾ ਦਿੰਦਾ ਹੈ, ਮਨੁੱਖ ਹੀ ਅਫਸਰਾਂ ਦੇ ਰੂਪ ਵਿੱਚ ਆਪਣੇ ਘਰ ਭਰਨ ਲਈ ਮੋਟੀਆਂ ਰਿਸਵਤਾਂ ਲੈਂਦਾ ਹੈ, ਮਨੁੱਖ ਹੀ ਮਨੁੱਖਾਂ ਨੂੰ ਬਚਾਉਣ ਲਈ ਡਾਕਟਰੀ ਦਾ ਕੋਰਸ ਕਰਕੇ, ਮਨੁੱਖਾਂ ਨੂੰ ਲੁੱਟ ਕੇ ਮਾਰ ਰਿਹਾ ਹੈ, ਮਨੁੱਖ ਹੀ ਆਪਣੇ ਵੱਧ ਮੁਨਾਫੇ ਦੀ ਦੌੜ ਕਾਰਨ ਦੁਕਾਨਦਾਰਾਂ ਦੇ ਰੂਪ ਵਿੱਚ ਸਹਿਰਾਂ ਦੀਆਂ ਸੜਕਾਂ ਤੇ ਨਾਜਾਇਜ ਕਬਜੇ ਕਰਦਾ ਅਤੇ ਖਾਣ ਪੀਣ ਦੇ ਸਮਾਨ ਵਿੱਚ ਮਿਲਾਵਟਾਂ ਕਰਦਾ ਹੈ, ਕਿਸਾਨਾਂ ਦੇ ਰੂਪ ਵਿੱਚ ਗੁਆਢੀਆਂ ਦੀਆਂ ਵੱਟਾਂ ਵੱਢਦੈ, ਰਾਹਾਂ ਤੇ ਨਾਜਾਇਜ ਕਬਜੇ ਕਰਦੈ ਅਤੇ ਫਸਲਾਂ ਵਿੱਚ ਜਹਿਰ ਘੋਲਦਾ ਹੈ, ਭਾਵ ਕਿ ਹਰ ਬੁਰਾਈ ਜਿਸ ਨੂੰ ਮਨੁੱਖ ਮਾੜੀ ਕਹਿੰਦਾ ਹੈ, ਉਸ ਬੁਰਾਈ ਨੂੰ ਮਨੁੱਖ ਹੀ ਕਰਦਾ ਹੈ। ਜਦੋਂ ਮਨੁੱਖ ਆਪਣੇ ਬਣਾਏ ਨਿਯਮਾਂ ਨੂੰ ਤੋੜ ਕੇ ਹੋਰਾਂ ਲਈ ਖਤਰਾ ਬਣਦਾ ਹੈ ਫਿਰ ਅਸੀਂ ਕਹਿੰਦੇ ਹਾਂ ਕਿ ਇੱਥੇ ਤਾਂ ਜੰਗਲੀ ਰਾਜ ਹੋ ਗਿਆ ਹੈ ਜਦਕਿ ਜੰਗਲੀ ਰਾਜ ਵੀ ਅਜੋਕੇ ਮਨੁੱਖ ਦੇ ਵਹਿਸੀਪੁਣੇ ਜਿੰਨਾ ਮਾੜਾ ਕਦੇ ਵੀ ਨਹੀਂ ਰਿਹਾ। ਮੈਂ ਤਾਂ ਕਈ ਬਾਰ ਸੋਚਦਾ ਹੁੰਦਾ ਹਾਂ ਕਿ ਜੇ ਮਨੁੱਖ ਦੀ ਸੋਚ ਵਿਕਾਸ ਨਾ ਕਰਦੀ, ਇਹ ਜੰਗਲ ਦੇ ਜਾਨਵਰਾਂ ਵਾਂਗ ਹੀ ਇੱਕ ਜਾਨਵਰ ਹੋ ਕੇ ਕੁਦਰਤੀ ਜਿੰਦਗੀ ਜਿਉਂਦਾ ਹੁੰਦਾ ਤਾਂ ਇੱਥੇ ਸੱਭ ਕੁੱਝ ਕੁਦਰਤੀ ਹੋਣਾ ਸੀ, ਜੇ ਕਿਸੇ ਨੂੰ ਬਚਾਉਣ ਦੇ ਸਾਧਨ, ਨਿਯਮ/ਕਾਨੂੰਨ ਨਹੀਂ ਸੀ ਹੋਣੇ ਤਾਂ ਕਿਸੇ ਨੂੰ ਮਾਰਨ ਲਈ ਅਜੋਕੇ ਮਾਰੂ ਹਥਿਆਰ ਵੀ ਨਹੀਂ ਸੀ ਹੋਣੇ। ਮਨੁੱਖੀ ਸੋਚ ਨੇ ਆਪਣੇ ਸੁੱਖਾਂ ਲਈ ਜਿੱਥੇ ਕੁਦਰਤੀ ਵਾਤਵਰਣ ਦੇ ਨਾਨ ਨਾਲ ਧਰਤੀ ਉੱਤੇ ਵਸਦੇ ਹਰ ਜੀਵ ਦੇ ਹੱਕਾਂ ਦਾ ਘਾਣ ਕੀਤਾ ਹੈ ਉਥੇ ਮਨੁੱਖਤਾ ਲਈ ਖਤਰਾ ਵੀ ਮਨੁੱਖ ਹੀ ਬਣਿਆਂ ਹੈ। ਫਿਰ ਕੀ ਸਿਰਫ ਹੋਰਾਂ ਲਈ ਖਤਰਾ ਬਣਨਾ ਹੀ ਮਨੁੱਖ ਦੀ ਸਿਆਣਪ ਹੈ ? ਇਸ ਸਿਆਣਪ ਦਾ ਕਿਸੇ ਨੂੰ ਤਾਂ ਕੀ, ਖੁਦ ਮਨੁੱਖ ਨੂੰ ਵੀ ਕੀ ਲਾਭ ਹੋਇਆ ? ਗੱਲ ਤਾਂ ਸਿਰਫ ਜਿਉਣ ਦੀ ਅਤੇ ਆਪਣੇ ਬੱਚੇ ਪਾਲਣ ਦੀ ਹੀ ਹੈ। ਇਹ ਤਾਂ ਜੰਗਲਾਂ ਵਿੱਚ ਜਾਨਵਰ ਵੀ ਜਿਉਂ ਰਹੇ ਹਨ ਅਤੇ ਆਪਣੇ ਬੱਚੇ ਪਾਲ਼ ਰਹੇ ਹਨ, ਉੱਥੇ ਨਾ ਕੋਈ ਉਹਨਾ ਦੇ ਹੱਕਾਂ ਦੀ ਰਾਖੀ ਕਰਦਾ ਹੈ ਨਾ ਹੀ ਉਹਨਾ ਨੇ ਆਪਣੀ ਸੁਰੱਖਿਆ ਜਾਂ ਸੁੱਖਾਂ ਲਈ ਮਨੁੱਖ ਵਾਂਗ ਸਾਧਨ ਪੈਦਾ ਕੀਤੇ ਹੋਏ ਹਨ। ਜੰਗਲਾਂ ਵਿੱਚ ਜਾਨਵਰ ਆਪਣਾ ਪੇਟ ਭਰਨ ਲਈ ਆਪਣੇ ਤੋਂ ਮਾੜਿਆਂ ਨੂੰ ਮਾਰ ਕੇ ਖਾ ਜਾਂਦੇ ਹਨ, ਪਰ ਉਹ ਬੇਸਮਝ ਨਾ ਤਾਂ ਆਉਣ ਵਾਲੀਆਂ ਪੀੜੀਆਂ ਲਈ ਧਨ ਜੋੜਨ ਲਈ ਕਿਸੇ ਦੇ ਹੱਕ ਮਾਰਦੇ ਹਨ, ਨਾ ਹੀ ਦੇਸ਼ਾਂ, ਜਾਤਾਂ ਧਰਮਾਂ, ਦੀ ਵੰਡ ਦੇ ਨਾਂਅ ਤੇ ਨਫਰਤਾਂ ਫੈਲਾਅ ਕੇ ਕਤਲੇਆਮ ਕਰਵਾਉਂਦੇ ਹਨ। ਉਹਨਾ ਬੇਸਮਝ ਜਾਨਵਰਾਂ ਜਾਂ ਪਸ਼ੂਆਂ ਨੂੰ ਉਹਨਾ ਦੇ ਅਧਿਕਾਰਾਂ ਵਾਰੇ ਕੁੱਝ ਵੀ ਦੱਸਣ ਦੀ ਲੋੜ ਨਹੀਂ ਹੁੰਦੀ, ਪਰ ਪੜ੍ਹੇ ਲਿਖੇ ਸਮਝਦਾਰ ਮਨੁੱਖ ਨੂੰ ਮਨੁੱਖੀ ਅਧਿਕਾਰਾਂ ਵਾਰੇ ਸਮਝਾਅ ਸਮਝਾਅ ਕੇ ਵੀ ਨਹੀਂ ਸਮਝਾਇਆ ਜਾ ਸਕਦਾ। ਫਿਰ ਅਸੀਂ ਬੇਸਮਝਾਂ ਨਾਲੋਂ ਸਿਆਣੇ ਕਿਵੇਂ ਹੋਏ ? ਕਿਉਂਕਿ ਸਾਡੇ ਸਿਆਣਿਆਂ ਦੇ ਮਨੁੱਖੀ ਰਾਜ ਨਾਲੋਂ ਤਾਂ ਜੰਗਲੀ ਰਾਜ ਬਹੁਤ ਚੰਗਾ ਹੈ। ਹਾਸੀ ਆਉਂਦੀ ਹੁੰਦੀ ਹੈ ਜਦੋਂ ਮਨੁੱਖ ਜਾਨਵਰਾਂ ਦੇ ਭਲੇ ਦੀਆਂ ਗੱਲਾਂ ਕਰ ਰਿਹਾ ਹੁੰਦਾ ਹੈ, ਜਿਵੇਂ ਕਿ ਜਾਨਵਰਾਂ ਲਈ ਲੱਕੜ ਦੇ ਆਹਲਣੇ ਬਣਾਉਣ ਦਾ ਪਰਉਪਕਾਰ ਕਰ ਕੇ ਮੀਡੀਏ ਤੇ ਫੋਟੋਆਂ ਪਾ ਰਿਹਾ ਹੁੰਦਾ ਹੈ, ਇਸ ਨੂੰ ਕੁਦਰਤ ਪੁੱਛੇ ਕਿ ਪਰਉਪਕਾਰੀਆ ਜਾਨਵਰਾਂ ਦੇ ਆਹਲਣੇ ਉਜਾੜੇ ਕਿਸ ਨੇ ਹਨ ? ਕਦੇ ਦਰਖਤ ਲਾ ਕੇ ਵਾਤਵਰਣ ਨੂੰ ਸੁੱਧ ਕਰਨ ਦਾ ਪਰਉਪਕਾਰ ਕਰਨ ਵਾਲੇ ਨੂੰ ਕੁਦਰਤ ਪੁੱਛੇ ਕਿ ਦਰਖਤਾਂ ਦੀ ਕਟਾਈ ਕਰਕੇ ਵਾਤਾਵਰਣ ਜਹਿਰੀਲਾ ਕਿਹੜੇ ਜਾਨਵਰਾਂ ਨੇ ਕੀਤਾ ਹੈ ? ਤਾਂ ਇਸ ਸਿਆਣੇ ਸਮਝਦਾਰ ਕੋਲ ਕੋਈ ਜਵਾਬ ਨਹੀਂ ਹੋਵੇਗਾ। ਜਾਨਵਰਾਂ ਦਾ ਭਲਾ ਤਾਂ ਦੂਰ ਰਿਹਾ ਹਾਲੇ ਤੱਕ ਤਾਂ ਮਨੁੱਖ (ਇਸਤਰੀ/ਪੁਰਸ਼) ਆਪਣੀ ਮਨੁੱਖਤਾ ਦਾ ਘਤਣ ਕਰਨੋ ਨਹੀਂ ਹਟਿਆ। ਮਨੁੱਖ ਦੇ ਅਜਿਹਾ ਕਰਨ ਦਾ ਕਾਰਨ ਇਹ ਨਹੀਂ ਹੈ ਕਿ ਮਨੁੱਖ ਨੂੰ ਸੋਝੀ ਨਹੀਂ ਹੈ, ਸੋਝੀ ਹੈ ਪਰ ਇਸ ਸੋਝੀ ਨੂੰ ਸਮੁੱਚੀ ਮਨੁੱਖਤਾ ਦੇ ਭਲੇ ਦੀ ਥਾਂ ਸਿਰਫ ਨਿੱਜੀ ਭਲੇ ਲਈ ਇਸ ਤਰਾਂ ਵਰਤ ਰਿਹਾ ਹੈ ਕਿ ਦੂਜਿਆਂ ਦੇ ਜਾਇਜ ਹੱਕ ਮਾਰ ਕੇ ਵੀ ਮੈਨੂੰ ਨਾਜਾਇਜ ਲਾਭ ਮਿਲ ਜਾਣ। ਜਦੋਂ ਅਸੀਂ ਕਿਸੇ ਦੂਜੇ ਦਾ ਹੱਕ ਮਾਰਾਂਗੇ ਤਾਂ ਅਸੀਂ ਵੀ ਕਿਸੇ ਲਈ ਦੂਜੇ ਹੋਵਾਂਗੇ, ਤਾਂ ਕੋਈ ਸਾਡੇ ਹੱਕਾਂ ਨੂੰ ਵੀ ਮਾਰੇਗਾ। ਇਹੀ ਇਸ ਦੀ ਸਿਆਣਪ ਦੀ ਮੂਰਖਤਾ ਹੈ, ਜਿਸ ਕਾਰਨ ਮਨੁੱਖ ਸੁੱਖਾਂ ਦੀ ਥਾਂ ਦੁੱਖਾਂ ਦੇ ਖੂਹ ਵਿੱਚ ਡਿੱਗ ਰਿਹਾ ਹੈ, ਅਜਿਹੇ ਮਨੁੱਖ ਵਾਰੇ ਹੀ ਭਗਤ ਕਬੀਰ ਜੀ ਨੇ ਕਿਹਾ ਹੈ ਕਿ :- ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥216॥(ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰਬਰ 1376) ਜੇ ਮਨੁੱਖ ਨੇ ਸਹੀ ਅਰਥਾਂ ਵਿੱਚ ਮਨੁੱਖੀ ਹੱਕਾਂ ਦਾ ਪਹਿਰੇਦਾਰ ਬਣਨਾ ਹੈ ਤਾਂ ਇਹ ਹੋਰ ਪ੍ਰਜਾਤੀਆਂ ਦੇ ਜਾਨਵਰਾਂ ਦੇ ਭਲੇ ਕਰਨ ਦੀ ਡਰਾਮੇਬਾਜੀਆਂ ਦੀਆਂ ਗੱਲਾਂ ਛੱਡ ਕੇ ਪਹਿਲਾਂ ਸਿਰਫ ਆਪਣੀ ਮਨੁੱਖਾ ਜਾਤੀ ਦੇ ਭਲੇ ਲਈ ਹੀ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰ ਲਵੇ, ਇਸ ਨਾਲ ਹੀ ਬਹੁਤ ਭਲਾਈ ਹੋ ਜਾਵੇਗੀ, ਮਨੁੱਖ ਆਪਣੀ ਸੁਰੱਖਿਆ ਲਈ ਬਣਾਏ ਨਿਯਮਾਂ ਉੱਤੇ ਆਪ ਹੀ ਪਹਿਰਾ ਦੇ ਲਵੇ ਇਸ ਨਾਲ ਹੀ ਮਨੁੱਖ ਦੇ ਨਾਲ ਨਾਲ ਹੋਰ ਪ੍ਰਜਾਤੀਆਂ ਦੇ ਜਾਨਵਰਾਂ ਦਾ ਭਲਾ ਵੀ ਆਪਣੇ ਆਪ ਹੋ ਜਾਵੇਗਾ। ਮਨੁੱਖ ਜਾਨਵਰਾਂ ਉੱਤੇ ਤੁਜਰਬੇ ਕਰਕੇ ਬਣਾਈਆਂ ਦਵਾਈਆਂ ਨੂੰ ਮਨੁੱਖਤਾ ਦੇ ਭਲੇ ਲਈ ਹੀ ਵਰਤੇ, ਆਪਣੇ ਮੁਨਾਫੇ ਲਈ ਘਟੀਆ ਦਵਾਈਆਂ ਤਿਆਰ ਕਰਕੇ ਮਨੁੱਖਤਾ ਦਾ ਘਾਣ ਨਾ ਕਰੇ, ਨਿਯਮਾ ਅਨੁਸਾਰ ਬਣਾਈਆਂ ਆਪਣੇ ਦੇਸ਼ਾਂ ਦੀਆਂ ਹੱਦਾਂ ਅੰਦਰ ਰਹੇ, ਮਨੁੱਖ ਜਾਤਾਂ ਧਰਮਾਂ ਦੇ ਨਾਵਾਂ ਤੇ ਨਫਰਤਾਂ ਫੈਲਾਅ ਕੇ ਮਨੁੱਖਾਂ ਦਾ ਕਤਿਲੇਆਮ ਨਾ ਕਰੇ, ਠੱਗੀਆਂ, ਚੋਰੀਆਂ ਅਤੇ ਨਸ਼ਿਆਂ ਦੇ ਵਪਾਰ ਬੰਦ ਕਰੇ, ਚੋਰਾਂ ਦਾ ਸਾਥ ਅਤੇ ਬੇਗੁਨਾਹਾਂ ਤੇ ਝੂਠੇ ਕੇਸ ਪਾ ਆਪਣੇ ਘਰ ਭਰਨ ਲਈ ਰਿਸਵਤਾਂ ਲੈਣੀਆਂ ਛੱਡੇ, ਸਹਿਰਾਂ ਦੀਆਂ ਸੜਕਾਂ ਤੇ ਨਾਜਾਇਜ ਕਬਜੇ, ਅਤੇ ਖਾਣ ਪੀਣ ਦੇ ਸਮਾਨ ਵਿੱਚ ਮਿਲਾਵਟਾਂ ਕਰਨੀਆਂ, ਗੁਆਢੀਆਂ ਦੀਆਂ ਵੱਟਾਂ ਵੱਢਣ, ਰਾਹਾਂ ਤੇ ਨਾਜਾਇਜ ਕਬਜੇ ਕਰਨੇ ਅਤੇ ਫਸਲਾਂ ਵਿੱਚ ਜਹਿਰ ਘੋਲਣਾ ਬੰਦ ਕਰੇ, ਕਿਸੇ ਦਾ ਹੱਕ ਮਾਰ ਕੇ ਨਾ ਖਾਵੇ, ਆਪਣੀ ਕਿਰਤ ਕਮਾ ਕੇ ਖਾਵੇ, ਸਮੁੱਚੀ ਧਰਤੀ ਨੂੰ ਆਪਣਾ ਘਰ ਅਤੇ ਸਮੁੱਚੀ ਮਨੁੱਖਤਾ ਨੂੰ ਆਪਣਾ ਪਰਿਵਾਰ ਸਮਝ ਕੇ ਪਿਆਰ ਕਰੇ, ਫਿਰ ਹੀ ਮਨੁੱਖੀ ਅਧਿਕਾਰ ਜੀਵਤ ਰਹਿਣਗੇ। ਫਿਰ ਨਾ ਮਾਰੂ ਹਥਿਆਰਾਂ ਦੀ ਲੋੜ ਰਹਿਣੀ, ਨਾ ਪੁਲਿਸ ਅਤੇ ਫੌਜਾਂ ਦੀ ਲੋੜ, ਨਾ ਜੇਲਾਂ ਤੇ ਥਾਣਿਆਂ ਦੀ ਲੋੜ, ਨਾ ਘਰਾਂ ਨੂੰ ਤਾਲਿਆਂ ਦੀ ਲੋੜ, ਫਿਰ ਨਾ ਕੋਈ ਦੂਜਾ ਸਾਡਾ ਦੁਸਮਣ ਹੋਣਾ, ਨਾ ਅਸੀਂ ਕਿਸੇ ਦੇ ਹੋਣੇ, ਫਿਰ ਸਮੁੱਚੇ ਮਨੁੱਖ ਹੀ ਸਾਡੇ ਮਿੱਤਰ ਪਿਆਰੇ ਹੋਣਗੇ। ਫਿਰ ਹੀ ਅਸੀਂ ਕਹਿ ਸਕਾਂਗੇ ਕਿ ਅਸੀਂ ਸੂਝਵਾਨ ਮਨੁੱਖ ਹਾਂ ਸਾਨੂੰ ਮਨੁੱਖੀ ਅਧਿਕਾਰਾਂ ਦੀ ਸੋਝੀ ਹੈ। ਫਿਰ ਹੀ ਸਾਡੇ ਵੱਲੋਂ ਮਨਾਏ ਜਾਂਦੇ ਮਨੁੱਖੀ ਅਧਿਕਾਰ ਦਿਵਸ਼ ਸਾਰਥਿਕ (ਸਫਲ) ਸਿੱਧ ਹੋਣਗੇ॥ ਫਿਰ ਅਜਿਹੀ ਮਨੁੱਖਤਾ ਵਾਰੇ ਹੀ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ :- ਧਨਾਸਰੀ ਮ 5 ॥ ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ ॥ ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ ॥1॥ ਸਾਧਸੰਗਿ ਚਿੰਤ ਬਿਰਾਨੀ ਛਾਡੀ ॥ ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ ॥1॥ ਰਹਾਉ ॥ ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥2॥ ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥ ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥3॥ ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ ॥ ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ ॥4॥3॥(ਗੁਰੂ ਗ੍ਰੰਥ ਸਾਹਿਬ ਜੀ ਪੰਨਾ ਨੰਬਰ 671)

**ਹਰਲਾਜ ਸਿੰਘ ਬਹਾਦਰਪੁਰ,**
**ਫੋਨ ਨੰਬਰ :- 9417023911**





# ਐਡਵੈਂਚਰ ਸਪੋਰਟਸ ਇੰਸਟ੍ਰਕਟਰ ਵਿੱਚ ਨੌਕਰੀ ਦੇ ਮੌਕੇ ਅਤੇ ਕਰੀਅਰ ਵਿਕਲਪ

ਐਡਵੈਂਚਰ ਸਪੋਰਟਸ ਇੰਸਟ੍ਰਕਟਰ ਜਿਵੇਂ ਕਿ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਉਹ ਸਾਹਸੀ ਖੇਡਾਂ ਵਿੱਚ ਸਿਖਲਾਈ ਪ੍ਰਦਾਨ ਕਰਨ ਵਿੱਚ ਮਾਹਰ ਹੈ ਭਾਵੇਂ ਉਹ ਸਕੂਬਾ ਡਾਈਵਿੰਗ, ਵ੍ਹਾਈਟ ਵਾਟਰ ਰਾਫਟਿੰਗ, ਕਾਇਆਕਿੰਗ, ਕੈਨੋਇੰਗ, ਕਲਿਫ ਡਾਈਵਿੰਗ, ਸਨੌਰਕਲਿੰਗ, ਯਾਟ ਰੇਸਿੰਗ, ਪਾਵਰਬੋਟ ਰੇਸਿੰਗ, ਵਿੰਡ ਸਰਫਿੰਗ ਆਦਿ, ਹਵਾਈ ਖੇਡਾਂ ਜਿਵੇਂ ਬੰਜੀ ਜੰਪਿੰਗ, ਪੈਰਾਗਲਾਈਡਿੰਗ, ਸਕਾਈ ਡਾਈਵਿੰਗ, ਸਕਾਈ ਸਰਫਿੰਗ ਆਦਿ, ਜਾਂ ਲੈਂਡ ਐਡਵੈਂਚਰ ਖੇਡਾਂ ਜਿਵੇਂ ਕਿ ਰੌਕ ਕਲਾਈਬਿੰਗ, ਸਕੇਟਬੋਰਡਿੰਗ, ਮਾਉਂਟੇਨ ਬਾਈਕਿੰਗ, ਸਕੀਇੰਗ, ਸਨੋਬੋਰਡਿੰਗ, ਟ੍ਰੈਕਿੰਗ, ਐਡਵੈਂਚਰ ਰੇਸਿੰਗ, ਲੈਂਡ ਅਤੇ ਆਈਸ ਯਾਚਿੰਗ ਆਦਿ। ਐਡਵੈਂਚਰ ਟੂਰਿਜ਼ਮ, ਪਹਾੜੀ ਰਿਜ਼ੋਰਟ ਕਲਚਰ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਮੀਡੀਆ ਚੈਨਲਾਂ ਜਿਵੇਂ ਕਿ ਨੈਸ਼ਨਲ ਜੀਓਗਰਾਫਿਕ, ਡਿਸਕਵਰੀ, ਏਐਕਸਐਨ ਆਦਿ ਦੀ ਸ਼ਮੂਲੀਅਤ ਨਾਲ, ਲੋਕ ਆਪਣੇ ਆਲੇ ਦੁਆਲੇ ਸਾਹਸੀ ਖੇਡਾਂ ਦੀਆਂ ਗਤੀਵਿਧੀਆਂ ਬਾਰੇ ਵਧੇਰੇ ਜਾਗਰੂਕ ਹੋ ਗਏ ਹਨ ਅਤੇ ਇਸ ਤਰ੍ਹਾਂ ਇੱਕ ਸਾਹਸੀ ਛੁੱਟੀਆਂ ਦੀ ਯੋਜਨਾ ਬਣਾਉਣਾ ਚਾਹੁੰਦੇ ਹਨ।

ਪਿਛਲੇ ਕੁਝ ਸਾਲਾਂ ਵਿੱਚ ਪੇਸ਼ੇਵਰ ਟ੍ਰੇਨਰ ਵਜੋਂ ਇਹਨਾਂ ਮਾਹਿਰਾਂ ਦੀ ਮੰਗ ਵਿੱਚ ਕਈ ਗੁਣਾ ਵਾਧਾ ਹੋਇਆ ਹੈ। ਇਸ ਤਰ੍ਹਾਂ ਐਡਵੈਂਚਰ ਸਪੋਰਟਸ ਇੰਸਟ੍ਰਕਟਰਾਂ ਦਾ ਐਡਵੈਂਚਰ ਟੂਰਿਜ਼ਮ ਦੇ ਇਸ ਖੇਤਰ ਵਿੱਚ ਚੰਗਾ ਭਵਿੱਖ ਹੈ। ਐਡਵੈਂਚਰ ਸਪੋਰਟਸ ਮਾਸ ਮੀਡੀਆ ਦੀ ਸ਼ਮੂਲੀਅਤ ਦੀ ਵਿਸ਼ਵਵਿਆਪੀ ਪਹੁੰਚ ਕਾਰਨ ਉੱਚ ਪੱਧਰ @ਤੇ ਇਸ ਖੇਤਰ ਨਾਲ ਬਹੁਤ ਸਾਰਾ ਗਲੈਮਰ ਵੀ ਜੁੜ ਗਿਆ ਹੈ। ਇੱਕ ਸਫਲ ਐਡਵੈਂਚਰ ਸਪੋਰਟਸ ਇੰਸਟ੍ਰਕਟਰ ਬਣਨ ਲਈ ਤੁਹਾਡੇ ਕੋਲ ਖੇਤਰ ਵਿੱਚ ਲੋੜੀਂਦੀ ਜਾਣਕਾਰੀ ਅਤੇ ਮੁਹਾਰਤ ਹੋਣੀ ਚਾਹੀਦੀ ਹੈ। ਲੋੜੀਂਦੀ ਮੁਹਾਰਤ ਪ੍ਰਾਪਤ ਕਰਨ ਲਈ ਕੋਈ ਵਿਅਕਤੀ ਇਸਨੂੰ ਕੈਰੀਅਰ ਬਣਾਉਣ ਲਈ ਹੇਠਾਂ ਦਿੱਤੇ ਇੱਕ ਜਾਂ ਇੱਕ ਤੋਂ ਵੱਧ ਥੋੜ੍ਹੇ ਸਮੇਂ ਦੇ ਅਤੇ ਫੁੱਲ-ਟਾਈਮ ਲੰਬੇ ਸਮੇਂ ਦੇ ਕੋਰਸਾਂ ਲਈ ਜਾ ਸਕਦਾ ਹੈ। ਇਸ ਵਿੱਚ ਬਹੁਤ ਮਿਹਨਤ ਅਤੇ ਮਿਹਨਤ ਦੀ ਲੋੜ ਹੁੰਦੀ ਹੈ ਪਰ ਨਾਲ ਹੀ ਇਹ ਕਿਸੇ ਦੇ ਕੈਰੀਅਰ ਨੂੰ ਬਣਾਉਣ ਲਈ ਬਹੁਤ ਜ਼ਿਆਦਾ ਗੁੰਜਾਇਸ਼ ਪ੍ਰਦਾਨ ਕਰਦਾ ਹੈ।

ਸਾਬਕਾ ਖਿਡਾਰੀਆਂ ਦੇ ਨਾਲ-ਨਾਲ ਮਿਹਨਤ ਕਰਨ ਦੀ ਇੱਛਾ ਅਤੇ ਸਮਰੱਥਾ ਵਾਲੇ ਨੌਜਵਾਨ ਊਰਜਾਵਾਨ ਲੋਕ, ਹੁਣ ਸਾਹਸੀ ਖੇਡਾਂ ਨਾਲ ਜੁੜੇ ਨਾਮ ਅਤੇ ਪ੍ਰਸਿੱਧੀ ਦੇ ਨਾਲ-ਨਾਲ ਪੈਸਾ ਅਤੇ ਸੰਤੁਸ਼ਟੀ ਦੋਵੇਂ ਪ੍ਰਾਪਤ ਕਰ ਸਕਦੇ ਹਨ।

ਐਡਵੈਂਚਰ ਸਪੋਰਟਸ ਇੰਸਟ੍ਰਕਟਰ ਯੋਗਤਾ ਵਿਦਿਅਕ ਯੋਗਤਾ ਐਡਵੈਂਚਰ ਸਪੋਰਟਸ ਇੰਸਟ੍ਰਕਟਰ ਬਣਨ ਲਈ ਲੋੜੀਂਦੀ ਯੋਗਤਾ 12ਵੀਂ ਕਲਾਸ ਹੈ ਜਿਸ ਵਿੱਚ ਸਰੀਰਕ ਸਿੱਖਿਆ ਇੱਕ ਵਿਸ਼ੇ ਦੇ ਰੂਪ ਵਿੱਚ ਹੈ (ਹਾਲਾਂਕਿ ਇਹ ਲਾਜ਼ਮੀ ਨਹੀਂ ਹੈ) ਉਸ ਤੋਂ ਬਾਅਦ ਕਿਸੇ ਵੀ ਸਾਹਸੀ ਖੇਡ ਸੰਸਥਾ ਤੋਂ ਪ੍ਰਮਾਣੀਕਰਣ।

ਔਨਲਾਈਨ ਸਿਖਲਾਈ ਸਰੋਤ ਮਹੱਤਵਪੂਰਨ: ਪਾਣੀ-ਅਧਾਰਿਤ ਖੇਡਾਂ ਲਈ ਚੰਗੀ ਤੈਰਾਕੀ ਦੇ ਹੁਨਰ ਲਾਜ਼ਮੀ ਹਨ। ਨਾਲ ਹੀ, ਅੰਗਰੇਜ਼ੀ ਜਾਂ ਕੁਝ ਵਿਦੇਸ਼ੀ ਭਾਸ਼ਾਵਾਂ ਵਿੱਚ ਮੁਹਾਰਤ ਵਿਦੇਸ਼ੀ ਸਾਹਸੀ ਖੇਡਾਂ ਦੇ ਉਤਸ਼ਾਹੀਆਂ ਨੂੰ ਸੰਭਾਲਣ ਲਈ ਸੌਖਾ ਹੋ ਸਕਦੀ ਹੈ। ਐਡਵੈਂਚਰ ਸਪੋਰਟਸ ਇੰਸਟ੍ਰਕਟਰਾਂ ਲਈ ਲੋੜੀਂਦੇ ਹੁਨਰ ਐਡਵੈਂਚਰ ਸਪੋਰਟਸ ਇੰਸਟ੍ਰਕਟਰਾਂ ਕੋਲ ਖੇਡਾਂ ਲਈ ਉਤਸ਼ਾਹ, ਸ਼ਾਨਦਾਰ ਸੰਚਾਰ ਹੁਨਰ, ਆਤਮ ਵਿਸ਼ਵਾਸ ਪੈਦਾ ਕਰਨ ਅਤੇ ਭਾਗੀਦਾਰਾਂ ਨੂੰ ਪ੍ਰੇਰਿਤ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ। ਉਹਨਾਂ ਕੋਲ ਦ੍ਰਿੜਤਾ ਅਤੇ ਧੀਰਜ, ਚੰਗੇ ਸੰਗਠਨਾਤਮਕ ਹੁਨਰ, ਇੱਕ ਸੰਵੇਦਨਸ਼ੀਲ ਅਤੇ ਸਹਾਇਕ ਪਹੁੰਚ ਹੋਣੀ ਚਾਹੀਦੀ ਹੈ। ਉਨ੍ਹਾਂ ਕੋਲ ਸਰੀਰਕ ਤਾਕਤ ਹੋਣੀ ਚਾਹੀਦੀ ਹੈ ਅਤੇ ਸਾਰਿਆਂ ਲਈ ਖੇਡਾਂ ਦੀ ਭਾਗੀਦਾਰੀ ਲਈ ਵਚਨਬੱਧਤਾ ਹੋਣੀ ਚਾਹੀਦੀ ਹੈ। ਐਡਵੈਂਚਰ ਸਪੋਰਟਸ ਇੰਸਟ੍ਰਕਟਰ ਕਿਵੇਂ ਬਣਨਾ ਹੈ? ਉਨ੍ਹਾਂ ਚਾਹਵਾਨਾਂ ਲਈ ਕੋਈ ਰਸਮੀ ਯੋਗਤਾ ਦੀ ਲੋੜ ਨਹੀਂ ਹੈ ਜੋ ਖੁਦ ਖਿਡਾਰੀ ਵਜੋਂ ਐਡਵੈਂਚਰ ਸਪੋਰਟਸ ਨਾਲ ਜੁੜੇ ਹੋਏ ਹਨ। ਸਾਬਕਾ ਅਤੇ ਸੀਨੀਅਰ ਸਾਹਸੀ ਖਿਡਾਰੀ ਇੱਕ ਖਿਡਾਰੀ ਦੇ ਤੌਰ @ਤੇ ਖੇਡ ਦੇ ਆਪਣੇ ਗਿਆਨ ਅਤੇ ਅਨੁਭਵ ਦੇ ਕਾਰਨ ਸਹਾਇਕ ਖੇਡ ਇੰਸਟ੍ਰਕਟਰਾਂ (ਜ਼ਰੂਰੀ ਪ੍ਰਮਾਣੀਕਰਣ ਜਾਂ ਲਾਇਸੈਂਸ ਪ੍ਰਾਪਤ ਕਰਨ ਤੋਂ ਬਾਅਦ) ਵਜੋਂ ਨੌਕਰੀ ਪ੍ਰਾਪਤ ਕਰ ਸਕਦੇ ਹਨ। ਸਹਾਇਕ ਦੇ ਤੌਰ @ਤੇ ਖੇਤਰ ਵਿੱਚ ਕੁਝ ਤਜ਼ਰਬੇ ਦੇ ਨਾਲ, ਉਹ ਸਮੇਂ ਦੇ ਨਾਲ ਮੁੱਖ ਇੰਸਟ੍ਰਕਟਰਾਂ ਜਾਂ ਮੁੱਖ ਇੰਸਟ੍ਰਕਟਰਾਂ ਦੇ ਤੌਰ @ਤੇ ਉੱਚ ਅਹੁਦੇ @ਤੇ


**ਵਿਜੈ ਗਰਗ ਰਿਟਾਇਰਡ**

ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਸਟਰੀਟ ਕੌਰ ਚੰਦ ਐਮ ਐਚ ਆਰ ਮਲੋਟ ਪੰਜਾਬ

9465682110


ਪਹੁੰਚ ਸਕਦੇ ਹਨ। ਹਾਲਾਂਕਿ, ਉਹ ਚਾਹਵਾਨ ਜਿਨ੍ਹਾਂ ਕੋਲ ਗੈਰ-ਖੇਡਣ ਵਾਲਾ ਪਿਛੋਕੜ ਹੈ ਪਰ ਊਰਜਾਵਾਨ ਹਨ ਅਤੇ ਉਨ੍ਹਾਂ ਨੂੰ ਖੇਡਾਂ ਦਾ ਚੰਗਾ ਗਿਆਨ ਹੈ, ਉਹ ਰਸਮੀ ਸਿਖਲਾਈ ਲੈ ਸਕਦੇ ਹਨ ਅਤੇ ਹੇਠਾਂ ਦਿੱਤੇ ਅਨੁਸਾਰ ਨਿਰਦੇਸ਼ਕ ਵਜੋਂ ਇਸ ਖੇਤਰ ਵਿੱਚ ਦਾਖਲ ਹੋ ਸਕਦੇ ਹਨ।ਕਦਮ: ਕਦਮ 1 ਦਿਲਚਸਪੀ ਰੱਖਣ ਵਾਲੇ ਉਮੀਦਵਾਰ ਨੂੰ ਕੁਝ ਐਡਵੈਂਚਰ ਸਪੋਰਟਸ ਇੰਸਟੀਚਿਊਟ ਜਾਂ ਕਲੱਬਾਂ ਜਿਵੇਂ ਕਿ ਨੈਸ਼ਨਲ ਇੰਸਟੀਚਿਊਟ ਆਫ਼ ਵਾਟਰ ਸਪੋਰਟਸ ਅਤੇ ਨਹਿਰੂ ਇੰਸਟੀਚਿਊਟ ਆਫ਼ ਮਾਉਂਟੇਨੀਅਰਿੰਗ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੁਆਰਾ ਪੇਸ਼ ਕੀਤੇ ਜਾਂਦੇ ਸ਼ਾਰਟ ਟਰਮ ਐਡਵੈਂਚਰ ਸਪੋਰਟਸ ਕੋਰਸ ਕੀਤੇ ਜਾ ਸਕਣ। ਕਦਮ 2 ਇੱਕ ਵਾਰ ਜਦੋਂ ਉਹਨਾਂ ਨੇ ਸਫਲਤਾਪੂਰਵਕ ਸਿਖਲਾਈ ਪੂਰੀ ਕਰ ਲਈ ਹੈ ਤਾਂ ਉਹਨਾਂ ਨੂੰ ਪ੍ਰਮਾਣੀਕਰਣ ਜਾਂ ਲਾਇਸੰਸ ਪ੍ਰਦਾਨ ਕੀਤੇ ਜਾਂਦੇ ਹਨ ਜੋ ਉਹਨਾਂ ਨੂੰ ਐਡਵੈਂਚਰ ਸਪੋਰਟਸ ਇੰਸਟ੍ਰਕਟਰ ਬਣਨ ਦੇ ਯੋਗ ਬਣਾਉਣ ਦੇ ਯੋਗ ਬਣਾਉਂਦੇ ਹਨ। ਐਡਵੈਂਚਰ ਸਪੋਰਟਸ ਇੰਸਟ੍ਰਕਟਰ ਨੌਕਰੀ ਦਾ ਵੇਰਵਾ ਐਡਵੈਂਚਰ ਸਪੋਰਟਸ ਨੂੰ ਨਾ ਸਿਰਫ਼ ਖੇਡ ਹੁਨਰ ਦੀ ਲੋੜ ਹੁੰਦੀ ਹੈ, ਸਗੋਂ ਸਾਹਸੀ ਕੰਮ ਕਰਨ ਲਈ ਬਹੁਤ ਪ੍ਰੇਰਣਾ ਦੀ ਵੀ ਲੋੜ ਹੁੰਦੀ ਹੈ ਕਿਉਂਕਿ ਉਹਨਾਂ ਵਿੱਚ ਕੁਝ ਖਾਸ ਜੋਖਮ ਵੀ ਸ਼ਾਮਲ ਹੁੰਦਾ ਹੈ। ਇਸ ਤਰ੍ਹਾਂ ਇੱਕ ਸਾਹਸੀ ਸਪੋਰਟਸ ਇੰਸਟ੍ਰਕਟਰ ਨੌਕਰੀ ਦੇ ਵੇਰਵੇ ਵਿੱਚ ਸਪੋਰਟਿੰਗ ਹੁਨਰ ਸਿਖਾਉਣ ਨਾਲੋਂ ਬਹੁਤ ਕੁਝ ਹੈ। ਉਸਦੇ ਕੰਮ ਵਿੱਚ ਸਮੂਹ ਪਹਿਲਕਦਮੀਆਂ ਰਾਹੀਂ ਸਮੂਹਾਂ ਨੂੰ ਮਾਰਗਦਰਸ਼ਨ ਕਰਨਾ, ਸਹੀ ਸਪਾਟਿੰਗ ਤਕਨੀਕਾਂ ਸਿਖਾਉਣਾ, ਰੱਸੀਆਂ, ਕਾਰਬਿਨੀਅਰ, ਹਾਰਨੈਸ ਅਤੇ ਹੋਰ ਜੀਵਨ ਸਹਾਇਕ ਉਪਕਰਣਾਂ ਦੀ ਸਹੀ ਦੇਖਭਾਲ ਅਤੇ ਰੱਖ-ਰਖਾਅ ਸਿਖਾਉਣਾ ਸ਼ਾਮਲ ਹੈ ਕਿਉਂਕਿ ਇਹ ਕਿਸੇ ਵੀ ਕਿਸਮ ਦੇ ਕੰਮ ਨੂੰ ਸਹੀ ਢੰਗ ਨਾਲ ਕਰਨ ਲਈ ਬਹੁਤ ਮਹੱਤਵਪੂਰਨ ਹਨ। ਇਸ ਤੋਂ ਇਲਾਵਾ, ਉਹ ਕੈਂਪਰਾਂ ਅਤੇ ਸਟਾਫ ਨੂੰ ਨਵੀਆਂ ਖੇਡਾਂ ਦੀ ਕੋਸ਼ਿਸ਼ ਕਰਨ, ਕੈਂਪ ਜੀਵਨ ਦੇ ਹੋਰ ਪਹਿਲੂਆਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਤ ਕਰਦਾ ਹੈ। ਐਡਵੈਂਚਰ ਸਪੋਰਟਸ ਇੰਸਟ੍ਰਕਟਰ ਨੂੰ ਉਹ ਸਾਰੀਆਂ ਡਿਊਟੀਆਂ ਨਿਭਾਉਣੀਆਂ ਪੈਂਦੀਆਂ ਹਨ ਜੋ ਉਸ ਨੂੰ ਐਡਵੈਂਚਰ/ਸਪੋਰਟਸ ਡਾਇਰੈਕਟਰ, ਵਿਲੇਜ ਡਾਇਰੈਕਟਰ, ਪ੍ਰੋਗਰਾਮ ਕੋਆਰਡੀਨੇਟਰ ਜਾਂ ਕੈਂਪ ਡਾਇਰੈਕਟਰ ਦੁਆਰਾ ਸੌਂਪੀਆਂ ਜਾ ਸਕਦੀਆਂ ਹਨ। ਐਡਵੈਂਚਰ ਸਪੋਰਟਸ ਇੰਸਟ੍ਰਕਟਰ ਕੈਰੀਅਰ ਦੀਆਂ ਸੰਭਾਵਨਾਵਾਂ ਐਡਵੈਂਚਰ ਸਪੋਰਟਸ ਇੰਸਟ੍ਰਕਟਰਾਂ ਲਈ ਨਿੱਜੀ ਅਤੇ ਜਨਤਕ ਖੇਤਰ ਦੀਆਂ ਸੰਸਥਾਵਾਂ ਵਿੱਚ ਰੁਜ਼ਗਾਰ ਦੇ ਬਹੁਤ ਮੌਕੇ ਉਪਲਬਧ ਹਨ।

ਉਹ ਸਪੋਰਟਸ ਸੈਂਟਰਾਂ ਅਤੇ ਐਥਲੈਟਿਕ ਕਲੱਬਾਂ ਤੋਂ ਇਲਾਵਾ ਸੈਰ-ਸਪਾਟਾ ਏਜੰਸੀਆਂ, ਛੁੱਟੀਆਂ ਦੇ ਰਿਜ਼ੋਰਟਾਂ, ਮਨੋਰੰਜਨ ਕੈਂਪਾਂ ਅਤੇ ਵਪਾਰਕ ਮਨੋਰੰਜਨ ਕੇਂਦਰਾਂ ਵਿੱਚ ਨੌਕਰੀ ਪ੍ਰਾਪਤ ਕਰ ਸਕਦੇ ਹਨ। ਸੈਰ-ਸਪਾਟਾ ਵਿਭਾਗ, ਐਡਵੈਂਚਰ ਸਪੋਰਟਸ ਕਲੱਬ ਅਤੇ ਹਿਲਸ ਰਿਜ਼ੋਰਟ ਆਦਿ ਵੀ ਇਨ੍ਹਾਂ ਪੇਸ਼ੇਵਰਾਂ ਨੂੰ ਵਧੀਆ ਮੌਕਾ ਪ੍ਰਦਾਨ ਕਰਦੇ ਹਨ। ਸਿਖਲਾਈ ਪ੍ਰਾਪਤ ਐਡਵੈਂਚਰ ਸਪੋਰਟਸ ਇੰਸਟ੍ਰਕਟਰ ਕਾਰਪੋਰੇਟ ਘਰਾਣਿਆਂ ਅਤੇ ਵੱਖ-ਵੱਖ ਰਾਜ ਅਤੇ ਕੇਂਦਰ ਸਰਕਾਰਾਂ ਦੁਆਰਾ ਉਨ੍ਹਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ ਨਾਲ ਆਪਣੀਆਂ ਅਕੈਡਮੀਆਂ ਵੀ ਖੋਲ੍ਹ ਸਕਦੇ ਹਨ। ਐਡਵੈਂਚਰ ਸਪੋਰਟਸ ਇੰਸਟ੍ਰਕਟਰ ਦੀ ਤਨਖਾਹ ਜਿੱਥੋਂ ਤੱਕ ਐਡਵੈਂਚਰ ਸਪੋਰਟਸ ਇੰਸਟ੍ਰਕਟਰਾਂ ਦੇ ਤਨਖਾਹ ਪੈਕੇਜ ਅਤੇ ਤਨਖਾਹਾਂ ਦਾ ਸਬੰਧ ਹੈ, ਉਹ ਸ਼ੁਰੂ ਕਰਨ ਲਈ ਕੁਝ ਚੰਗੇ ਐਡਵੈਂਚਰ ਸਪੋਰਟਸ ਕਲੱਬਾਂ ਜਾਂ ਹਿੱਲ ਰਿਜ਼ੋਰਟਾਂ ਵਿੱਚ ਇੱਕ ਐਡਵੈਂਚਰ ਸਪੋਰਟਸ ਇੰਸਟ੍ਰਕਟਰ ਵਜੋਂ 20,000 ਰੁਪਏ ਤੋਂ 30,000 ਰੁਪਏ ਤੱਕ ਕੁਝ ਵੀ ਪ੍ਰਾਪਤ ਕਰ ਸਕਦੇ ਹਨ। ਜੇਕਰ ਕੋਈ ਨਿੱਜੀ ਅਸਾਈਨਮੈਂਟ ਲਈ ਜਾਂਦਾ ਹੈ ਤਾਂ ਕੋਈ ਉਨਾ ਉੱਚਾ ਪ੍ਰਾਪਤ ਕਰ ਸਕਦਾ ਹੈ ਜਿੰਨਾ ਕੋਈ ਸੋਚ ਸਕਦਾ ਹੈ, ਇਹ ਸਭ ਸਬੰਧਤ ਖੇਤਰ ਵਿੱਚ ਉਸਦੀ ਆਪਣੀ ਯੋਗਤਾ ਅਤੇ ਮੰਗ @ਤੇ ਨਿਰਭਰ ਕਰਦਾ ਹੈ।



# ਬੱਚਿਆਂ ਲਈ ਸਾਹਿਤ ਲਿਖਣ ਵਾਲੇ ਸ਼੍ਰੋਮਣੀ, ਸਟੇਟ ਅਤੇ ਰਾਸ਼ਟਰੀ ਐਵਾਰਡ ਪ੍ਰਾਪਤ ਅਧਿਆਪਕ, ਗੀਤਕਾਰ ਅਤੇ ਸਾਹਿਤਕਾਰ ਅਮਰੀਕ ਸਿੰਘ ਤਲਵੰਡੀ

ਪੰਜਾਬੀ ਸਾਹਿਤਕਾਰਾਂ ਦੀ ਜੇਕਰ ਗੱਲ ਕਰੀਏ ਤਾਂ ਉਚਕੋਟੀ ਦੇ ਕਈ ਅਜਿਹੇ ਸਾਹਿਤਕਾਰ ਹਨ ਜਿੰਨਾ ਦਾ ਨਾਮ ਉਂਗਲਾਂ ਤੇ ਗਿਣਿਆ ਜਾ ਸਕਦਾ ਹੈ।ਇਹਨਾਂ ਵਿਚੋਂ ਇੱਕ ਨਾਮ ਸਾਹਿਤਕਾਰ ਅਤੇ ਗੀਤਕਾਰ ਹੈ ਅਮਰੀਕ ਤਲਵੰਡੀ।

ਅਮਰੀਕ ਸਿਘ ਤਲਵੰਡੀ ਦਾ ਜਨਮ 12 ਦਸੰਬਰ 1949 ਨੂੰ ਸਰਦਾਰ ਪਾਲ ਸਿੰਘ ਧਨੋਆ ਅਤੇ ਮਾਤਾ ਬਸੰਤ ਕੌਰ ਦੇ ਗ੍ਰਹਿ ਵਿਖੇ ਤਲਵੰਡੀ ਕਲਾਂ (ਨੇੜੇ ਸਵੱਦੀ ਕਲਾਂ) ਜ਼ਿਲਾ ਲੁਧਿਆਣਾ ਵਿਖੇ ਹੋਇਆ। ਅਮਰੀਕ ਸਿੰਘ ਤਲਵੰਡੀ ਨੇ ਆਪਣੀ ਕਲਮ ਦਾ ਸਫ਼ਰ ਛੋਟੀ ਉਮਰੇ 1967 ਵਿੱਚ ਸ਼ੁਰੂ ਕਰ ਦਿੱਤਾ। ਅਮਰੀਕ ਸਿੰਘ ਤਲਵੰਡੀ ਨੂੰ ਗੀਤ ਲਿਖਣ ਦੀ ਚੇਟਕ ਦੇਵ ਥਰੀਕੇ ਵਾਲਾ, ਗੁਰਦੇਵ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਬਾਬੂ ਸਿੰਘ ਮਾਨ ਮਰਾੜ੍ਹਾ ਵਾਲੇ ਅਜਿਹੇ ਨਾਮਵਰ ਗੀਤਕਾਰਾਂ ਤੋਂ ਲੱਗ ਗਈ।

ਸਭ ਤੋਂ ਪਹਿਲਾਂ ਇਹਨਾਂ ਦਾ ਲਿਖਿਆ ਗੀਤ ਮਰਹੂਮ ਸੁਰਿੰਦਰ ਛਿੰਦੇ ਦੀ ਆਵਾਜ਼ ਵਿੱਚ ਰਿਕਾਰਡ ਹੋਇਆ..

੦...ਪਹਾੜ ਜਿੱਡੇ ਲਾਰੇ ਹੀਰੇ ਰੱਖੇ ਤੂੰ ਕੁਆਰੇ...
ਚੜ੍ਹ ਖੇੜਿਆਂ ਦੀ ਡੋਲੀ
ਨੀ ਤੂੰ ਭੁੱਲ ਗਈ ਏ ਸਾਰੇ..

ਇਸ ਤੋਂ ਬਾਅਦ ਕੁਲਦੀਪ ਮਾਣਕ ਦੀ ਆਵਾਜ਼ ਵਿੱਚ ਧਾਰਮਿਕ ਅੱਠ ਗੀਤ ਇਕੱਠੇ ਆਏ ਜੋ ਸਾਰੇ ਅਮਰੀਕ ਤਲਵੰਡੀ ਦੇ ਹੀ ਲਿਖੇ ਹੋਏ ਸਨ। ਉਹ ਅੱਠ ਗੀਤਾਂ ਦਾ ਟਾਈਟਲ ਗੀਤ @ਚੜ੍ਹਿਆ ਸੋਧਣ ਧਰਤ ਲੁਕਾਈ @ ਸੀ।

੦.. ਚੜ੍ਹਿਆ ਸੋਧਣ ਧਰਤ ਲੁਕਾਈ...
ਪੱਟੀ ਜੜ੍ਹ ਬਰਬਾਦੀ ਦੀ..
ਗੁਰੂ ਨਾਨਕ ਤੋਂ ਵੱਡਾ ਦੱਸੋ
ਕਹਿੜਾ ਇਨਕਲਾਬੀ ਸੀ..

ਇਹ ਅੱਠ ਗੀਤਾਂ ਤੋਂ ਬਿਨਾਂ ਮਾਣਕ ਦੀ ਆਵਾਜ਼ ਵਿੱਚ ਹੋਰ ਗੀਤ...

੦..ਕਿਸੇ ਦੀ ਗਰੀਬੀ ਦਾ ਮਜ਼ਾਕ ਨਹੀ ਉਡਾਈਦਾ..
ਦਿੱਤਾ ਹੋਵੇ ਬਹੁਤਾ ਦਾਤੇ ਵੰਡ ਵੰਡ ਖਾਈਦਾ...

੦...ਮਰਨਾਂ ਹੈਗਾ ਸੱਚ ਵੇ ਲੋਕਾਂ ਫਿਰ ਕਿਉ ਸੱਚ ਪਛਾਣੇ ਨਾਂ..
ਰੱਬ ਮੌਤ ਨੂੰ ਭੁੱਲ ਕੇ ਬੰਦੇ
ਬੰਦੇ ਨੂੰ ਬੰਦਾ ਜਾਣੇ ਨਾਂ..

੦..ਹਰ ਵਲੇ ਜੀਭਾਂ ਉੱਤੇ ਰਹੇ ਤੇਰਾ ਨਾਮ ਵੇ..
ਚਰਨਾਂ ਚੌਂਦੇ ਦੇ ਮੈਨੂੰ ਕਮਲੀ ਨੂੰ ਥਾਂ ਵੇ...

ਆਦਿ ਬਹੁਤ ਸਾਰੇ ਗੀਤ ਗਾਏ। ਦਿਲਸ਼ਾਦ ਅਖ਼ਤਰ, ਰੰਜਨਾਂ, ਪਾਲੀ ਦੇਵਤਵਾਲੀਆ, ਹਰਭਜਨ ਮਾਨ, ਰਮੇਸ਼ ਗਲਾਡੀ, ਮਿੱਠਾ ਬਡਾਲਵੀ, ਸਤਪਾਲ ਕਿੰਗਰਾ ਆਦਿ ਗਾਇਕਾ ਨੇ ਇਹਨਾਂ ਦੇ ਲਿਖੇ ਗੀਤ ਗਾਏ। ਤਲਵੰਡੀ ਜੀ ਗਾਇਕਾਂ/ ਗਾਇਕਾਵਾਂ ਨੂੰ ਸਾਫ਼ ਸੁਥਰੇ ਗੀਤ ਲਿਖ ਕੇ ਦੇ ਰਹੇ ਹਨ। ਹੁਣ ਤੱਕ 45 ਗਾਇਕ ਇਹਨਾਂ ਦੇ ਗੀਤ ਗਾ ਚੁੱਕੇ ਹਨ। ਪਾਲੀ ਦੇਤਵਾਲੀਆ ਜੀ ਬਹੁਤ ਤੇਜ਼ੀ ਨਾਲ ਇਹਨਾਂ ਦੇ ਲਿਖੇ ਗੀਤ ਰਿਕਾਰਡ ਕਰਵਾ ਰਹੇ ਹਨ। ਹੁਣ ਇਹ ਪੰਜਾਬੀ ਗੀਤਕਾਰੀ ਸਭਾ ਪੰਜਾਬ ਦੇ ਸਰਪ੍ਰਸਤ ਹਨ। ਅੱਜ ਕੱਲ ਜੋ ਬੱਚੇ ਵਿਦੇਸ਼ਾ ਵਿਚ ਜਾ ਕੇ ਮਿਹਨਤ ਕਰਕੇ ਆਪਣੇ ਕਾਰੋਬਾਰਾਂ ਨੂੰ ਤਰਜੀਹ ਦੇ ਰਹੇ ਹਨ ਉਹਨਾਂ ਤੇ ਲਿਖਿਆ ਗੀਤ ਸੁਰਿੰਦਰ ਛਿੰਦੇ ਦੀ ਆਵਾਜ਼ ਵਿਚ @ਆਪਣਾ ਟਰਾਲਾ@ ਵਿਦੇਸ਼ਾਂ ਵਿਚ ਪੰਜਾਬੀ ਟਰੱਕ ਡਰਾਇਵਰ ਬੜੇ ਉਤਸ਼ਾਹ ਨਾਲ ਸੁਣਦੇ ਹਨ।

ਅਮਰੀਕ ਸਿੰਘ ਤਲਵੰਡੀ ਨੇ ਜੇ. ਬੀ. ਟੀ ਜਗਰਾਉਂ ਕਾਲਜ ਤੋਂ ਅਤੇ ਗਿਆਨੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪਾਸ ਕਰਕੇ ਦਸ਼ਮੇਸ਼ ਹਾਈ ਸਕੂਲ (ਟਾਹਲੀ ਸਾਹਿਬ) ਰਾਏਕੋਟ ਪੰਜਾਬੀ ਆਧਿਆਪਕ ਦੇ ਤੌਰ ਤੇ ਪੜਾਉਣਾ ਸ਼ੁਰੂ ਕਰ ਦਿੱਤਾ। ਪਰ ਸਰਕਾਰੀ ਨੌਕਰੀ ਜ਼ੀਰੇ (ਫਿਰੋਜਪੁਰ) ਮਿਲੀ।

ਅਮਰੀਕ ਤਲਵੰਡੀ ਨੇ ਜ਼ੀਰੇ ਜਾ ਕੇ ਗੀਤਕਾਰੀ ਦੇ ਨਾਲ ਨਾਲ ਸਾਹਿਤ ਲਿਖਣਾ ਵੀ ਸ਼ੁਰੂ ਕਰ ਦਿੱਤਾ। ਉਹਨਾਂ ਨੇ ਉੱਥੇ ਜਾ ਕੇ ਸਾਹਿਤ ਸਭਾ ਦਾ ਗਠਨ ਕੀਤਾ। ਜ਼ੀਰੇ 16 ਸਾਲ ਸਾਹਿਤ ਸਭਾ ਦੇ ਪ੍ਰਧਾਨ ਰਹੇ। ਇਹਨਾਂ ਦੇ ਪ੍ਰਧਾਨ ਹੁੰਦਿਆਂ ਕਈ ਨਵੀਆਂ ਕਲਮਾਂ ਨੇ ਜਨਮ ਲਿਆ ਕਈ ਲਿਖਾਰੀ ਰਚਨਾਵਾਂ ਲਿਖੀ ਬੈਠੇ ਸਨ ਪਰ ਉਹਨਾਂ ਦੀ ਕੋਈ ਬਾਂਹ ਫੜਨ ਵਾਲਾ ਨਹੀ ਸੀ ਇਹਨਾਂ ਨੇ ਉਹਨਾਂ ਦੀਆਂ ਰਚਨਾਵਾਂ ਛਪਵਾ ਕੇ ਪਾਠਕਾਂ ਸਾਹਮਣੇ ਲਿਆਂਦਾ। ਅਮਰੀਕ ਤਲਵੰਡੀ ਨੇ ਆਪ ਵੀ ਬਹੁਤ ਸਾਰੀਆਂ ਕਵਿਤਾਵਾਂ ਲਿਖੀਆਂ। ਬੱਚਿਆਂ ਲਈ ਬਾਲ ਕਵਿਤਾਵਾਂ, ਬਾਲ ਕਹਾਣੀਆਂ ਬਹੁਤ ਜਿਆਦਾ ਲਿਖਿਆਂ ਅਤੇ ਲਿਖ ਰਹੇ ਹਨ।

ਉਹਨਾਂ ਦੀ ਪਹਿਲੀ ਗੀਤਾਂ ਦੀ ਪੁਸਤਕ @ਕੁਆਰੇ ਬੋਲ @ (1975) ਵਿੱਚ ਪ੍ਰਕਾਸ਼ਤ ਹੋਈ।@ਵਿਰਸਾ ਆਪਣਾ ਲੈ ਸੰਭਾਲ@ @ (2002) , @ਸਮੇ ਦਾ ਸੱਚ@ (2006) , @ਗਿਆਨ ਦੇ ਦੀਪ@ (2011) , ਆਦਿ ਉਹਨਾਂ ਦੇ ਕਾਵਿ-ਸੰਗ੍ਰਹਿ ਹਨ।

ਅਮਰੀਕ ਤਲਵੰਡੀ ਦਾ ਕਹਿਣਾ ਹੈ ਸਮਾਂ ਬਹੁਤ ਤੇਜੀ ਨਾਲ ਬਦਲ ਰਿਹਾ ਹੈ। ਪਾਠਕ ਲੰਬੀਆਂ ਰਚਨਾਵਾਂ ਨੂੰ ਪੜ੍ਹਨ ਲਈ ਤਰਜੀਹ ਘੱਟ ਦੇਣ ਲੱਗ ਪਏ ਹਨ ਇਸ ਕਰਕੇ ਮਿੰਨੀ ਕਹਾਣੀ ਯੁੱਗ ਜ਼ੋਰ ਫੜਦਾ ਜਾ ਰਿਹਾ ਹੈ ਇਹਨਾਂ ਨੇ ਇਕ ਮਿੰਨੀ ਕਹਾਣੀ ਚਮਚੇ ਲਿਖ ਕੇ ਅਜੀਤ ਅਖ਼ਬਾਰ ਨੂੰ ਭੇਜ ਦਿੱਤੀ ਉਹ ਛੇਤੀ ਹੀ ਅਖ਼ਬਾਰ ਵਾਲਿਆਂ ਛਾਪ ਦਿੱਤੀ। ਉਹ ਕਹਾਣੀ ਲੋਕਾਂ ਨੇ ਇੰਨੀ ਪਸੰਦ ਕੀਤੀ ਉਸ ਕਹਾਣੀ ਨੇ ਅਮਰੀਕ ਤਲਵੰਡੀ ਨੂੰ ਕਹਾਣੀਕਾਰ ਬਣਾ ਦਿੱਤਾ। ਅਮਰੀਕ ਤਲਵੰਡੀ ਦੀਆਂ ਤਿੰਨ ਕਿਤਾਬਾਂ ਮਿੰਨੀ ਕਹਾਣੀਆਂ ਘੋੜੇ ਵਾਲਾ ਚੌਂਕ, ਖਰੀਆਂ ਖਰੀਆਂ, ਮਾਂ ਦਾ ਮਰਨਾ ਛੱਪ ਚੁੱਕੀਆਂ ਹਨ।

1988 ਵਿੱਚ ਅਮਰੀਕ ਸਿੰਘ ਤਲਵੰਡੀ ਨੂੰ ਪੰਜਾਬ ਸਰਕਾਰ ਨੇ ਸਟੇਟ ਐਵਾਰਡ ਦੇ ਕੇ ਸਨਮਾਨਿਤ ਕੀਤਾ।

1993 ਵਿੱਚ ਭਾਰਤ ਦੇ ਰਸ਼ਟਰਪਤੀ ਸ਼ੰਕਰ ਦਿਆਲ ਸ਼ਰਮਾਂ ਵਲੋਂ ਰਾਸ਼ਟਰੀ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। 2014 ਵਿੱਚ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੋਮਣੀ ਬਾਲ ਸਾਹਿਤ ਲੇਖਕ ਪੁਰਸ਼ਕਾਰ ਮਿਲਿਆ। ਅਮਰੀਕ ਤਲਵੰਡੀ ਲਿਖਣ ਦੇ ਖੇਤਰ ਵਿੱਚ ਰਾਮ ਨਾਥ ਮੁਸਾਫ਼ਰ ਨੂੰ ਆਪਣਾ ਉਸਤਾਦ ਮੰਨਦਾ ਹੈ।

ਗੁਰੂ ਕਾਂਸ਼ੀ ਯੁਨੀਵਰਸਿਟੀ ਦਮ ਦਮਾ ਸਾਹਿਬ ਬਠਿੰਡਾ ਵਿਖੇ ਇਕ ਵਿਦਿਆਰਥੀ ਵਲੋਂ ਉਹਨਾਂ ਦੇ ਲਿਖੇ ਸਭਿਆਚਾਰਕ ਗੀਤਾਂ ਦੀ ਪੁਸਤਕ @ਬੋਲ ਪੰਜਾਬ ਦੇ @ ਉੱਪਰ ਐਮ ਫ਼ਿਲ ਕੀਤੀ। ਇਹ ਵਿਦਿਆਰਥੀ ਦੀ ਬਹੁਤ ਵੱਡੀ ਪ੍ਰਾਪਤੀ ਹੈ ਅਤੇ ਅਮਰੀਕ ਤਲਵੰਡੀ ਦੀ ਵੀ ਬਹੁਤ ਵੱਡੀ ਪ੍ਰਾਪਤੀ ਹੈ ਕਿਉਂਕਿ ਉਸ ਦੇ ਸਾਫ਼ ਸੁਥਰੇ ਸਭਿਆਚਾਰਕ ਗੀਤਾਂ ਤੇ ਸਰਚ ਹੋਣੀ ਸ਼ੁਰੂ ਹੋ ਗਈ ਹੈ।

ਅਮਰੀਕ ਤਲਵੰਡੀ ਸਮਾਜ ਸੇਵੀ ਕੰਮਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਦਿਨੋ ਦਿਨ ਪਰਦੂਸ਼ਿਤ ਹੋ ਰਹੇ ਪੌਣ ਪਾਣੀ ਅਤੇ ਵਾਤਾਵਰਣ ਤੋਂ ਹਰ ਵਕਤ ਚਿੰਤਤ ਰਹਿੰਦੇ ਹਨ। ਵੱਖ ਵੱਖ ਵਿਧੀਆਂ ਰਾਹੀ ਪ੍ਰਚਾਰ ਕਰਕੇ ਲੋਕਾਂ ਨੂੰ ਪੌਣ ਪਾਣੀ ਅਤੇ ਵਾਤਾਵਰਣ ਨੂੰ ਪਰਦੂਸ਼ਿਤ ਹੋਣ ਤੋਂ ਬਚਾਉਣ ਲਈ ਜਾਗਰੂਕ ਕਰਦੇ ਰਹਿੰਦੇ ਹਨ।



ਥੋੜਾ ਸਮਾਂ ਪਹਿਲਾਂ ਉਹਨਾਂ ਦੀ 37 ਵੀਂ ਕਿਤਾਬ ਰਿਲੀਜ਼ ਹੋ ਚੁੱਕੀ ਹੈ। ਹੁਣ ਅਜੀਤ ਅਖ਼ਬਾਰ ਵਾਲਿਆਂ ਨੇ ਅਮਰੀਕ ਤਲਵੰਡੀ ਦੀ ਸਾਹਿਤ ਤੇ ਤਿਰਛੀ ਅੱਖ ਨੂੰ ਪਛਾਣਦਿਆਂ ਹੋਰ ਲੇਖਕਾਂ ਦੀਆਂ ਲਿਖੀਆਂ ਕਿਤਾਬਾਂ ਰੀਵਿਊ ਲਿਖਣ ਲਈ ਭੇਜਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਹਨਾਂ ਦੇ ਲਿਖੇ ਰੀਵਿਊ ਅਜੀਤ ਅਖ਼ਬਾਰ ਵਿਚ ਹਮੇਸ਼ਾਂ ਛਪਦੇ ਹੀ ਰਹਿੰਦੇ ਹਨ। ਪ੍ਰਮਾਤਮਾਂ ਇਹਨਾਂ ਦੀ ਕਲਮ ਨੂੰ ਇਸ ਤਰਾਂ ਹੀ ਚਲਾਈ ਰੱਖੇ।

**ਅਮਰੀਕ ਤਲਵੰਡੀ +91 94635-42896 )**

**ਵਲੋ. ਸੁਖਵਿੰਦਰ ਸਿੰਘ ਮੁੱਲਾਂਪੁਰ**

# ਢਾਹਾ ਵੱਡੋ, ਰਾਜਨੀਤਕ ਦਲਾਂ ਦਾ

ਬਹੁਤ ਹੋ ਗਿਐ ਤਮਾਸਾ, ਅੱਕ ਗਏ ਹੁਣ , ਕਿੰਨੇ ਕੁ ਸਾਲ ਹੋਰ ਜਮੂਰੇ ਬਣ ਇਸਾਰਿਆਂ ਤੇ ਨੱਚਦੇ ਰਹਾਂਗੇ ਸਵਾਰਥੀ ਆਕਿਆਂ ਦੇ " । ਸਾਥੀਓ, ਵਕਤ ਹੈ ਆਵਾਮ ਨੂੰ ਸੰਭਾਲਣ ਦਾ ਅਤੇ ਖੁਦ ਸੰਭਲਣ ਦਾ, ਸੰਭਲ ਜਾਵੋ, ਨਹੀਂ ਤਾਂ ਤੁਹਾਡੀ ਪਹਿਚਾਣ, ਤੁਹਾਡਾ ਘਰ-ਬਾਰ, ਤੁਹਾਡਾ ਸੱਭਿਆਚਾਰ, ਤੁਹਾਡੇ ਪਾਣੀ , ਤੁਹਾਡੇ ਦਰਿਆ ਤੇ ਤੁਹਾਡੀ ਆਪਣੀ ਜਨਮ ਭੂਮੀ, ਮਾਂ ਜਿਹੀ ਧਰਤੀ , ਕੁੱਝ ਨਹੀਂ ਛੱਡਣਾ ਅਜਾਰੇਦਾਰਾਂ ਅਤੇ ਇਹਨਾਂ ਦੇ ਚੌਕੀਦਾਰ ਹਾਕਿਮਾਂ ਨੇ ।ਜਦੋਂ ਸਾਡੀ ਜੜ੍ਹ ਹੀ ਨਾ ਰਹੀ ਤਾਂ ਬਿਰਖ ਬਣ ਕੇ ਖੜਾਂਗੇ ਵੀ ਕਿੱਥੇ ?ਸਾਡੀ ਜਮੀਰ, ਸਾਡੀ ਅਣਖ, ਸਾਡਾ ਇਤਿਹਾਸ ਸਭ ਕੁੱਝ ਫਨਾਹ ਹੋ ਜਾਵੇਗਾ। ਸਭ ਹਰ ਰੋਜ ਵਿਕੇਗਾ ਮੰਡੀ ਦਾ ਮਾਲ ਬਣ -ਬਣ ।ਸਾਡੀਆਂ ਇੱਜਤਾਂ, ਸਾਡੀਆਂ ਆਬਰੂਆਂ, ਪੱਗਾਂ ਦੇ ਸਮਲੇ ਚੁਰਾਹਿਆਂ ਵਿੱਚ ਰੁਲਣਗੇ।ਤੁਸੀਂ ਕੁੱਝ ਨਹੀਂ ਕਰ ਸਕੋਂਗੇ, ਤੁਹਾਡੇ ਹੱਥ, ਤੁਹਾਡੇ ਅੰਗੂਠੇ ਵੱਡ ਚੁੱਕਣਗੇ ਤਦ ਤੱਕ ਕਾਲੇ ਕਾਨੂੰਨ।ਤੁਸੀਂ ਨਾ ਰੋ ਸਕੋਂਗੇ, ਨਾ ਮਰ ਸਕੋਂਗੇ।ਗੁਲਾਮਾਂ ਦੀ ਔਕਾਤ ਹੀ ਕੀ ਹੁੰਦੀ ਹੈ, ਤੁਹਾਡੇ ਆਪਣੇ ਪੁਰਖਿਆਂ ਤੋਂ ਪੁੱਛੋ। ਆਪਣੇ ਇਤਿਹਾਸ ਪੜ੍ਹੋ ਤੇ ਸੰਭਾਲੋ, ਨਸੀਂ ਤਾਂ ਇਹ ਵੀ ਬਦਲ ਦੇਣਗੇ ਹੁਕਮਰਾਨ। ਸੁਣੋ ਉਹਨਾਂ ਤੋਂ ਜਿਹਨਾਂ ਮੁਗਲ ਹਕੂਮਤਾਂ ਦਾ ਜਬਰ ਹੰਡਾਇਆ ਹੈ।ਅੰਗਰੇਜ਼ ਹਕੂਮਤ ਦੀ ਗੁਲਾਮੀ ਕੀਤੀ ਫਿਰ ਪਿੱਛੋ ਅੰਗਰੇਜਾਂ ਦੇ ਪਿੱਠੂਆਂ ਜਗੀਰਦਾਰਾਂ ਦੀਆਂ ਵਗਾਰਾਂ ਕੀਤੀਆਂ।ਆਖਿਰ ਅੱਕ ਕੇ ਗੁਲਾਮੀ ਦੀਆਂ ਬੇੜੀਆਂ ਵੱਡਣ ਲਈ ਅੰਗਿਆਰਿਆਂ ਤੇ ਤੁਰੇ। ਮੁਜਾਹਰਿਆਂ ਦੇ ਘੋਲ ਲੜੇ, ਤਾਂ ਕਿਤੇ ਜਮੀਨਾਂ ਦੀ ਮਾਲਕੀ ਹਾਸਿਲ ਕੀਤੀ। ਉਹਨਾਂ ਜਗੀਰਦਾਰਾਂ ਤੇ ਰਿਆਸਤਾਂ ਦੇ ਰਾਜਿਆਂ ਨੂੰ ਅਸੀਂ ਫਿਰ ਆਪਣੇ ਮਾਈ-ਬਾਪ ਬਣਾ ਰਹੇ ਹਾਂ, ਆਪਣੇ ਮੰਤਰੀ, ਮੁੱਖ-ਮੰਤਰੀ ਬਣਾਉਣ ਲਈ ਨਸਿਆਂ ਤੇ ਵਿਕ ਵੋਟ ਦੇ ਰਹੇ ਹਾਂ, ਸੰਭਲੋ-ਸੰਭਲੋ।

ਸਰਕਾਰੀ ਨੀਤੀਆਂ ਬਣਾਉਣ ਵਾਲੇ ਕੌਣ ਹਨ ।ਕੌਣ ਲੋਕ ਹਨ ਜੋ ਵਿਧਾਨ ਸਭਾਵਾਂ, ਲੋਕ ਸਭਾ ਦੇ ਮੈਂਬਰ ਬਣਦੇ ਹਨ। ਰਾਜ ਸਭਾ ਵਿੱਚ ਭੇਜੇ ਜਾਂਦੇ ਹਨ ।ਆਮ ਲੋਕਾਂ ਦੀ ਆਵਾਜ਼ ਨਹੀਂ ਉਹ, ਉਸ ਸਰਮਾਏਦਾਰਾਂ ਦੇ ਚੌਕੀਦਾਰ ਬਣਦੇ ਹਨ।ਕਾਰਪੋਰੇਟ ਘਰਾਣਿਆਂ ਦੀ ਰਾਖੀ ਲਈ ਤੱਤਪਰ ਤਿਆਰ ਹਨ।ਗਰੀਬ ਲੋਕਾਂ ਲਈ ਕਣਕ, ਆਟਾ, ਦਾਲ ਚੀਨੀ ਸਰਕਾਰ ਦੇ ਖਾਤੇ ਚੋਂ ਦੇ ਕੇ ਤੁਹਾਡੇ ਤੇ ਹੀ ਅਹਿਸਾਨ ਕਰਦੇ ਹਨ।ਆਮ ਜਨਤਾ ਤੋਂ ਹਰ ਵਸਤੂ ਤੇ ਟੈਕਸ, ਟੈਕਸ ਤੇ ਟੈਕਸ ਲਾ ਕੇ ਇਕੱਠਾ ਕੀਤਾ ਗਿਆ ਧਨ ਆਪਣੇ ਤੇ ਆਪਣੇ ਚੌਧਰੀਆਂ ਦੇ ਪੇਟ ਭਰਨ ਲਈ ਵਰਤਦੇ ਹਨ।ਜਦੋਂ ਜਨਤਾ ਪੂਰੇ ਸਮਾਜ ਲਈ ਰਾਹਤ ਦੀ ਗੱਲ ਕਰਦੀ ਹੈ ਤਾਂ ਖੁਸਰਿਆਂ ਦੀ ਤਰ੍ਹਾਂ ਤਾਲੀ (ਤਾੜੀ) ਮਾਰ ਕੇ ਖਜਾਨਾ ਖਾਲੀ ਕਹਿ ਦਿੱਤਾ ਜਾਂਦਾ ਹੈ। ਤੁਸੀਂ ਦੇਖਦੇ ਰਹਿੰਦੇ ਹੋਂ, ਸੁਣਦੇ ਰਹਿੰਦੇ ਹੋਂ , ਬਸ।

ਕਸੂਰ ਸਾਥੀਓ ਇਹ ਰਾਜਨੀਤਕ ਪਾਰਟੀਆਂ, ਖੇਤਰੀ ਦਲਾਂ ਦਾ ਨਹੀਂ, ਬਲਕਿ ਸਾਡਾ ਸਭ ਦਾ ਹੈ।ਅਸੀਂ ਹੀ ਕੌਲੀ ਚੱਟ ਹੋ ਗਏ ਹਾਂ।ਖੁਸਾਮਿਦਾਂ ਕਰਨ ਦਾ ਜੀਨ ਸਾਡੇ ਖੂਨ ਅੰਦਰ, ਸਾਡੀ ਸੋਚ ਅੰਦਰ ਹੈ।ਨੇਤਾਵਾਂ ਦੇ ਚਮਚੇ ਬਣ ਉਹਨਾਂ ਦੇ ਅੱਗੇ ਲੇਲੜੀਆਂ ਕੱਢਦੇ ਫਿਰਦੇ ਹਾਂ , ਕਿਉਂ ? ਹਰ ਪਿੰਡ ਵੱਲ ਝਾਤੀ ਮਾਰਿਓ, ਸਰਪੰਚ, ਖੜਪੰਚ, ਮੈਂਬਰ ਯਾਣੀ ਹਰ ਧਿਰ ਦਾ ਆਪ ਹੀ ਮੋਢੀ ਬਣਿਆ ਐਮ ਐਲ ਏ ਦੇ ਪਿੱਛੇ ਪਿੱਛੇ ਫਿਰਦਾ ਹੈ।ਐਮ ਐਲ ਏ, ਐਮ ਪੀ ਜਿੱਥੇ ਹੁਕਮ ਕਰਦਾ ਹੈ , ਦਸ ਵੀ ਵੀਹ ਪਿਆਕੜੂਆਂ ਨੂੰ ਨਾਲ ਲੈ ਨਸੇ ਵੰਡਦੇ ਨਾਲ ਲੈ ਲੈ ਚਲੇ ਜਾਂਦੇ ਹਾਂ, ਕਿਉਂ ?ਸਿਰਫ ਚੌਧਰ ਦੀ ਭੁੱਖ ਲਈ ?ਗਰਾਂਟਾਂ ਦਾ ਪੈਸਾ ਹੜੱਪਣ ਲਈ ? ਆਪਣੇ ਨਿੱਜੀ ਹਿੱਤਾਂ ਦੀ ਪੂਰਤੀ ਲਈ ?ਆਪਣੀ ਧੌਂਸ ਬਣਾਈ ਰੱਖਣ ਲਈ, ਆਪਣੀ ਰੋਅਬ ਆਮ ਲੋਕਾਂ ਤੇ ਬਣਾਈ ਰੱਖਣ ਲਈ ? ਯਾਦ ਰੱਖੋ, ਪਾਲਤੂ ਕੁੱਤੇ ਜਦੋਂ ਵੀ ਹਲਕ ਜਾਂਦੇ ਨੇ ਤਾਂ ਉਹ ਆਪਣਾ ਕੁੱਤਪੁਣਾ ਦਿਖਾ ਹੀ ਜਾਂਦੇ ਨੇ।ਆਪਣਿਆਂ ਨੂੰ ਹੀ ਪਹਿਲਾਂ ਬੁਰਕ ਮਾਰਦੇ ਹਨ।

ਰੁਕ ਜਾਓ ਦੋਸਤੋ, ਕਿਸ ਰਾਹ ਤੇ ਤੁਰ ਪਏ ਹੋਂ ਤੁਸੀਂ ? ਤੁਹਾਨੂੰ ਪਾਰਟੀਆਂ ਦੇ, ਨੇਤਾਵਾਂ ਦੇ ਪਿੱਛਲੱਗ ਬਣਨ ਦੀ ਜਰੂਰਤ ਨਹੀਂ ।ਤੁਸੀਂ ਆਪਣੇ ਕੰਮਾਂ ਵਿੱਚ ,ਰੁਝੇਵਿਆਂ ਵਿੱਚ ਰੁੱਝੇ ਰਹੋ, ਖੁਦ ਆਉਣਗੇ ਤੁਹਾਡੇ ਕੋਲ ਸਰਕਾਰੀ ਖਜਾਨਿਆਂ ਦੇ ਮਾਲਿਕ ਨੇਤਾ।ਤੁਹਾਡੀਆਂ ਮਿੰਨਤਾਂ ਖੁਦ ਕਰਨਗੇ।ਤੁਹਾਡੇ ਕੰਮ ਟੈਲੀਫੋਨ ਦੀ ਇਕ ਰਿੰਗ ਤੇ ਹੋਣਗੇ।ਨਾ ਜਾਵੋ ਪਾਰਟੀਆਂ ਦੇ ਇਕੱਠਾਂ ਵਿੱਚ । ਆਪਣੀ ਸਕਤੀ ਪਹਿਚਾਣੋ। ਤੁਸੀਂ ਸਰਕਾਰੀ ਤੰਤਰ ਦੀ ਲਗਾਮ ਕਾਨੂੰਨੀ ਢੰਗਾਂ ਨਾਲ ਫੜੋ।ਤੁਹਾਡੇ ਮਸਲੇ ਖੁਦ ਹੀ ਹੱਲ ਹੋਣਗੇ।ਆਪਣਿਆਂ ਨੂੰ ਬਰਬਾਦ ਨਾ ਕਰੋ। ਰਾਜਨੀਤਕ ਸਿੱਖਿਆ ਦਾ ਪ੍ਰਸਾਰ ਨਿਰਪੱਖ ਹੋ ਕੇ ਕਰੋ।ਲੋਕ ਹਿੱਤਾ ਲਈ ਸੰਘਰਸ਼ ਕਰਦੇ ਰਹੋ। ਸਰਕਾਰੀ ਅੱਤਿਆਚਾਰ ਅੱਗੇ ਗੋਡੇ ਨਾ ਟੇਕੋ।

ਕਿਸਾਨ ਅੰਦੋਲਨ ਨੇ ਸਰਕਾਰਾਂ ਨੂੰ ਸਵਾਲ ਕਰਨ ਦੀ ਸਕਤੀ ਵਿਖਾ ਕੇ ਜਾਗ੍ਰੀ ਪੈਦਾ ਕੀਤੀ ਹੈ।ਸੱਤਾ ਤੇ ਕਾਬਿਜ ਪਾਰਟੀ ਦੇ ਕਾਰਕੁੰਨਾਂ, ਨੇਤਾਵਾਂ ਤੋਂ ਆਮ ਲੋਕਾਂ ਨੇ ਸਵਾਲ ਪੁੱਛਣ ਦੀ ਹੀਅਯਾ ਕੀਤਾ ਹੈ।ਲੋਕਾਂ ਨੇ ਰਾਜਨੀਤਕ ਦਲਾਂ ਦੇ ਚੌਧਰੀਆਂ ਨੂੰ ਸਵਾਲੀਆ ਨਿਸ਼ਾਨ ਲਾ ਕੇ ਕਟਿਹਰੇ ਵਿੱਚ ਖੜੇ ਕਰ ਲਿਆ ਹੈ।ਹਾਕਿਮਾਂ ਦੇ ਲੱਲ੍ਹਏ-ਭੱਬੂਏ ਹੁਣ ਨਹੀਂ ਚੱਲਦੇ। ਜਵਾਬ ਤਲਬੀ ਹੋਣੀ ਵੀ ਚਾਹੀਂਦੀ ਹੈ। ਇਹ ਲੋਕਤੰਤਰ ਲਈ ਸੁਭ ਸਗਨ ਹੈ।ਲੋਕਤੰਤਰ ਦੀ ਸੁਰੱਖਿਆ ਵੀ ਇਸੇ ਵਿੱਚ ਹੈ।

ਇਹੋ ਸਮਾਂ ਹੈ ਜਰੇ ਲੋਹੇ ਦਾ ਹਥਿਆਰ ਬਣ ਜਾਣ ਦਾ, ਆਪਣੀ ਸਕਤੀ ਨੂੰ ਇਕੱਠਾ ਕਰੋ, ਸਮਝੋ ਤੇ ਟਿਕਾ ਕੇ ਜੋਰ ਦੀ ਸੱਟ ਮਾਰੋ, ਸੁੱਧ ਰਹਿ ਜਾਵੇਗਾ ਤੇ ਬੇ-ਕਾਰ , ਨਿਕੰਮੇ ਕਣ ਝੜ ਜਾਣਗੇ।ਆਪਣੀ ਹੋਂਦ ਨੂੰ ਆਪ ਬਚਾਉਣ ਲਈ ਅੱਗ ਦੀਆਂ ਭੱਠੀਆਂ ਵਿੱਚ ਤਪਣਾ ਹੀ ਪੈਣਾ ਹੈ, ਨਹੀਂ ਤਾਂ ਸਭ ਕੁੱਝ ਖਤਮ ਹੋ ਜਾਣੈ।

ਕਿਸਾਨਾਂ ਮਜਦੂਰਾਂ ਨੂੰ ਆਪਣੀ ਧਰਤੀ ਦੀ ਸੁਰੱਖਿਆ ਲਈ ਰਾਜਨੀਤੀ ਦੇ ਦਾਅ-ਪੇਚਾਂ ਨੂੰ ਗਹਿਰਾਈ ਵਿੱਚ ਘੋਖਣਾ ਪੈਣਾ ਹੈ।ਆਰਥਿਕਤਾ ਦੇ ਬਦਲਦੇ ਸਮੀਕਰਨਾਂ ਤੇ ਆਪਣੀ ਨਜਰ ਰੱਖਦਿਆਂ ਰਾਜਨੀਤੀ ਦੇ ਅਖਾੜੇ ਵਿੱਚ ਆਪਣੇ ਸੰਗਠਨਾਂ ਰਾਹੀਂ ਉਤਰਨਾ ਪੈਣਾ ਹੈ ।ਆਪਣੇ ਹਿੱਤਾਂ ਦੀ ਪੈਰਵੀ ਇਕਜੁੱਟ ਹੋ ਕੇ ਕਰਨ ਲਈ ਆਪਣੇ ਜਾਤੀ ਮੱਤਭੇਦ ਭੁਲਾ ਕੇ ਸੱਤਾ ਵਿਚ ਆਉਣ ਲਈ ਹਰ ਕੋਸਸਿ ਕਰਨੀ ਚਾਹੀਂਦੀ ਹੈ। ਹੁਣ ਰਾਜਨੀਤਿਕ ਪਾਰਟੀਆਂ ਦੇਸ ਸੇਵਾ ਨੂੰ ਸਮੱਰਪਤ ਨਹੀਂ ਰਹੀਆਂ।

ਅਸੀਂ ਪਾਰਟੀਆਂ ਦੁਆਰਾ ਖੜੇ ਕੀਤੇ ਗਏ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਵਿਧਾਨ ਸਭਾਵਾਂ ਤੇ ਪਾਰਲੀਮੈਂਟ ਵਿੱਚ ਆਪਣੇ ਇਲਾਕੇ ਦੀ ਪ੍ਰਤੀਨਿੱਧਤਾ ਲਈ ਭੇਜਦੇ ਹਾਂ ।ਅਫਸੋਸ ਇਹ ਲੋਕ ਜਨਤਾ ਦੇ ਹਿੱਤਾਂ ਲਈ ਕੰਮ ਨਹੀਂ ਕਰਦੇ ਸਗੋਂ ਆਪਣੀ ਪਾਰਟੀ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਲੋਕ ਹੱਕਾਂ ਦਾ ਘਾਣ ਕਰਦੇ ਹਨ।ਰਾਜ ਸੱਤਾ ਦੇ ਵਿੱਚ ਕਿਸ ਤਰ੍ਹਾਂ ਕਾਬਿਜ ਰਹਿਣਾ ਹੈ, ਕਿਸ ਤਰ੍ਹਾਂ ਆਵਾਮ ਨੂੰ ਆਪਣੀ ਪਕੜ ਵਿੱਚ ਰੱਖਣਾ ਹੈ, ਉਸ ਤਰ੍ਹਾਂ ਦੀਆਂ ਨੀਤੀਆਂ ਹੀ ਬਣਾਉਂਦੇ ਤੇ ਜਬਰਦਸਤੀ ਲਾਗੂ ਕਰਦੇ ਹਨ।ਲੋਕਾਂ ਹੱਕਾਂ ਲਈ ਨਹੀਂ ਸਗੋਂ ਸਵੈ ਹਿੱਤਾਂ ਲਈ ਰਸਤੇ ਪੱਧਰ ਕਰਦੇ ਹਨ।ਮਲੰਗ ਬੰਦੇ ਪੁੱਠੇ ਸਿੱਧੇ ਤਰੀਕੇ ਅਪਨਾ ਕੇ, ਲੋਕਾਂ ਦੀਆਂ ਧਾਰਮਿਕ ਤੇ ਜਾਤੀ ਭਾਵਨਾਵਾਂ ਨੂੰ ਉਕਸਾ ਸੱਤਾ ਵਿੱਚ ਆਉਂਦੇ ਹਨ।ਥੋੜੇ ਸਮੇਂ ਵਿਚ ਹੀ ਫੈਕਟਰੀਆਂ, ਕੰਪਨੀਆਂ ਦੇ ਹਿੱਸੇਦਾਰ ਤੇ ਮਾਲਿਕ ਬਣ ਜਾਂਦੇ ਹਨ।ਨਜਾਇਜ ਕਬਜੇ ਕਰ ਕਰ ਜਾਇਦਾਦਾਂ ਦੇ ਮਾਲਿਕ ਬਣ ਬੈਠਦੇ ਹਨ।

ਰਾਜਨੀਤਿਕ ਦਲ, ਪਾਰਟੀਆਂ ਲੋਕਾਂ ਦੀ ਭਲਾਈ ਲਈ ਹੋਂਦ ਵਿੱਚ ਆਉਂਦੀਆਂ ਹਨ, ਪਰ ਇਹ ਆਪਣਾ ਰੂਪ ਇਸ ਤਰ੍ਹਾਂ ਅਖਤਿਆਰ ਕਰ ਗਈਆਂ ਹਨ ਕਿ ਪ੍ਰਸਾਸਨ ਇਹਨਾਂ ਦਾ ਗੁਲਾਮ ਹੋ ਕੇ ਰਹਿ ਗਿਆ ਹੈ।ਸਾਨੂੰ ਲੋਕਤੰਤਰੀ ਸਿਸਟਮ ਨੂੰ ਬਚਾਉਣ ਲਈ ਅਤੇ ਆਪਣੀ ਆਜਾਦੀ ਦੀ ਰਖਵਾਲੀ ਲਈ ਰਾਜਨੀਤਕ ਦਲਾਂ ਤੋਂ ਪਾਸਾ ਵੱਟ ਕਿਸਾਨਾਂ-ਮਜਦੂਰਾਂ ਦੇ ਸੰਗਠਨਾਂ ਨੂੰ ਇਕ ਕਰਕੇ ਗਰੀਬ ਵਰਗ ਦੇ ਪੜੇ ਲਿਖੇ ਬੁੱਧੀਮਾਨ, ਵਿਦਵਾਨ ਉਮੀਦਵਾਰ ਖੜੇ ਕਰਨ ਤੇ ਜਿਤਾਉਣ ਲਈ ਸੰਘਰਸ਼ ਕਰਨਾ ਪਵੇਗਾ।ਲੋਕਤੰਤਰ ਅਤੇ ਸੰਵਿਧਾਨ ਦੀ ਰਾਖੀ ਲਈ ਇਹ ਹੀ ਸਮੇਂ ਦੀ ਮੰਗ ਹੈ। ਧਾਰਮਿਕ ਫਾਸੀਵਾਦ ਨੂੰ ਦਫਨ ਕਰਨ ਦਾ ਸਮਾਂ ਹੈ।ਆਪਣੀ ਧਰਤੀ ਦੇ ਮੂਲ ਸਰੋਤਾਂ ਦੀ ਰੱਖਿਆ ਲਈ ਮਿੱਟੀ ਨਾਲ ਜੁੜੇ ਲੋਕ ਸਾਡੀ ਵਿਧਾਨ ਸਭਾਵਾਂ ਅਤੇ ਸੰਸਦ ਵਿੱਚ ਹੋਣ। ਰਾਜਨੀਤਿਕ ਪਾਰਟੀਆਂ ਅਪਾਹਜ ਹੋ ਚੁੱਕੀਆਂ ਹਨ, ਇਹ ਖੁਦ ਆਪ ਬਿਸਾਖੀਆਂ ਦਾ ਸਹਾਰਾ ਲੈ ਕੇ ਚੱਲ ਰਹੀਆਂ ਹਨ।ਇਹ ਮੁੱਦਿਆਂ ਦੀ ਰਾਜਨੀਤੀ ਨਹੀਂ ਕਰ ਰਹੀਆਂ ਸਗੋਂ ਚਿਹਰਿਆਂ ਦੀ ਰਾਜਨੀਤੀ ਕਰ ਰਹੀਆਂ ਹਨ। ਇਹਨਾਂ ਦੀ ਸੋਚ ਤੇ ਉਦੇਸ ਮਨੁੱਖਤਾ ਲਈ ਘਾਤਿਕ ਹੋ ਚੁੱਕੇ ਹਨ ।ਇਹੋ ਜਿਹੀਆਂ ਪਾਰਟੀਆਂ ਦੇਸ ਅਤੇ ਲੋਕਾਂ ਦੇ ਹਿੱਤਾਂ ਦੀ ਕੀ ਪੈਰਵੀ ਕਰਨਗੀਆਂ।

**ਬਲਜਿੰਦਰ ਸਿੰਘ "ਬਾਲੀ ਰੇਤਗੜ੍ਹ"**

**+91 9465129168**

ਪੁਸਤਕ ਸਮੀਖਿਆ

# ਮਾਨਵੀ ਜੀਵਨ 'ਚ ਨੈਤਿਕ ਮੁੱਲਾਂ ਦੀ ਬਾਤ ਪਾਉਂਦੀ ਪੁਸਤਕ ਨੈਤਿਕਤਾ

ਗੁਰਵੀਰ ਸਿੰਘ ਸਰੌਦ
ਸੰਪਰਕ: 9417971451

ਟਰਾਟਸਕੀ ਲੈਨਿਨ ਦੀ ਸਾਹਿਤ ਬਾਰੇ ਕੀਤੀ ਟਿੱਪਣੀ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਨੂੰ ਅੱਗੋਂ ਤੋਰਦਾ ਹੋਏ, ਸਾਹਿਤ ਸ਼ੀਸ਼ੇ ਵਿੱਚੋਂ ਸਮਾਜਿਕ ਵਿਵਸਥਾ ਦੀ ਸਥਿਤੀ ਨੂੰ ਦੇਖ ਕੇ ਉਸ ਵਿੱਚਲੇ ਚਿੱਬਾਂ ਨੂੰ ਠੀਕ ਕਰਨ ਲਈ ਇੱਕ ਹਥੌੜਾ ਵੀ ਹੈ।

ਬਲਵਿੰਦਰ ਕੌਰ ਚੱਠਾ ਵੱਲੋਂ ਸੰਪਾਦਿਤ ਪੁਸਤਕ ਨੈਤਿਕਤਾ ਕਾਲੇ ਰੰਗ ਦੀ ਕੈਨਵਸ ਉੱਤੇ ਰੰਗੀਲੇ ਫੁੱਲ ਦੀ ਤਰ੍ਹਾਂ ਹੈ।ਜਿਹੜੀ ਪਦਾਰਥਵਾਦੀ ਯੁੱਗ @ਚ ਮਨੁੱਖੀ ਹੋਂਦ ਦੇ ਖਤਰਿਆਂ ਦੀ ਸਥਿਤੀ ਨੂੰ ਸਮਝ ਕੇ, ਉਸ ਖਤਰਿਆਂ ਤੋਂ ਮੁਕਤ ਹੋਣ ਦੇ ਸੰਭਾਵੀਂ ਤੇ ਸੰਭਵ ਯਤਨਾ ਪ੍ਰਤੀ ਸੁਚੇਤ ਕਰਦੀ ਹੈ।ਅੱਜ ਮਨੁੱਖ ਸਿਰਫ਼ ਪਦਾਰਥ ਵਸਤਾਂ ਦੀ ਲਾਲਸਾ ਹਿੱਤ ਨੈਤਿਕ ਕਦਰਾਂ-ਕੀਮਤਾਂ ਤੋਂ ਮੁਨਕਰ ਹੋਇਆ ਜਾਪਦਾ ਹੈ।ਬਲਵਿੰਦਰ ਕੌਰ ਚੱਠਾ ਸਿੱਖਿਆ ਦੇ ਖੇਤਰ ਵਿੱਚ ਬਤੌਰ ਲੈਕਚਰਾਰ ਵਜੋਂ ਕਾਰਜਸ਼ੀਲ ਰਹੇ। ਪੰਜਾਬੀ ਬਿਜ਼ਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਕੇਨੈਡਾ ਦੇ ਵਾਈਸ ਪ੍ਰਧਾਨ ਹਨ , ਜੋ ਓਂਟਾਰੀਓ ਫਰੈਂਡ ਕਲੱਬ ਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਸਹਿਯੋਗ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਹਿੱਤ ਕਰਵਾਏ ਜਾਂਦੇ ਸੈਮੀਨਾਰ, ਵਿਚਾਰ ਗੋਸ਼ਟੀਆਂ, ਦਸ ਵਰਲਡ ਪੰਜਾਬੀ ਕਾਨਫ਼ਰੰਸਾਂ ਦਾ ਹਿੱਸਾ ਹੋਣ ਦੇ ਨਾਲ ਪੰਜਾਬੀ ਸਾਹਿਤ ਬਾਰੇ ਡੂੰਘੀ ਵਿਦਵਤਾ ਰੱਖਦੇ ਹਨ ।

ਇਸ ਪੁਸਤਕ ਵਿੱਚ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਨੈਤਿਕਤਾ ਵਿਸ਼ੇ ਉੱਪਰ ਪ੍ਰਕਾਸ਼ਿਤ ਕੀਤੀਆਂ ਕਿਤਾਬਾਂ ਦੀਆਂ ਰਚਨਾਵਾਂ ਦਾ ਸੰਪਾਦਨ ਕਰਦਿਆਂ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਭਾਗ ਪਹਿਲੇ @ਚ ਨੈਤਿਕਤਾ ਦੀ ਪਰਿਭਾਸ਼ਾ, ਮਹੱਤਵ, ਲੋੜ ਅਤੇ ਸਿਧਾਂਤਕ ਪੱਖਾਂ ਤੋਂ ਜਾਣੂ ਕਰਵਾਉਂਦੇ 29 ਅਧਿਆਇ ਹਨ ਅਤੇ ਦੂਜੇ ਭਾਗ ਵਿੱਚ ਨੈਤਿਕਤਾ ਦੇ ਵਿਸ਼ੇ ਨਾਲ ਸਬੰਧਿਤ 30 ਕਹਾਣੀਆਂ ਨੂੰ ਸੰਪਾਦਿਤ ਕੀਤਾ ਗਿਆ ਹੈ। ਜਿਸ @ਚ ਦੁਨੀਆਂ ਦੇ ਮਹਾਨ ਉਪਦੇਸ਼ਕਾਂ ਵੱਲੋਂ ਜੀਵਨ ਦੇ ਅਨੁਭਵ ਅਤੇ ਸਮਾਜਿਕ ਜੀਵਨ ਦੇ ਹਵਾਲਿਆਂ ਨਾਲ ਨੈਤਿਕ ਕਦਰਾਂ-ਕੀਮਤਾਂ ਦਾ ਜੀਵਨ @ਚ ਮਹੱਤਵ ਤੇ ਸ਼ਖਸ਼ੀਅਤ ਉਸਾਰੀ ਲਈ ਪ੍ਰੇਰਨਾਦਾਇਕ ਵਿਧਾਵਾਂ ਨੂੰ ਕੇਂਦਰਿਤ ਕੀਤਾ ਗਿਆ ਹੈ। ।ਇਸ ਤੋਂ ਇਲਾਵਾ ਜ਼ਿੰਦਗੀ ਜਿਉਣ ਲਈ ਕੁਝ ਹੁਨਰ ਅਤੇ ਅੰਤ ਨੈਤਿਕਤਾ ਬਾਰੇ ਕੁਝ ਸਵਾਲ ਉੱਤਰਾਂ ਸਮੇਤ ਪ੍ਰਕਾਸ਼ਿਤ ਕੀਤੇ ਗਏ ਹਨ।

ਇਸ ਪੁਸਤਕ ਦੀ ਵਿਲੱਖਣਤਾ ਭਾਸ਼ਾ ਤੇ ਸ਼ੈਲੀ ਦਾ ਬਾ-ਕਮਾਲ ਸੁਮੇਲ ਹੈ। ਕਿਉਂਕਿ ਇਹ ਪੁਸਤਕ ਹਰ ਵਰਗ ਦੇ ਪਾਠਕਾਂ ਲਈ ਰੌਚਕਤਾ ਭਰਪੂਰ ਤੇ ਜਗਿਆਸੂਆਂ ਦੀ ਪਰਖ਼ @ਤੇ ਖਰ੍ਹੀ ਉੱਤਰਦੀ ਹੈ। ਜਿਸ ਨੂੰ ਭਾਸ਼ਾ ਪੱਖੋਂ ਹਰ ਪੱਧਰ ਦਾ ਪਾਠਕ ਪੜ੍ਹ ਸਕਦਾ ਹੈ। ਆਮ ਤੌਰ @ਤੇ ਨੈਤਿਕਤਾ ਵਜੋਂ ਧਰਮ ਦੇ ਉਪਦੇਸ਼ਾਂ ਨੂੰ ਹੀ ਪੜ੍ਹਾਇਆ ਜਾਂਦਾ ਰਿਹਾ ਹੈ। ਜੇ ਪਰਿਭਾਸ਼ਿਤ ਰੂਪ ਵਿੱਚ ਨੈਤਿਕਤਾ ਦੀ ਗੱਲ ਕੀਤੀ ਜਾਵੇ ਤਾਂ ÷ਸਵੈ-ਇੱਛਾ ਨਾਲ ਕਿਸੇ ਚੰਗੇਰੇ ਹਿੱਤ ਲਈ ਕੀਤਾ ਗਿਆ ਕਾਰਜ ਹੁੰਦਾ ਹੈ। ਇਹ ਕਾਰਜ ਦੂਸਰੇ ਲਈ ਲਾਹੇਵੰਦ ਤੇ ਕਰਨ ਵਾਲੇ ਲਈ ਨਿਰਸਵਾਰਥ ਹੁੰਦਾ ਹੈ। ਕਿਤਾਬ @ਚ ਆਮ ਬੋਲਚਾਲ ਵਿੱਚ ਵਰਤੋਂ ਹੋਣ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪੁਸਤਕ ਨੂੰ ਪੜ੍ਹਦਿਆਂ ਇਉਂ ਜਾਪਦਾ ਹੈ ਜਿਵੇਂ ਕੋਈ ਵਡੇਰੀ ਉਮਰ ਦਾ ਵਿਅਕਤੀ ਆਪਣੀਆਂ ਗੱਲਾਂ ਤੇ ਜੀਵਨ ਅਨੁਭਵ ਰਾਹੀਂ ਨੈਤਿਕਤਾ ਨੂੰ ਸਿਧਾਂਤਕ ਰੂਪ ਵਿੱਚ ਬਿਆਨ ਕਰਦਾ ਹੋਵੇ। ਪਿਛਲੇ ਦੋ ਵਰ੍ਹਿਆਂ ਤੋਂ ਸੰਬੰਧਿਤ ਪੁਸਤਕ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਅਨੰਦਪੁਰ ਸਾਹਿਬ ਦੇ ਅੰਡਰ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ ਸਿਲੇਬਸ ਵਿੱਚ ਨੈਤਿਕਤਾ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ।

ਨੈਤਿਕਤਾ ਦੀ ਗੱਲ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਕਰਵਾਈ ਵਰਲਡ ਪੰਜਾਬੀ ਕਾਨਫ਼ਰੰਸ 2015 ਵੇਲੇ ਪੰਜਾਬੀਆਂ @ਚ ਖਤਮ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਤੋਂ ਤੁਰਦੀ ਹੈ ਤਾਂ ਸੰਸਥਾ ਵੱਲੋਂ ਇਸ ਵਿਸ਼ੇ @ਤੇ ਚਿੰਤਾ ਜ਼ਾਹਿਰ ਕਰਦਿਆਂ ਨੈਤਿਕਤਾ ਵਿਸ਼ੇ @ਤੇ ਲਗਾਤਾਰ ਕੰਮ ਕਰਦਿਆਂ ਹੁਣ ਤੱਕ ਹਜ਼ਾਰਾਂ ਵਿਦਿਆਰਥੀਆਂ ਦੇ ਪੇਪਰ, ਸੈਮੀਨਾਰ, ਵਿਚਾਰ ਗੋਸ਼ਟੀਆਂ, ਵਰਲਡ ਪੰਜਾਬੀ ਕਾਨਫ਼ਰੰਸ ਅਤੇ ਹਥੇਲੀ ਪੁਸਤਕ ਦੇ ਅੱਠਵੇਂ ਐਡੀਸ਼ਨ ਵਜੋਂ ਹਾਜ਼ਰ ਹੈ।ਇਸ ਸਮੁੱਚੇ ਕਾਰਜ ਦਾ ਸਿਹਰਾ ਚੇਅਰਮੈਨ ਅਜੈਬ ਸਿੰਘ ਚੱਠਾ ਨੂੰ ਜਾਂਦਾ ਹੈ ਜ਼ੋ ਲਗਾਤਾਰ ਨੈਤਿਕਤਾ ਦੇ ਵਿਸ਼ੇ ਨੂੰ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ।ਇਸ ਪੁਸਤਕ ਦੀ ਭੂਮਿਕਾ ਵਿੱਚ ਨੈਤਿਕਤਾ ਦੀ ਮਹੱਤਤਾ ਬਾਰੇ ਲਿਖਦੇ ਹਨ:- ਕਿ ਪੁਰਾਤਨ ਸਮੇਂ @ਚ ਨੈਤਿਕ ਮੁੱਲਾਂ ਬਾਰੇ ਲੋਕ ਆਪਣੇ ਸਾਂਝੀ ਪਰਿਵਾਰਾਂ ਵਿੱਚੋਂ ਸਿਖਲਾਈ ਲੈ ਲੈਂਦੇ ਸਨ। ਦੂਸਰਾ ਅਧਿਆਪਕਾਂ ਕੋਲ ਵੀ ਸਿਲੇਬਸ ਪੜ੍ਹਾਉਣ ਤੋਂ ਬਿਨ੍ਹਾਂ ਸਮਾਂ ਹੁੰਦਾ ਸੀ ਉਹ ਵੀ ਚੰਗੇ ਕੰਮਾਂ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਪ੍ਰੇਰਿਤ ਕਰ ਦਿੰਦੇ ਸਨ ਤੀਸਰਾ ਸਮਾਜ ਦੇ ਬੰਦੇ ਵੀ ਸਹੀ ਕੰਮ ਕਰਨ ਵਾਲੇ ਨੂੰ ਘੂਰ ਕੇ ਸਮਝਾਉਂਦੇ ਰਹਿੰਦੇ ਸਨ ਪਰ ਹੁਣ ਸਾਂਝੇ ਪਰਿਵਾਰ ਖ਼ਤਮ ਹੋ ਚੁੱਕੇ ਹਨ ।ਹੁਣ ਅਧਿਆਪਕਾਂ ਦੇ ਕੋਲ ਨੈਤਿਕ ਸਿੱਖਿਆ ਦੇਣ ਲਈ ਸਮਾਂ ਨਹੀਂ ਹੈ, ਸਿਲੇਬਸ ਵੀ ਜ਼ਿਆਦਾ ਹਨ ।ਜਿਸ ਨੂੰ ਅਧਿਆਪਕ ਬੜੀ ਮੁਸ਼ਕਿਲ ਨਾਲ ਪੂਰਾ ਕਰਦੇ ਹਨ ਹੁਣ ਇਨਸਾਨ ਕਿਸੇ ਦੂਸਰੇ ਦੀ ਜ਼ਿੰਦਗੀ ਵਿੱਚ ਦਾਖ਼ਲ ਨਹੀਂ ਦੇ ਸਕਦਾ ਇਸ ਲਈ ਹੁਣ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਸਮਾਜਿਕ ਪੱਧਰ @ਤੇ ਨੈਤਿਕ ਸਿੱਖਿਆ ਤੋਂ ਜਾਣੂ ਕਰਾਉਣਾ ਲਾਜ਼ਮੀ ਹੈ। ਅਸੀਂ ਬੱਚਿਆਂ ਨੂੰ ਪੈਸੇ ਕਮਾਉਣ ਵਾਲੀਆਂ ਮਸ਼ੀਨਾਂ ਨਹੀਂ ਸਗੋਂ ਵਧੀਆ ਇਨਸਾਨ ਬਣਾਉਣਾ ਹੈ। ਨੈਤਿਕ ਸਿੱਖਿਆ ਤੋਂ ਬਿਨ੍ਹਾਂ ਬਣਿਆ ਅਧਿਆਪਕ, ਡਾਕਟਰ, ਇੰਜੀਨੀਅਰ ਤੇ ਜੱਜ ਆਦਿ ਸਮਾਜ ਦਾ ਨੁਕਸਾਨ ਹੀ ਕਰੇਗਾ।

ਪੁਸਤਕ ਨੈਤਿਕਤਾ ਦੁਨੀਆਂ ਦੀ ਪਹਿਲੀ ਅਜਿਹੀ ਪੁਸਤਕ ਹੈ। ਜਿਸ ਵਿੱਚ ਨਰੋਲ ਰੂਪ ਵਿੱਚ ਨੈਤਿਕਤਾ ਦੀ ਪਰਿਭਾਸ਼ਾ, ਸ਼੍ਰੇਣੀ, ਮਹੱਤਵ ਤੇ ਮਨੁੱਖੀ ਜੀਵਨ ਵਿੱਚ ਨੈਤਿਕਤਾ ਦੀ ਭੂਮਿਕਾ ਦੀ ਗੱਲ ਕੀਤੀ ਗਈ ਹੈ ।ਇਸ ਪੁਸਤਕ ਦਾ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ ਅਨੁਵਾਦ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ ਅਤੇ ਸ਼ਾਹਮੁਖੀ ਤੇ ਫਰੈਂਚ ਭਾਸ਼ਾ ਵਿੱਚ ਅਨੁਵਾਦ ਦਾ ਕਾਰਜ ਵੀ ਬੜੀ ਜਲਦੀ ਹੀ ਪ੍ਰਕਾਸ਼ਿਤ ਹੋਵੇਗਾ ਤਾਂ ਜ਼ੋ ਵਿਸ਼ਵ ਪੱਧਰ @ਤੇ ਹਰ ਮਨੁੱਖ ਨੈਤਿਕਤਾ ਗੁਣਾਂ ਦਾ ਧਾਰਨੀ ਬਣ ਸਕੇ।

ਬਲਵਿੰਦਰ ਕੌਰ ਚੱਠਾ ਦੁਬਾਰਾ ਸੰਪਾਦਿਤ ਪੁਸਤਕ ਸਿਧਾਂਤਕ ਤੌਰ ਤੇ ਲਾਹੇਵੰਦ ਹੋਣ ਤੋਂ ਇਲਾਵਾ ਸਮਾਜਿਕ ਉਦਾਹਰਨਾਂ ਨਾਲ ਲਬਰੇਜ਼ ਮਾਨਵੀ ਜੀਵਨ ਵਿੱਚ ਨੈਤਿਕ ਮੁੱਲਾਂ ਦੀ ਸਥਾਪਤੀ ਲਈ ਕਾਰਗਰ ਸਾਬਿਤ ਹੋਵੇਗੀ।ਸਾਹਿਤ ਜਗਤ ਵਿੱਚ ਸਵਾਗਤ ਤੇ ਸ਼ੁਭਕਾਮਨਾਵਾਂ ....

**ਪੁਸਤਕ ਦਾ ਨਾਂ: ਨੈਤਿਕਤਾ , ਸੰਪਾਦਕ: ਬਲਵਿੰਦਰ ਕੌਰ ਚੱਠਾ, ਮੁੱਲ: 225 ਰੁਪਏ, ਪੰਨੇ: 148, ਪ੍ਰਕਾਸ਼ਕ: ਅਸੀਮ ਪਬਲੀਕੇਸ਼ਨ, ਬਰੈਂਮਪਟਨ ਕੈਨੇਡਾ ।**

# ਤਕਨੀਕੀ ਵਿਕਾਸ ਬਨਾਮ ਆਰਥਿਕ ਪਛੜੇਵਾਂ

ਭਾਰਤ ਇੱਕ ਉੱਭਰ ਰਹੇ ਤੇ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ ।ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਢਾਂਚਾ ਤੇ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾਵਾਂ ਪਿੱਛੋਂ ਇੱਕ । ਅੰਕੜੇ ਦੱਸਦੇ ਹਨ ਕਿ 2020 ਵਿੱਚ 5 ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਈ ਹੈ। 2025 ਤੱਕ ਚੀਨ ਤੇ ਅਮਰੀਕਾ ਤੋਂ ਬਾਅਦ ਤੀਜੀ ਸਭ ਤੋਂ ਵੱਡੀ ਵਿਸ਼ਵ ਅਰਥਵਿਵਸਥਾ ਬਣਨ ਦਾ ਅਨੁਮਾਨ ਹੈ ।2016 ਵਿੱਚ ਭਾਰਤ ਦੀ ਆਬਾਦੀ ਲਗਪਗ 1.3 ਬਿਲੀਅਨ ਸੀ। ਹਾਲ ਹੀ ਵਿੱਚ ਸੰਯੁਕਤ ਰਾਸ਼ਟਰ (ਯੂ.ਐਨ.ਓ ) ਦੀ ਇੱਕ ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ। ਕਿ ਭਾਰਤ 2022 ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਨੂੰ ਪਛਾੜ ਦੇਵੇਗਾ। ਹਾਲਾਂਕਿ ਇਸ ਦੇ ਤੇਜ਼ ਵਾਧੇ ਦੇ ਬਾਵਜੂਦ ਭਾਰਤ ਵਿੱਚ ਗਰੀਬੀ ਵਿਆਪਕ ਹੈ। " ਦੀ ਮਨੁੱਖੀ ਵਿਕਾਸ ਸੂਚਕਾਂਕ" (ਐਚ.ਡੀ.ਆਈ) ਭਾਰਤ ਨੂੰ ਇੱਕ 187 ਦੇਸ਼ਾਂ ਵਿੱਚੋਂ 136 ਵੇਂ ਸਥਾਨ ਤੇ ਰੱਖਿਆ ਗਿਆ ਹੈ।ਦੇਸ਼ ਦੀ 25% ਆਬਾਦੀ ਅਜੇ ਵੀ 1.25 ਅਮਰੀਕੀ ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਤੇ ਗੁਜ਼ਾਰਾ ਕਰਦੀ ਹੈ।

ਇਹ ਠੀਕ ਹੈ ਕਿ ਸਾਡੇ ਦੇਸ਼ ਵਿਚ ਤਕਨੀਕ ਨੇ ਬਹੁਤ ਉੱਨਤੀ ਕੀਤੀ ਹੈ।ਅਸੀਂ ਮੰਗਲ ਗ੍ਰਹਿ ਤਕ ਪੁੱਜ ਗਏ ਹਾਂ, ਅਸਮਾਨ ਵਿੱਚ ਸਾਡੇ ਆਪਣੇ ਉਪਗ੍ਰਹਿ ਉੱਡ ਰਹੇ ਹਨ।ਪਰ ਸਾਡਾ ਧਰਤੀ ਉਪਰਲਾ ਤਕਨੀਕੀ ਵਿਕਾਸ ਤੇ ਉਦਯੋਗ ਲੋਕਾਂ ਦਾ ਜੀਵਨ ਪੱਧਰ ਅਜੇ ਵੀ ਬਹੁਤ ਪਛੜਿਆ ਹੈ। ਸਾਡੇ ਦੇਸ਼ ਵਿਚ ਖਾਦਾਂ,ਸੀਮਿੰਟ, ਲੋਹਾ, ਬਿਜਲੀ ਦਾ ਸਾਮਾਨ, ਸੰਚਾਰ, ਪੈਟਰੋਲੀਅਮ ਵਸਤਾਂ ਤੇ ਕਾਰਾਂ ਮੋਟਰਾਂ ਆਦਿ ਦੇ ਨਿਰਮਾਣ ਵਿੱਚ ਵਾਧਾ ਹੋਇਆ ਹੈ।ਦੇਸ਼ ਦੀਆਂ ਆਯਾਤਾਂ ਤੇ ਮਾਮਲੇ ਵਿੱਚ ਵਿਦੇਸ਼ਾਂ ਉੱਪਰ ਨਿਰਭਰਤਾ ਘਟੀ ਹੈ।ਫਲਸਰੂਪ ਰੁਜਗਾਰ ਦੇ ਮੌਕੇ ਵੀ ਪੈਦਾ ਹੋਏ ਹਨ। ਪ੍ਰੰਤੂ ਸਾਡੇ ਉਤਪਾਦਨਾਂ ਵਿਚ ਗੁਣਵੱਤਾ ਦੀ ਕਮੀ ਹੈ। ਜਿਸ ਕਰਕੇ ਸਾਡਾ ਅੰਤਰਰਾਸਟਰੀ ਮੰਡੀ ਵਿੱਚ ਮੁਕਾਬਲੇ ਪਿੱਛੇ ਰਹਿ ਜਾਂਦਾ ਹੈ, ਨਾਲ ਹੀ ਖੇਤੀ ਖੇਤਰ ਵਿੱਚ ਨਵੀਆਂ ਤਕਨੀਕਾਂ ਤੇ ਉਦਯੋਗੀਕਰਨ ਨੂੰ ਬਹੁਤ ਘੱਟ ਅਪਨਾਇਆ ਜਾ ਸਕਿਆ ਹੈ। ਜਿਸ ਕਰਕੇ ਸਾਡੇ ਦੇਸ਼ ਦੇ ਤਕਨੀਕੀ ਵਿਕਾਸ ਦਾ ਫ਼ਾਇਦਾ ਆਮ ਲੋਕਾਂ ਨੂੰ ਨਹੀਂ ਹੋ ਸਕਿਆ ।

ਗੱਲ ਸੋਚਣ ਵਾਲੀ ਇਹ ਹੈ। ਕਿ ਜੇਕਰ ਸਾਡਾ ਦੇਸ਼ ਅੰਕੜਿਆਂ ਮੁਤਾਬਿਕ ਤੇ ਵਿਕਸਤ ਹੋਣ ਵੱਲ ਵਧ ਰਿਹਾ ਹੈ। ਪਰ ਜ਼ਮੀਨੀ ਪੱਧਰ ਤੇ ਆਮ ਲੋਕਾਂ ਦੇ ਹਾਲਾਤ ਦਿਨ ਬ ਦਿਨ ਬਦਤਰ ਹੋ ਰਹੇ ਹਨ।ਉਨ੍ਹਾਂ ਨੂੰ ਆਪਣਾ ਤੇ ਪਰਿਵਾਰ ਦਾ ਗੁਜਾਰਾ ਕਰਨਾ ਬੜਾ ਮੁਸ਼ਕਲ ਹੋ ਰਿਹਾ ਹੈ। ਕਿਧਰੇ ਦੇਸ਼ ਦਾ ਵਿਕਾਸ ਕੁਝ ਕੁ ਹੱਥਾਂ ਤਕ ਤਾਂ ਹੀ ਸੀਮਤ ਨਹੀਂ ਰਹਿ ਰਿਹਾ ? ਕਿਉਂਕਿ "ਔਕਸਫੋਮ" ਦੀ ਰਿਪੋਰਟ ਮੁਤਾਬਿਕ ਸਾਡੇ ਦੇਸ਼ ਦੇ 1% ਸਰਮਾਏਦਾਰਾਂ ਕੋਲ 70%ਆਬਾਦੀ ਅਰਥਾਤ 95.3 ਕਰੋੜ ਲੋਕਾਂ ਦੀ ਇਕੱਠੀ ਸੰਪਤੀ ਤੋਂ ਚਾਰ ਗੁਣਾ ਵੱਧ ਸੰਪਤੀ ਇਕੱਠੀ ਹੋ ਚੁੱਕੀ ਹੈ। 63 ਸਭ ਤੋਂ ਧਨੀ ਅਰਬਪਤੀਆਂ ਦੇ ਹੱਥਾਂ ਵਿੱਚ ਭਾਰਤ ਦੇ ਇਕ ਸਾਲ ਦਾ ਬਜਟ ਤੋਂ ਵੀ ਵੱਧ ਧਨ ਜਮ੍ਹਾਂ ਹੋ ਚੁੱਕਾ ਹੈ। ਪਿਛਲੇ ਦਹਾਕੇ ਸਾਡੇ ਦੇਸ਼ ਵਿੱਚ ਅਰਬਪਤੀਆਂ ਦੀ ਗਿਣਤੀ ਦੁੱਗਣੀ ਹੋਈ ਹੈ। ਇਨ੍ਹਾਂ ਕੋਲ ਜਿਹੜਾ ਇੰਨਾ ਪੈਸਾ ਇਕੱਠਾ ਹੋਇਆ ਹੈ। ਇਹ ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਨਿਕਲ ਕੇ ਹੀ ਗਿਆ ਹੈ। ਇਸ ਤਰ੍ਹਾਂ ਜੇਕਰ ਇਹ ਅਰਬਪਤੀ ਬਣੇ ਹਨ ਤਾਂ ਆਮ ਲੋਕ ਸਮਾਜਿਕ ਤੇ ਆਰਥਿਕ ਤੌਰ ਤੇ ਕੰਗਾਲ ਹੋਏ ਹਨ। ਇਸ ਪ੍ਰਕਾਰ ਸਾਡੇ ਦੇਸ਼ ਦਾ ਤਕਨੀਕੀ ਤੇ ਉਦਯੋਗ ਵਿਕਾਸ ਕੁਝ ਅਰਬਪਤੀਆਂ ਦੇ ਮੁਨਾਫੇ ਤੇ ਟਿਕਿਆ ਹੋਇਆ ਹੈ । ਸਰਕਾਰ ਅੱਗੋਂ ਰੇਲਾਂ ਹਵਾਈ ਸਫ਼ਰ ,ਪੈਟਰੋਲੀਅਮ , ਸੰਚਾਰ ਸਾਧਨ , ਖੇਤੀਬਾੜੀ ।ਇਨ੍ਹਾਂ ਦੇ ਹੱਥਾਂ ਵਿਚ ਦੇਣ ਲਈ ਤਿਆਰ ਹੈ, ਫਲਸਰੂਪ ਸਾਡੇ ਸਮਾਜ ਵਿੱਚ ਅਮੀਰੀ ਗ਼ਰੀਬੀ ਦਾ ਪਾੜਾ ਘਟਦਾ ਨਹੀਂ ਦਿਸਦਾ।

ਦੇਸ਼ ਦੀ 70% ਆਬਾਦੀ ਅੱਜ ਵੀ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਰੋਜ਼ਮਰ੍ਹਾ ਦੀਆਂ ਲੋੜਾਂ ਦੀ ਪੂਰਤੀ ਮੁਸ਼ਕਿਲ ਨਾਲ ਹੋ ਰਹੀ ਹੈ। ਕਿਸਾਨੀ ਵਰਗ ਦੀ ਗੱਲ ਕਰੀਏ ਤਾਂ ਖੇਤੀ ਕਾਨੂੰਨਾਂ ਖਿ?ਲਾਫ ਚਲਦਿਆਂ ਸ਼ੰਘਰਸ਼ ਨੂੰ ਇਕ ਸਾਲ ਹੋ ਗਿਆ ਹੈ। ਅਜਿਹੇ ਸਮੇਂ ਖੁਦ ਦੇਸ਼ ਦਾ ਢਿੱਡ ਭਰਨ ਵਾਲਾ ਸੜਕਾਂ ਤੇ ਰੁਲ ਰਿਹਾ ਹੈ। ਕਿਉਂਕਿ ਉਸ ਨੂੰ ਆਪਣੀਆਂ ਜਿਨਸਾਂ ਦਾ ਪੂਰਾ ਮੁੱਲ ਨਾ ਮਿਲਣਾ ਅਤੇ ਆਪਣੀ ਹੱਥੋਂ ਖੇਤੀਬਾੜੀ ਖੁੱਸ ਜਾਣ ਦਾ ਡਰ ਸਤਾ ਰਿਹਾ ਹੈ। ਸਰਕਾਰ ਖੇਤੀਬਾੜੀ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰ ਰਹੀ ਹੈ ਤਾਂ ਕਿਸਾਨੀ ਤਾਂ ਪਹਿਲਾਂ ਹੀ ਹਾਸ਼ੀਏ ਤੇ ਪਹੁੰਚ ਚੁੱਕੀ ਹੈ । ਅਜਿਹੇ ਨਾਜ਼ੁਕ ਸਮੇਂ ਤਕਨੀਕੀ ਵਿਕਾਸ ਤਾਂ ਕੀ ਹੋਣਾ ? ਉਨ੍ਹਾਂ ਲਈ ਤਾਂ ਆਪਣਾ ਢਿੱਡ ਭਰਨਾ ਤੇ ਨਿੱਕੇ ਮੋਟੇ ਕਰਜੇ ਤੋਂ ਛੁਟਕਾਰਾ ਪਾਉਣਾ ਵੀ ਮੁਸ਼ਕਿਲ ਹੋ ਚੁੱਕਾ ਹੈ। ਰਸਾਇਣਿਕ ਖਾਦਾਂ ਦਾ ਸਮੇਂ ਸਿਰ ਨਾ ਮਿਲਣਾ ਬਾਅਦ ਵਿੱਚ ਕਾਲ-ਬਾਜ਼ਾਰੀ ਹੋਣਾ, ਸਪਰੇਹਾਂ ਤੇ ਬੀਜਾਂ ਦਾ ਨਕਲੀ ਨਿਕਲਣਾ, ਆਦਿ ਇਹ ਉਹ ਕਾਰਕ ਹਨ । ਜੋ ਖੇਤੀ ਖੇਤਰ ਨੂੰ ਘੁਣ ਵਾਂਗ ਲੱਗ ਚੁੱਕੇ ਹਨ। ਜੋ ਛੋਟੀ ਖੇਤੀ ਨੂੰ ਭਸਮ ਕਰਦੇ ਹੋਏ, ਆਪ ਖ਼ੁਦ ਮਾਲਾਮਾਲ ਹੋ ਰਹੇ ਹਨ। ਰਸਾਇਣਕ ਖਾਦਾਂ ਨੇ ਸਿਰਫ਼ ਕਿਸਾਨ ਹੀ ਨਹੀਂ ਆਰਥਿਕ ਤੌਰ ਤੇ ਕੰਗਾਲ ਕੀਤਾ, ਬਲਕਿ ਪੂਰੇ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਜਿਸ ਕਾਰਨ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਨੇ ਜਨਮ ਲਿਆ ਹੈ । ਹਰੀ ਕ੍ਰਾਂਤੀ ਆਉਣ ਨਾਲ ਭਾਰਤ ਵਿੱਚ ਅਨਾਜ ਦੀ ਕਮੀ ਤਾਂ ਪੂਰੀ ਹੋ ਗਈ। ਪਰ ਉਸ ਦੇ ਬਦਲੇ ਵਿੱਚ ਅਨੇਕਾਂ ਅਲਾਮਤਾਂ ਪੱਕੇ ਤੌਰ ਤੇ ਸਾਡੇ ਵਾਤਾਵਰਨ ਨੇ ਜਜਬ ਕਰ ਲਈਆਂ ।

12 ਅਕਤੂਬਰ 2014 ਨੂੰ ਭਾਰਤ ਦੇ ਪ੍ਰਧਾਨ ਮੰਤਰੀ ਵੱਲੋਂ "ਸਵੱਛ ਭਾਰਤ" ਮਿਸ਼ਨ ਦਾ ਨਾਅਰਾ ਲਗਾਇਆ ਗਿਆ । ਸਫਾਈ ਲਈ ਲੋਕ ਲਹਿਰ ਦੀ ਅਗਵਾਈ ਕਰਦਿਆਂ, ਉਨ੍ਹਾਂ ਮਹਾਤਮਾ ਗਾਂਧੀ ਦਾ ਇੱਕ ਸਾਫ਼ ਤੇ ਅਰੋਗ ਭਾਰਤ ਦਾ ਸੁਪਨਾ ਸਾਕਾਰ ਕਰਨ ਲਈ ਆਮ ਜਨਤਾ ਨੂੰ ਪ੍ਰੇਰਿਆ, ਅਤੇ "ਨਾ ਗੰਦਗੀ ਕਰਾਂਗੇ ਨਾ, ਨਾ ਕਰਨੇ ਦੇਂਗੇ" ਦਾ ਮੰਤਰ ਦਿੱਤਾ ਸ਼ੁਰੂਆਤੀ ਦੌਰ ਵਿੱਚ ਤਾਂ ਸਵੱਛਤਾ ਅਭਿਆਨ ਅਭਿਆਨ ਰਾਸ਼ਟਰੀ ਲਹਿਰ ਤਹਿਤ ਸਰਕਾਰੀ, ਗੈਰ ਸਰਕਾਰੀ ਕਰਮਚਾਰੀਆਂ ਤੇ ਆਮ ਲੋਕਾਂ ਨੇ ਆਪਣੇ ਆਲੇ ਦੁਆਲੇ ਨੂੰ ਸਾਫ ਸੁਥਰਾ ਰੱਖਣਾ ਸ਼ੁਰੂ ਕੀਤਾ ਪਰ ਇੱਕ ਸਮਾਂ ਸਥਾਈ ਨਾ ਰਿਹਾ। ਅਫਸੋਸ ! ਅਸੀਂ ਭਾਰਤੀ ਜਲਦੀ ਭੁੱਲ ਜਾਂਦੇ ਹਾਂ। ਹੁਣ ਗੰਦਗੀ ਦਾ ਉਹੀ ਹਾਲ ਹੈ। ਵੈਸੇ ਵੀ ਇਹ ਸਿੱਕੇ ਦਾ ਇੱਕ ਪਹਿਲੂ ਹੈ, ਦੂਜਾ ਪਹਿਲੂ ਉਹ ਝੁੱਗੀਆਂ ਝੌਂਪੜੀਆਂ ਵਿੱਚ ਰਹਿਣ ਵਾਲੇ ਲੋਕਾਂ ਦਾ ਜੋ ਆਪਣੀ ਜ਼ਿੰਦਗੀ ਬੜੀ ਗੰਦਗੀ ਵਿੱਚ ਬਸਰ ਕਰ ਰਹੇ ਹਨ । ਉਨ੍ਹਾਂ ਨੂੰ ਅਨੇਕਾਂ ਹੀ ਬਿਮਾਰੀਆਂ ਇਨ੍ਹਾਂ ਗੰਦਗੀ ਦੀ ਵਜ੍ਹਾ ਕਰਕੇ ਹੀ ਲੱਗ ਰਹੀਆਂ ਹਨ। ਅਫਸੋਸ ! ਸਾਡੇ ਦੇਸ਼ ਵਿੱਚ ਸਰਕਾਰੀ ਸਹੂਲਤਾਂ ਨੂੰ ਆਮ ਲੋਕਾਂ ਤੱਕ ਪਹੁੰਚਾਉਣਾ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਹੈ । ਇਨ੍ਹਾਂ ਰੁਕਾਵਟਾਂ ਕਰਕੇ ਹੀ ਨੀਵੀਂ ਪੱਧਰ ਦੇ ਲੋਕ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ।

"ਸਿਹਤ ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ" ਖੋਜੀ ਗਰੁੱਪ ਮੁਤਾਬਿਕ ਕੋਰੋਨਾ ਕਾਲ ਦੌਰਾਨ 1 ਕਰੋੜ 89 ਲੱਖ ਤਨਖ਼ਾਹਦਾਰ ਲੋਕ ਬੇਰੁਜਗਾਰ ਹੋਏ ਸਨ। ਅਜਿਹੇ ਸਮੇਂ ਕਿੰਨੇ ਹੀ ਲੋਕਾਂ ਦਾ ਚੁੱਲ੍ਹਾ ਗੁੱਲ ਹੋਇਆ ਹੋਵੇਗਾ। ਰੁਜਗਾਰ ਦੇ ਵਸੀਲੇ ਤਾਂ ਪਹਿਲਾਂ ਹੀ ਅਸੀਂ ਪੈਦਾ ਕਰਨ ਵਿੱਚ ਜੱਦੋ ਜਹਿਦ ਹਾਂ।ਇਸ ਕਸ਼ਮ-ਕਸ਼ ਦੇ ਚਲਦਿਆਂ ਭਾਰਤੀ ਨੌਜਵਾਨ ਵਰਗ ਲਈ ਸਭ ਤੋਂ ਵੱਡੀ ਚੁਣੌਤੀ ਉਨ੍ਹਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜਗਾਰ ਦਾ ਨਾ ਮਿਲਣਾ ਹੈ। ਸ਼ਾਇਦ ਅੱਜ ਪਰਵਾਸ ਸ਼ਬਦ ਦਾ ਜਨਮ ਵੀ ਇਸੇ ਕਮਜੋਰੀ ਕਾਰਨ ਪ੍ਰਫੁੱਲਤ ਹੋਇਆ ਜਾਪਦਾ ਹੈ।

ਭੁੱਖਮਰੀ ਦੀ ਸਥਿਤੀ ਤਾਂ "ਗਲੋਬਲ ਭੁੱਖਮਰੀ" ਅੰਕੜਿਆਂ ਨੇ ਜੱਗ ਜਾਹਰ ਕਰ ਦਿੱਤੀ ਹੈ ।ਕਿਉਂਕਿ ਅੰਕੜਿਆਂ ਮੁਤਾਬਿਕ ਭਾਰਤ ਇਸ ਸਮੇਂ ਦੁਨੀਆਂ ਦੇ 116 ਦੇਸ਼ਾਂ ਵਿਚੋਂ ਭੁੱਖਮਰੀ ਵਿਚੋਂ 101ਵੇਂ ਸਥਾਨ ਤੇ ਹੈ। ਕੋਰੋਨਾ ਕਾਲ ਦੌਰਾਨ ਤਾਂ ਵਿਕਸਤ ਦੇਸ਼ ਵੀ ਸਿਹਤ ਸਹੂਲਤਾਂ ਦੇਣ ਵਿੱਚ ਅਸਮਰੱਥ ਹੋ ਚੁੱਕੇ ਸਨ। ਪਰ ਸਾਡਾ ਮੁਲਕ ਵਿੱਚ ਤਾਂ ਰੋਜ਼ਾਨਾ ਹੀ ਸਿਹਤ ਸਹੂਲਤਾਂ ਦੀ ਕਮੀ ਪੱਖੋਂ ਸੈਂਕੜੇ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਸਰਕਾਰੀ ਹਸਪਤਾਲਾਂ ਦੀ ਹਾਲਤ ਵਧੀਆ ਨਾ ਹੋਣ ਕਾਰਨ ਨਿੱਜੀ ਹਸਪਤਾਲਾਂ ਵਿੱਚ ਇਲਾਜ ਹਰੇਕ ਵਿਅਕਤੀ ਦੇ ਵੱਸ ਦੀ ਗੱਲ ਨਹੀਂ ਰਿਹਾ। ਇਸ ਸਭ ਦੇ ਚਲਦਿਆਂ ਅਮੀਰੀ ਗ਼ਰੀਬੀ ਦਾ ਪਾੜਾ ਦਿਨ ਬ ਦਿਨ ਵਧਦਾ ਜਾ ਰਿਹਾ ਹੈ। ਗ਼ਰੀਬ ਦਿਨੋਂ ਦਿਨ ਗ਼ਰੀਬ ਹੁੰਦਾ ਜਾ ਰਿਹਾ ਹੈ, ਅਮੀਰ ਦਿਨੋਂ ਦਿਨ ਅਮੀਰ । ਇਸ ਤੋਂ ਇਲਾਵਾ ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਮਿਲਾਵਟਖੋਰੀ, ਕਾਲ ਬਾਜ਼ਾਰੀ, ਦਿਨ ਦਿਹਾੜੇ ਹੁੰਦੇ ਕਤਲੋਗਰਾਤ ਆਦਿ ਵਿਕਾਸਸ਼ੀਲ ਦੇਸ਼ ਲਈ ਬਹੁਤ ਵੱਡੀਆਂ ਚੁਣੌਤੀਆਂ ਹਨ। ਜੋ ਭਵਿੱਖ ਵੱਲ ਵੇਖਦਿਆਂ ਦਿਨ ਬ ਦਿਨ ਵਧਦੀਆਂ ਨਜਰ ਆ ਰਹੀਆਂ ਹਨ। ਸੋ ਅਜਿਹੇ ਸਮੇਂ ਆਮ ਵਰਗ ਦੇ ਅੱਛੇ ਦਿਨ ਇੱਕ ਕਲਪਨਾ ਹੀ ਹੋ ਸਕਦੇ ਹਨ।

**ਲੇਖਕ: ਪ੍ਰੋ. ਗੁਰਵੀਰ ਸਿੰਘ ਸਰੌਦ**
**ਮਾਲੇਰਕੋਟਲਾ। ਸੰਪਰਕ: 9417971451**

# ਸੀਸ ਦੀਆ ਪਰ ਸਿਰਰੁ ਨਾ ਦੀਆ

ਲਾਭ ਸਿੰਘ ਸ਼ੇਰਗਿੱਲ (ਸੰਗਰੂਰ)
86995 35708

ਸਿੱਖ ਧਰਮ ਦੁਨੀਆਂ ਦਾ ਇੱਕੋ ਇੱਕ ਅਜਿਹਾ ਧਰਮ ਹੈ ਜੋ ਅਜਿਹੀਆਂ ਅਦੁੱਤੀ ਸ਼ਹਾਦਤਾਂ ਦਾ ਖਜ਼ਾਨਾ ਹੈ ਜਿਸ ਨੂੰ ਪੜ੍ਹ-ਸੁਣ ਕੇ ਮਨੁੱਖ ਦੇ ਲੂ ਕੰਢੇ ਖੜ੍ਹੇ ਹੋ ਜਾਂਦੇ ਹਨ, ਸਿਜਦੇ @ਚ ਸੀਸ ਆਪ ਮੁਹਾਰੇ ਝੁਕ ਜਾਂਦਾ ਹੈ। ਜੇ ਅਸੀਂ ਪਿੱਛੇ ਇਤਿਹਾਸ @ਤੇ ਨਜ਼ਰ ਮਾਰਦੇ ਹਾਂ ਤਾਂ ਆਪਣੇ ਧਰਮ ਲਈ ਕੁਰਬਾਨ ਹੋਣ ਵਾਲ਼ੇ ਧਰਮੀਆਂ ਦੀਆਂ ਉਦਾਹਰਣਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ ਪਰ ਵਿਸ਼ਵ ਵਿੱਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਕੋਈ ਰਹਿਬਰ ਆਪਣੇ ਧਰਮ ਦੀ ਬਜਾਇ ਦੂਸਰੇ ਧਰਮ ਲਈ ਕੁਰਬਾਨ ਹੋਇਆ ਹੋਵੇ। ਇਹ ਸਿੱਖ ਇਤਿਹਾਸ ਜੋ ਸਿਰਫ਼ ਕੁੱਝ-ਕੁ ਸੌ ਸਾਲ ਪੁਰਾਣਾ ਹੈ, ਦੇ ਨੌਵੇਂ ਜਾਮੇ ਵਿੱਚ ਆਏ ਸ਼੍ਰੀ ਗੁਰੂ ਤੇਗ ਬਹਾਦਰ ਜੀ ਵਰਗੇ ਰੱਬੀ ਨੂਰ ਮਹਾਂਪੁਰਸ਼ ਨੇ ਕਰ ਵਿਖਾਇਆ। ਉਹ ਧਰਮਾਂ ਦੀ ਵੰਡ ਤੋਂ ਪਰ੍ਹੇ ਸਨ। ਉਹ ਮਨੁੱਖਤਾ ਨੂੰ ਹੀ ਸਭ ਤੋਂ ਵੱਡਾ ਧਰਮ ਮੰਨਦੇ ਸਨ ਉਨ੍ਹਾਂ ਨੇ ਕੁਰਬਾਨੀ ਦੇ ਕੇ ਪੂਰੇ ਹਿੰਦ ਦੀ ਰੱਖਿਆ ਕੀਤੀ ਤਾਂ ਹੀ ਤਾਂ ਉਨ੍ਹਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਅਸਲ ਵਿੱਚ ਉਨ੍ਹਾਂ ਦੀ ਚਾਦਰ ਦੇ ਘੇਰੇ ਨੇ ਸਿਰਫ਼ ਹਿੰਦ ਦੀ ਹੀ ਨਹੀਂ ਪੂਰੀ ਮਨੁੱਖਤਾ ਦੀ ਪੱਤ ਰੱਖੀ ਸੀ। ਉਨ੍ਹਾਂ ਨੇ ਜ਼ਾਲਮ ਦੇ ਜ਼ੁਲਮ ਦੀ ਪ੍ਰਵਾਹ ਨਾ ਕਰਦੇ ਹੋਏ ਆਪਣਾ ਸੀਸ ਕਟਵਾ ਦਿੱਤਾ ਪਰ ਧਰਮ ਨਹੀਂ ਛੱਡਿਆ:-

**ਸੀਸ ਦੀਆ ਪਰ ਸਿਰਰੁ ਨਾ ਦੀਆ** ਉਨ੍ਹਾਂ ਸਾਨੂੰ ਇਸ ਅਦੁੱਤੀ ਸ਼ਹਾਦਤ ਰਾਹੀਂ ਇਹ ਸੰਦੇਸ਼ ਦਿੱਤਾ ਕਿ ਜ਼ੁਲਮ ਦਾ ਸੱਚ ਦੀ ਤਾਕਤ ਨਾਲ਼ ਸਾਹਮਣਾ ਕਰਦੇ ਹੋਏ ਜ਼ਾਲਮ ਦੇ ਇਰਾਦਿਆਂ ਨੂੰ ਕਿਵੇਂ ਖ਼ਤਮ ਕਰਨਾ ਹੈ। ਉਨ੍ਹਾਂ ਦੀ ਸ਼ਹਾਦਤ ਨੇ ਉਸ ਸਮੇਂ ਅੱਗੇ ਅਜਿਹੇ ਬਹਾਦਰ ਯੋਧਿਆਂ ਨੂੰ ਜਨਮ ਦਿੱਤਾ ਜੋ ਜ਼ੁਲਮ ਦਾ ਮੂੰਹ ਤੋੜ ਜਵਾਬ ਦਿੰਦੇ ਹੋਏ ਸ਼ਹਾਦਤਾਂ ਦੇ ਗਏ। ਗੁਰੂ ਤੇਗ ਬਹਾਦਰ ਜੀ ਜਿੱਥੇ ਸ਼ਹਾਦਤ ਦੇ ਪੁੰਜ ਸਨ ਉੱਥੇ ਲੋਕਾਈ ਨੂੰ ਸਿੱਧੇ ਰਸਤੇ ਤੋਰਨ ਵਾਲ਼ੇ ਤੇ ਉਸ ਪਰਮ ਸ਼ਕਤੀ ਨਾਲ਼ ਇੱਕਮਿਕ ਹੋਣ ਅਤੇ ਇਸ ਨਾਸ਼ਵਾਨ,ਪਦਾਰਥਵਾਦੀ ਦੁਨੀਆਂ ਤੋਂ ਜਿਉਂਦੇ ਜੀਅ ਨਿਰਲੇਪ ਹੋਣ ਦਾ ਉਪਦੇਸ਼ ਦੇਣ ਵਾਲ਼ੇ ਮਹਾਨ ਗੁਰੂ ਵੀ ਸਨ। ਜਿਨ੍ਹਾਂ ਨੇ ਰਚੀ ਆਪਣੀ ਬਾਣੀ ਰਾਹੀਂ ਪੂਰੀ ਸਚਾਈ ਸਪਸ਼ਟ ਰੂਪ ਵਿੱਚ ਇਸ ਨਾਸ਼ਵਾਨ ਪ੍ਰਾਣੀ ਨੂੰ ਸਮਝਾਉਂਦੇ ਹੋਏ ਉਸ ਨੂੰ ਵਾਸ਼ਨਾਵਾਂ ਦਾ ਤਿਆਗ ਕਰਨ,ਸੰਸਾਰਕ ਪ੍ਰਪੰਚ ਪ੍ਰਤੀ ਵੈਰਾਗ ਦੀ ਭਾਵਨਾ ਨੂੰ ਆਪਣੇ ਅੰਦਰ ਪੈਦਾ ਕਰਨ, ਲੋਭ ਨੂੰ ਤਿਆਗਣ, ਪਦਾਰਥਾਂ ਦੇ ਮੋਹ ਤੋਂ ਨਿਰਲੇਪ ਹੋਣ,ਮੌਤ ਨੂੰ ਹਮੇਸ਼ਾ ਯਾਦ ਰੱਖਣ ਤੇ ਇਕਾਗਰ ਚਿੱਤ ਹੋ ਕੇ ਨਾਮ-ਸਿਮਰਨ ਕਰਦੇ ਹੋਏ ਉਸ ਪਰਮ ਸ਼ਕਤੀ ਦੀ ਛੋਹ ਦੇ ਅਹਿਸਾਸ ਨੂੰ ਆਪਣੇ ਅੰਦਰ ਮਹਿਸੂਸ ਕਰਨ ਤੇ ਹੋਰ ਅਨੇਕਾਂ ਦ੍ਰਿਸਟਾਂਤਾਂ ਦੁਆਰਾ ਉਪਦੇਸ਼ ਦਿੱਤਾ ਜਿਨ੍ਹਾਂ ਨੂੰ ਮੰਨਣ ਵਿੱਚ ਹੀ ਜੀਵ ਦਾ ਭਲਾ ਹੈ।

# ਭਾਈ ਵੀਰ ਸਿੰਘ : ਸ਼ਖ਼ਸੀਅਤ ਅਤੇ ਕਾਵਿ-ਰਚਨਾ

ਪ੍ਰੋ. ਨਵ ਸੰਗੀਤ ਸਿੰਘ
9417692015

ਡਾ. ਭਾਈ ਵੀਰ ਸਿੰਘ ਆਧੁਨਿਕ ਕਾਲ ਦੇ ਵਿਖਿਆਤ ਪੰਜਾਬੀ ਕਵੀ ਅਤੇ ਯੁਗ-ਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾਕ੍ਰਿਸ਼ਨਨ ਨੇ ਭਾਰਤ ਦੀ ਸਨਾਤਨੀ ਵਿਦਵਤਾ ਦੇ ਪ੍ਰਤੀਨਿਧ ਕਿਹਾ ਹੈ। ਡਾ. ਮੁਲਕ ਰਾਜ ਆਨੰਦ ਨੇ ਭਾਈ ਸਾਹਿਬ ਲਈ ਸਿਰਜਣਾਤਮਕ ਵੇਗ ਨੂੰ ਜੀਵਨ ਅਤੇ ਵਿਸ਼ਵ ਦੇ ਸੰਤੁਲਨ ਦਾ ਆਧਾਰ ਮੰਨਣ ਵਾਲੇ ਵਿਅਕਤੀ ਦੀ ਸੰਗਿਆ ਦੀ ਵਰਤੋਂ ਕੀਤੀ ਹੈ। ਹਰਿੰਦਰ ਨਾਥ ਚਟੋਪਾਧਿਆਇ ਨੇ ਭਾਈ ਸਾਹਿਬ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ ਦੀ ਉਪਾਧੀ ਦਿੱਤੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਦੇ ਸੰਦਰਭ ਵਿਚ ਨਿਭਾਈ ਗਈ ਆਪ ਦੀ ਭੂਮਿਕਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਆਪ ਸਿੱਖ ਨਵ-ਚੇਤਨਤਾ ਦੇ ਅਜਿਹੇ ਸਤੰਭ ਸਨ, ਜਿਨ੍ਹਾਂ ਨੇ ਆਪਣੇ ਜੀਵਨ, ਕਵਿਤਾ, ਗਲਪ ਅਤੇ ਗੱਦ ਰਾਹੀਂ ਅਨੇਕਾਂ ਜਿੰਦੜੀਆਂ ਨੂੰ ਜੀਵਨ-ਛੁਹ ਲਾ ਕੇ ਉਤਸ਼ਾਹਿਤ ਕੀਤਾ ਅਤੇ ਪੰਜਾਬੀ ਸਾਹਿਤ ਵਿਚ ਅਭਿਵਿਅਕਤੀ ਦੇ ਨਵੀਨ ਧਰਾਤਲ ਸਿਰਜੇ। ਭਾਈ ਵੀਰ ਸਿੰਘ-ਕਾਵਿ ਦੇ ਵਿਵੇਚਨ-ਵਿਸ਼ਲੇਸ਼ਣ ਤੋਂ ਪਹਿਲਾਂ ਆਪ ਦੇ ਵਿਅਕਤਿਤਵ ਦੀ ਸੰਖਿਪਤ ਰੂਪ-ਰੇਖਾ ਬਾਰੇ ਜਾਣ ਲੈਣਾ ਪਰਮ-ਆਵੱਸ਼ਕ ਹੈ ਕਿਉਂਕਿ ਕਾਵਿ ਵਿਚ ਕਿਸੇ ਕਵੀ ਦਾ ਸੰਪੂਰਣ ਵਿਅਕਤਿਤਵ ਅਭਿਵਿਅਕਤ ਹੁੰਦਾ ਹੈ। ਕਿਸੇ ਕਵੀ ਦੀ ਆਲੋਚਨਾ ਕਰਨ ਵਿਚ ਉਸ ਦੀ ਰਚਨਾ ਦੀ ਆਲੋਚਨਾ ਤਾਂ ਮਹੱਤਵਪੂਰਨ ਹੈ ਹੀ, ਉਸ ਦੀ ਬੁੱਧੀ-ਪ੍ਰਕ੍ਰਿਆ, ਉਸ ਦੇ ਉਪਕਰਣ ਅਤੇ ਉਸ ਦੇ ਪੂਰੇ ਵਿਅਕਤਿਤਵ ਉਤੇ ਪ੍ਰਕਾਸ਼ ਪਾਉਣਾ ਵੀ ਜ਼ਰੂਰੀ ਹੈ। ਭਾਈ ਸਾਹਿਬ ਦੇ ਜੀਵਨ ਅਤੇ ਵਿਅਕਤਿਤਵ ਬਾਰੇ ਬਹੁਤ ਸਾਰੀਆਂ ਪੁਸਤਕਾਂ ਮਿਲਦੀਆਂ ਹਨ ਪਰ ਲੇਖਕ ਨੇ ਡਾ. ਬਲਬੀਰ ਸਿੰਘ ਰਚਿਤ 'ਸ੍ਰੀ ਚਰਣ ਹਰਿ ਵਿਸਥਾਰ@, @ਭਾਈ ਵੀਰ ਸਿੰਘ ਅਭਿਨੰਦਨ ਗ੍ਰੰਥ@ (ਅਭਿਨੰਦਨ ਗ੍ਰੰਥ ਕਮੇਟੀ, ਨਵੀਂ ਦਿੱਲੀ), 'ਭਾਈ ਵੀਰ ਸਿੰਘ ਸਿਮ੍ਰਿਤੀ ਗ੍ਰੰਥ' (ਪੰਜਾਬੀ ਸਾਹਿਤ ਸਮੀਖਿਆ ਬੋਰਡ, ਜਲੰਧਰ) ਅਤੇ 'ਭਾਈ ਵੀਰ ਸਿੰਘ : ਜੀਵਨ, ਸਮਾਂ ਤੇ ਰਚਨਾ@ (ਸੰਪਾ. ਡਾ. ਸੁਰਿੰਦਰ ਸਿੰਘ ਕੋਹਲੀ ਅਤੇ ਡਾ. ਹਰਨਾਮ ਸਿੰਘ ਸ਼ਾਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਨੂੰ ਆਧਾਰ-ਪੁਸਤਕਾਂ ਦੇ ਤੌਰ ਤੇ ਵਰਤਿਆ ਹੈ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਦਿਨ ਵੀਰਵਾਰ ਨੂੰ ਅੰਮ੍ਰਿਤਸਰ ਸ਼ਹਿਰ ਦੇ ਕਟੜਾ ਗਰਬਾ ਸਿੰਘ ਵਿਚ ਡਾ. ਚਰਨ ਸਿੰਘ ਦੇ ਘਰ ਹੋਇਆ। ਆਪਣੇ ਜਨਮ ਕਰਕੇ ਹੀ ਭਾਈ ਸਾਹਿਬ ਨੂੰ ਪੰਜਾਬ ਦੇ ਪੂਰਵ-ਅੰਗ੍ਰੇਜ਼ੀ ਕਾਲ ਅਤੇ ਅੰਗ੍ਰੇਜ਼ੀ ਆਧੁਨਿਕ ਕਾਲ ਵਿਚ ਇਕ ਸੰਧੀਕਾਰੀ ਕੜੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਭਾਈ ਸਾਹਿਬ ਨੂੰ ਆਪਣੇ ਪਰਿਵਾਰ ਦੀ ਇਤਿਹਾਸਕ ਅਤੇ ਗੌਰਵਮਈ ਪਰੰਪਰਾ ਦਾ ਅਨੁਭਵ ਮੁੱਢ ਤੋਂ ਹੀ ਸੀ। ਅਜਬ ਨਹੀਂ ਕਿ ਇਸ ਅਨੁਭਵ ਨੇ ਹੀ ਉਨ੍ਹਾਂ ਨੂੰ ਪੰਜਾਬੀ ਦਾ ਆਧੁਨਿਕ ਜਾਗ੍ਰਿਤੀ ਦਾ ਨੇਤਾ ਬਣਾਇਆ ਹੋਵੇ। ਆਪ ਦੀ ਵੰਸ਼ ਪਰੰਪਰਾ ਦਾ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਮਿਲਦਾ ਹੈ, ਜੋ ਅਠਾਰ੍ਹਵੀਂ ਸ਼ਤਾਬਦੀ ਦੇ ਪਹਿਲੇ ਅੱਧ ਵਿਚ ਇਕ ਸਿਪਾਹੀ ਦੀ ਹੈਸੀਅਤ ਤੋਂ ਉਨਤੀ ਕਰਕੇ 1747 ਈ. ਵਿਚ ਲਾਹੌਰ ਦੇ ਦੀਵਾਨ ਅਤੇ 1750 ਈ. ਵਿਚ ਮੁਲਤਾਨ ਦੇ ਹਾਕਮ ਬਣੇ ਸਨ। ਦੀਵਾਨ ਸਾਹਿਬ ਨੇ ਸਿੱਖਾਂ ਤੇ ਹੋਰ ਰਹੇ ਮੁਗ਼ਲਾਂ ਵੱਲੋਂ ਜ਼ਬਰ ਨੂੰ ਘਟਾਉਣ ਵਿਚ ਬੜਾ ਹਿੱਸਾ ਪਾਇਆ ਸੀ ਅਤੇ ਇਸ ਹਾਰਦਿਕ ਹਮਦਰਦੀ ਕਾਰਨ ਸਿੰਘਾਂ ਨੇ ਉਨ੍ਹਾਂ ਦਾ ਨਾਮ ਕੌੜਾ ਮੱਲ ਦੀ ਥਾਂ @ਮਿੱਠਾ ਮੱਲ@ ਧਰਿਆ ਹੋਇਆ ਸੀ। ਦੀਵਾਨ ਕੌੜਾ ਮੱਲ ਦੇ ਸਪੁੱਤਰ ਦੀਵਾਨ ਹਰੀ ਸਿੰਘ, ਦੀਵਾਨ ਤੋਖਾ ਰਾਮ ਅਤੇ ਪੋਤਰਾ ਦੀਵਾਨ ਸਾਵਣ ਮੱਲ ਵੀ ਸਤਿਕਾਰਯੋਗ ਹਸਤੀਆਂ ਸਨ। ਦੀਵਾਨ ਸਾਵਣ ਮੱਲ ਦੇ ਸਪੁੱਤਰ ਹੀਰਾ ਚੰਦ, ਫਤਹਿ ਚੰਦ, ਬਾਰਿਆ ਮੱਲ ਅਤੇ ਪੋਤਰਾ ਰਾਮ ਚੰਦ @ਚੌਧਰੀ@ ਦੇ ਲਕਬ ਨਾਲ ਪ੍ਰਸਿੱਧ ਹੋਏ। ਚੌਧਰੀ ਰਾਮ ਚੰਦ ਦੇ ਸਪੁੱਤਰ ਬਾਬਾ ਕਾਹਨ ਸਿੰਘ ਜੀ ਸਨ, ਜੋ ਇਕ ਤਪੱਸਵੀ, ਵਿਰਕਤ ਅਤੇ ਪ੍ਰਵੀਣ ਬੁੱਧੀਮਾਨ ਵਿਅਕਤੀ ਸਨ। ਆਪ ਭਾਈ ਵੀਰ ਸਿੰਘ ਦੇ ਦਾਦਾ ਅਤੇ ਡਾ. ਚਰਨ ਸਿੰਘ ਦੇ ਪਿਤਾ ਸਨ।

ਬਾਬਾ ਕਾਹਨ ਸਿੰਘ (1788-1878) ਸੰਸਕ੍ਰਿਤ ਦੇ ਵਿਦਵਾਨ ਸਨ ਅਤੇ ਬ੍ਰਜ ਭਾਸ਼ਾ ਵਿਚ ਕਾਵਿ-ਰਚਨਾ ਕਰਦੇ ਸਨ। ਆਪ ਦੀ ਤਬੀਅਤ ਸ਼ੁਰੂ ਤੋਂ ਹੀ ਉਦਾਸੀ ਵਾਲੀ ਸੀ। ਉਹ 13 ਸਾਲ ਦੀ ਉਮਰ ਵਿਚ ਘਰੋਂ ਨਿਕਲ ਆਏ ਅਤੇ ਅੰਮ੍ਰਿਤਸਰ ਤੇ ਹਰਿਦੁਆਰ ਦੇ ਕਈ ਡੇਰਿਆਂ ਵਿਚ ਰਹਿ ਕੇ ਅਧਿਐਨ ਤੇ ਅਭਿਆਸ-ਕਰਮ ਰਾਹੀਂ ਆਤਮਿਕ ਗਿਆਨ ਨੂੰ ਸਮਝਣ ਵਿਚ ਮਗਨ ਰਹੇ। 1830 ਈ. ਵਿਚ ਉਨ੍ਹਾਂ ਦੀ ਮਾਤਾ ਨੇ ਜ਼ੋਰ ਦੇ ਕੇ ਆਪ ਦੀ ਸ਼ਾਦੀ ਕਰਵਾ ਦਿੱਤੀ। ਆਪ ਦੀ ਪਹਿਲੀ ਸੰਤਾਨ ਛੋਟੀ ਉਮਰ ਵਿਚ ਹੀ ਮ੍ਰਿਤੂ ਪ੍ਰਾਪਤ ਹੁੰਦੀ ਰਹੀ ਅਤੇ ਅੰਤ ਵਿਚ ਇਕ ਲੜਕੀ ਤੇ ਇਕ ਪੁੱਤਰ ਡਾ. ਚਰਨ ਸਿੰਘ ਹੀ ਚਿਰੰਜੀਵੀ ਰਹੇ। ਡਾ. ਚਰਨ ਸਿੰਘ ਆਪਣੇ ਪਿਤਾ ਦੀ ਸਭ ਤੋਂ ਪਿਛਲੀ ਸੰਤਾਨ, 7 ਮਾਰਚ 1853 ਦਿਨ ਮੰਗਲਵਾਰ ਨੂੰ ਜਨਮੇ, ਜਦੋਂ ਆਪ ਦੇ ਪਿਤਾ ਦੀ ਉਮਰ 60 ਸਾਲ ਤੋਂ ਟੱਪ ਚੁੱਕੀ ਸੀ।

ਭਾਈ ਵੀਰ ਸਿੰਘ ਦੇ ਪਿਤਾ ਡਾ. ਚਰਨ ਸਿੰਘ ਦੇ ਆਗਮਨ ਨਾਲ ਇਸ ਕੁਲ ਦਾ ਆਧੁਨਿਕ ਕਾਲ ਵਿਚ ਆਤਮਿਕ ਪ੍ਰਵੇਸ਼ ਹੁੰਦਾ ਹੈ। ਆਪ ਨਵੀਂ ਸੰਗਠਿਤ ਹੋਈ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਸਨ ਅਤੇ ਅੰਮ੍ਰਿਤਸਰ ਸ਼ਹਿਰ ਵਿਚ ਆਪ ਨੇ ਲੋਕ ਸੇਵਾ ਅਤੇ ਵਿਦਿਆ ਪ੍ਰਚਾਰ ਦਾ ਚੋਖਾ ਕੰਮ ਕੀਤਾ। ਆਪ ਸੰਸਕ੍ਰਿਤ ਤੇ ਬ੍ਰਜ ਭਾਸ਼ਾ ਦੇ ਵਿਦਵਾਨ ਸਨ, ਅੰਗ੍ਰੇਜ਼ੀ ਅਤੇ ਫ਼ਾਰਸੀ ਦਾ ਵੀ ਕਾਫ਼ੀ ਗਿਆਨ ਸੀ। ਆਪ ਨੇ ਪੰਜਾਬੀ ਵਿਚ @ਜੰਗ ਮੜੌਲੀ@ ਅਤੇ @ਸ਼ਰਾਬ ਕੌਰ@ ਨਾਮ ਦੀਆਂ ਪ੍ਰਸਿੱਧ ਰਚਨਾਵਾਂ ਲਿਖੀਆਂ। 'ਹੀਰ ਭਾਈ ਗੁਰਦਾਸ@ ਦਾ ਸੰਪਾਦਨ ਅਤੇ @ਸ਼ਕੁੰਤਲਾ@ ਨਾਟਕ ਦਾ ਅਨੁਵਾਦ ਆਪਦੀ ਸੰਪਾਦਨ ਅਤੇ ਅਨੁਵਾਦ-ਪ੍ਰਤਿਭਾ ਦੇ ਪ੍ਰਤੀਨਿਧ ਪ੍ਰਮਾਣ ਹਨ। ਇਨ੍ਹਾਂ ਤੋਂ ਬਿਨਾਂ @ਬਾਣੀ-ਬਿਉਰਾ@ ਅਤੇ @ਸ਼ਬਦ-ਬ੍ਰਿਤੀ ਪ੍ਰਕਾਸ਼@ ਆਦਿਕ ਪੁਸਤਕਾਂ ਵਿਚ ਆਪ ਨੇ ਸਿੱਖ ਧਰਮ ਅਤੇ ਦਰਸ਼ਨ ਦਾ ਬੜਾ ਡੂੰਘਾ ਅਧਿਐਨ ਪ੍ਰਸਤੁਤ ਕੀਤਾ ਹੈ।

ਡਾ. ਚਰਨ ਸਿੰਘ ਦਾ ਵਿਆਹ ਸੰਨ 1869 ਈ. ਵਿਚ ਅੰਮ੍ਰਿਤਸਰ ਦੇ ਗਿਆਨੀ ਹਜ਼ਾਰਾ ਸਿੰਘ ਦੀ ਸਪੁੱਤਰੀ ਬੀਬੀ ਉੱਤਮ ਕੌਰ ਨਾਲ ਹੋਇਆ। ਭਾਈ ਸਾਹਿਬ ਦੇ ਨਾਨਾ ਜੀ ਗਿਆਨੀ ਹਜ਼ਾਰਾ ਸਿੰਘ ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਹੋਏ ਹਨ, ਜਿਨ੍ਹਾਂ ਦੀ ਰਚਨਾ 'ਭਾਈ ਗੁਰਦਾਸ ਦੀਆਂ ਵਾਰਾਂ ਦਾ ਟੀਕਾ@ ਬਹੁਤ ਪ੍ਰਸਿੱਧ ਹੈ। ਇਸ ਤੋਂ ਇਲਾਵਾ ਗਿਆਨੀ ਜੀ ਨੇ ਪ੍ਰਸਿੱਧ ਕਵੀ ਸ਼ੇਖ਼ ਸਾਅਦੀ ਦੀ ਰਚਨਾ @ਗੁਲਿਸਤਾਂ@ ਅਤੇ @ਬੋਸਤਾਂ@ ਦਾ ਪੰਜਾਬੀ ਅਨੁਵਾਦ ਸਕੂਲਾਂ ਦੀ ਪੜ੍ਹਾਈ ਵਾਸਤੇ ਕੀਤਾ। ਕਿਹਾ ਜਾਂਦਾ ਹੈ ਕਿ ਭਾਈ ਵੀਰ ਸਿੰਘ ਜੀ ਅਨੁਵਾਦ ਦੇ ਕੰਮ ਵਿਚ ਗਿਆਨੀ ਜੀ ਦੀ ਸਹਾਇਤਾ ਕਰਿਆ ਕਰਦੇ ਸਨ ਪਰ ਭਾਈ ਸਾਹਿਬ ਨੂੰ ਇਹ ਕੰਮ ਤਸੱਲੀ ਦੇਣ ਵਾਲਾ ਨਹੀਂ ਸੀ ਪ੍ਰਤੀਤ ਹੁੰਦਾ। ਇਕ ਦਿਨ ਆਪ ਜੀ ਨੇ ਗਿਆਨੀ ਜੀ ਨੂੰ ਕਿਹਾ, ਤੁਸੀਂ ਹੋਰਾਂ ਲੋਕਾਂ ਦੀਆਂ ਰਚਨਾਵਾਂ ਦੇ ਅਨੁਵਾਦ ਹੀ ਕਿਉਂ ਕਰਦੇ ਹੋ ? ਆਪਣੇ ਅੰਦਰੋਂ ਰਚਨਾ ਕਿਉਂ ਨਹੀਂ ਕਰਦੇ ?÷ ਇਸ ਦਾ ਉੱਤਰ ਗਿਆਨੀ ਜੀ ਨੇ ਹੱਸ ਕੇ ਇਹ ਦਿੱਤਾ, ÷ਬਰਖ਼ੁਰਦਾਰ, ਮੈਂ ਨਹੀਂ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।÷ ਇਹ ਸੁਭਾਵਕ ਆਖਿਆ ਵਚਨ ਪਿਛੋਂ ਜਾ ਕੇ ਮਹੱਤਵਪੂਰਨ ਰੂਪ ਵਿਚ ਸੱਚਾ ਸਿੱਧ ਹੋਇਆ।

ਇਸ ਤਰ੍ਹਾਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਦੇ ਪਿਤਰੀ ਧਨ ਵਿਚ ਦੀਵਾਨ ਕੌੜਾ ਮੱਲ ਦੀ ਰਾਜਸੀ ਮਹੱਤਾ, ਬਾਬਾ ਕਾਹਨ ਸਿੰਘ ਦਾ ਸਾਧੂਤਵ, ਡਾ. ਚਰਨ ਸਿੰਘ ਦੀ ਪੁਰਾਤਨ-ਸਹ-ਆਧੁਨਿਕ ਬੁਧੀਜੀਵਤਾ ਅਤੇ ਗਿਆਨੀ ਹਜ਼ਾਰਾ ਸਿੰਘ ਦਾ ਪਰਮਾਰਥ ਗਿਆਨ ਬੜੇ ਪ੍ਰਧਾਨ ਅੰਸ਼ ਹਨ। ਸੰਤ ਸਿੰਘ ਸੇਖੋਂ ਦੇ ਮਤਿ ਅਨੁਸਾਰ :

ਅਜਿਹੇ ਪਿਤਰੀ ਧਨ ਵਾਲਾ ਪੁਰਖ ਸਮਝੋ ਉਨ੍ਹੀਵੀਂ ਸਦੀ ਦੇ ਭਾਰਤੀ ਜਾਗ੍ਰਤੀ-ਆਤਮਕ ਵਾਤਾਵਰਣ ਵਿਚ ਕਿਸੇ ਮਹਾਨ ਕਾਰਜ ਲਈ ਹੀ ਜਨਮਿਆ ਹੁੰਦਾ ਹੈ ਤੇ ਭਾਈ ਵੀਰ ਸਿੰਘ ਦੇ ਭਾਗ ਵਿਚ ਇਹ ਮਹਾਨ ਕਾਰਜ ਨਿਸਚੇ ਹੀ ਅੰਕਿਤ ਹੋਇਆ।÷

ਭਾਈ ਸਾਹਿਬ ਨੇ ਆਪਣੀ ਮੁੱਢਲੀ ਸਿੱਖਿਆ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਅਤੇ ਉਨ੍ਹਾਂ ਦੇ ਸਹਿਚਾਰੀਆਂ ਪਾਸੋਂ ਪ੍ਰਾਪਤ ਕੀਤੀ। ਅੱਠ ਸਾਲ ਦੀ ਉਮਰ ਤੱਕ ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲਿਆ ਸੀ। ਮਿਸ਼ਨ ਸਕੂਲ ਅੰਮ੍ਰਿਤਸਰ ਵਿਚੋਂ 1891 ਈ. ਵਿਚ ਐਂਟ੍ਰੇਂਸ ਦੀ ਪ੍ਰੀਖਿਆ ਪਾਸ ਕੀਤੀ। ਇਸ ਪ੍ਰੀਖਿਆ ਵਿਚ ਆਪ ਜ਼ਿਲ੍ਹੇ ਭਰ ਵਿਚੋਂ ਅੱਵਲ ਰਹੇ ਅਤੇ ਡਿਸਟ੍ਰਿਕਟ ਬੋਰਡ ਨੇ ਆਪ ਨੂੰ ਸੋਨੇ ਦਾ ਇਕ ਮੈਡਲ ਪ੍ਰਦਾਨ ਕੀਤਾ। ਐਂਟ੍ਰੇਂਸ ਦੀ ਪ੍ਰੀਖਿਆ ਪਾਸ ਕਰਨ ਤੋਂ ਦੋ ਸਾਲ ਪਹਿਲਾਂ 1889 ਈ. ਵਿਚ ਆਪ ਦਾ ਵਿਆਹ ਹੋ ਗਿਆ ਸੀ। ਐਂਟ੍ਰੇਂਸ ਤੋਂ ਪਿਛੋਂ ਆਪ ਨੇ ਸਰਕਾਰੀ ਨੌਕਰੀ ਦਾ ਸੰਕਲਪ ਨਾ ਕੀਤਾ ਕਿਉਂਕਿ ਆਪਣੇ ਪਿਤਾ ਡਾ. ਚਰਨ ਸਿੰਘ ਦੇ ਪ੍ਰਭਾਵ ਹੇਠਾਂ ਅਤੇ ਉਨ੍ਹਾਂ ਦੇ ਸਫ਼ਲ ਜੀਵਨ ਸਦਕਾ ਆਪ ਦੇ ਮਨ ਵਿਚ ਸਮਾਜ ਦੀ ਖੁੱਲ੍ਹੀ ਸੇਵਾ ਦੀ ਧੁਨ ਵੱਜ ਰਹੀ ਸੀ। ਸਾਹਿਤ ਵੱਲ ਆਪਦੀ ਰੁਚੀ ਪ੍ਰਬਲ ਸੀ ਅਤੇ ਇਸ ਦੇ ਅਨੁਸਾਰ ਹੀ ਆਪਣੇ ਆਪਣਾ ਵਿਵਹਾਰ ਵੀ ਚੁਣਿਆ। ਡਾ. ਚਰਨ ਸਿੰਘ ਦੇ ਇਕ ਸਹਿਚਾਰੀ ਭਾਈ ਵਜ਼ੀਰ ਸਿੰਘ ਨਾਲ ਮਿਲ ਕੇ ਇਕ ਛਾਪੇਖਾਨਾ 'ਵਜ਼ੀਰ ਹਿੰਦ ਪ੍ਰੈਸ@ ਜਾਰੀ ਕੀਤਾ। ਛੇਤੀ ਹੀ ਇਹ ਪ੍ਰੈਸ ਅੰਮ੍ਰਿਤਸਰ ਦਾ ਇਕ ਕਾਫ਼ੀ ਵੱਡਾ ਪ੍ਰੈਸ ਗਿਣਿਆ ਜਾਣ ਲੱਗਾ, ਜੋ ਹੁਣ ਤੱਕ ਭਾਈ ਲਖਵੀਰ ਸਿੰਘ ਦੀ ਸੰਤਾਨ ਦੇ ਪ੍ਰਬੰਧ ਵਿਚ ਚੱਲ ਰਿਹਾ ਹੈ।

ਆਪਣੇ ਜੀਵਨ ਕਰਮ ਦੇ ਇਸ ਆਰੰਭ ਦੇ ਨਾਲ ਹੀ ਭਾਈ ਵੀਰ ਸਿੰਘ ਨੇ ਆਪਣੇ ਇਕ ਮਹਾਨ ਭਾਵੀ ਮਿੱਤਰ ਸਰਦਾਰ ਕੌਰ ਸਿੰਘ ਧੁਪੀਏ ਨਾਲ ਮਿਲ ਕੇ 'ਖ਼ਾਲਸਾ ਟ੍ਰੈਕਟ ਸੁਸਾਇਟੀ@ ਦੀ ਨੀਂਹ ਰੱਖੀ, ਜਿਸ ਦਾ ਕਾਰਜ ਪੰਜਾਬੀ ਵਿਚ ਸਿੱਖੀ ਪ੍ਰਚਾਰ ਅਤੇ ਸਮਾਜ ਸੁਧਾਰ ਲਈ ਟ੍ਰੈਕਟ ਪ੍ਰਕਾਸ਼ਿਤ ਕਰਨਾ ਸੀ। ਇਸ ਤੋਂ ਬਾਦ ਨਵੰਬਰ 1899 ਈ. ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਦਿਨ ਆਪ ਨੇ ਸਪਤਾਹਿਕ 'ਖ਼ਾਲਸਾ ਸਮਾਚਾਰ@ ਆਰੰਭ ਕੀਤਾ। ਜਿਸ ਦੁਆਰਾ ਪੰਥਕ ਸਮਾਚਾਰ ਪ੍ਰਸਾਰਿਤ ਕਰਨ ਦੇ ਨਾਲ ਸਿੱਖੀ ਅਸੂਲਾਂ ਦਾ ਪ੍ਰਤਿਪਾਦਨ, ਗੁਰਬਾਣੀ ਤੇ ਗੁਰਮਤਿ ਦੀ ਸਿੱਖਿਆ ਪ੍ਰਚਾਰਨ ਦਾ ਕਾਰਜ ਅਰੰਭਿਆ। 1901 ਈ. ਵਿਚ ਚੀਫ਼ ਖ਼ਾਲਸਾ ਦੀਵਾਨ ਦੀ ਸਥਾਪਨਾ ਵਿਚ ਆਪ ਦਾ ਵੱਡਾ ਹੱਥ ਸੀ। 1902 ਈ. ਵਿਚ ਖ਼ਾਲਸਾ ਕਾਲਜ, ਅੰਮ੍ਰਿਤਸਰ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਵਿਚ ਆਪ ਨੇ ਉਘਾ ਹਿੱਸਾ ਲਿਆ। 1904 ਈ. ਵਿਚ ਸੈਂਟਰਲ ਖ਼ਾਲਸਾ ਯਤੀਮਖ਼ਾਨਾ ਅੰਮ੍ਰਿਤਸਰ ਅਤੇ 1908 ਈ. ਵਿਚ ਪੰਜਾਬ ਐਂਡ ਸਿੰਧ ਬੈਂਕ ਜਾਰੀ ਕੀਤੇ ਗਏ। 1908 ਈ. ਵਿਚ ਸਿੱਖ ਐਜੂਕੇਸ਼ਨਲ ਕਮੇਟੀ ਅਤੇ ਸੈਂਟਰਲ ਖ਼ਾਲਸਾ ਪ੍ਰਚਾਰਕ ਵਿਦਿਆਲਾ, ਤਰਨ ਤਾਰਨ ਦੀ ਸਥਾਪਨਾ ਕੀਤੀ ਗਈ। ਭਾਈ ਸਾਹਿਬ ਦੀ ਅਗਵਾਈ ਵਿਚ @ਆਨੰਦ ਮੈਰਿਜ ਐਕਟ@ 1909 ਈ. ਵਿਚ ਪਾਸ ਹੋਇਆ। 1925 ਈ. ਵਿਚ ਸਿੱਖਾਂ ਵਿਚ ਜੋ ਹਰੀਜਨ ਸੁਧਾਰ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਸ਼ੁਰੂ ਹੋਈਆਂ, ਉਹ ਬਹੁਤਾ ਕਰਕੇ ਆਪ ਦੀਆਂ ਰਚਨਾਵਾਂ ਤੋਂ ਪੰਥ ਵਿਚ ਆਈ ਜਾਗ੍ਰਿਤੀ ਦਾ ਹੀ ਨਤੀਜਾ ਸਨ।

ਸਾਹਿਤ ਦੇ ਖੇਤਰ ਵਿਚ ਭਾਈ ਸਾਹਿਬ ਨੇ ਬਹੁ-ਪੱਖੀ ਹਿੱਸਾ ਪਾਇਆ ਹੈ। ਕਾਵਿ ਤੋਂ ਬਿਨਾਂ ਆਪ ਨੇ ਪੰਜਾਬੀ ਨਾਵਲ, ਨਾਟਕ, ਵਾਰਤਕ, ਸੰਪਾਦਨ, ਸਟੀਕ ਰਚਨਾ ਦੇ ਖੇਤਰ ਵਿਚ ਵੀ ਕਾਫ਼ੀ ਗੰਭੀਰ ਅਤੇ ਵਿਦਵਤਾ-ਪੂਰਨ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ ਹਨ। ਭਾਈ ਸਾਹਿਬ ਦੇ ਸਾਹਿਤਕ ਸੰਬੰਧ ਆਪਣੇ ਸਮੇਂ ਦੇ ਬਹੁਤ ਸਾਰੇ ਵਿਦਵਾਨਾਂ ਤੇ ਕਵੀਆਂ ਨਾਲ ਸਨ। ਆਧੁਨਿਕ ਕਾਲ ਦੇ ਮੁੱਢਲੇ ਪੰਜਾਬੀ ਕਵੀਆਂ ਮੌਲਾ ਬਖ਼ਸ਼ ਕੁਸ਼ਤਾ, ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ ਅਤੇ ਲਾਲਾ ਧਨੀ ਰਾਮ ਚਾਤ੍ਰਿਕ ਦੀ ਰਚਨਾਤਮਕ ਪ੍ਰਤਿਭਾ ਨੂੰ ਚਮਕਾਉਣ ਵਿਚ ਆਪਦਾ ਵਿਸ਼ੇਸ਼ ਯੋਗਦਾਨ ਹੈ। ਪ੍ਰੋ. ਪੂਰਨ ਸਿੰਘ ਭਾਈ ਸਾਹਿਬ ਦੇ ਇਸ ਯੋਗਦਾਨ ਨੂੰ ਸਵੀਕਾਰ ਕਰਦਾ ਹੋਇਆ ਲਿਖਦਾ ਹੈ :

ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂਪੁਰਖ (ਭਾਈ ਵੀਰ ਸਿੰਘ) ਦੇ ਦੀਦਾਰ ਹੋਏ ਅਰ ਆਪ ਦੇ ਕਿਰਪਾ ਕਟਾਖਯ ਨਾਲ ਪੰਜਾਬੀ ਸਾਹਿਤਯ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ। ਕਵਿਤਾ ਵੀ ਮਿਲੀ ਤੇ ਉਸੀ ਮਿਹਰ ਦੀ ਨਜ਼ਰ ਵਿਚ ਮਿੱਠੇ ਸਾਧ ਵਚਨ ਵਿਚ ਮੈਨੂੰ ਪੰਜਾਬੀ ਆਪਮੁਹਾਰੀ ਆਈ।÷



ਭਾਈ ਸਾਹਿਬ ਨੇ ਆਪਣੀਆਂ ਰਚਨਾਵਾਂ ਦੇ ਮਾਧਿਅਮ ਦੁਆਰਾ ਲੋਕਾਂ ਵਿਚ ਜਾਗ੍ਰਿਤੀ ਪੈਦਾ ਕੀਤੀ ਅਤੇ ਪੰਜਾਬ ਦੇ ਵਾਸੀਆਂ ਨੇ ਵੀ ਆਪ ਦੀ ਕਲਮੀ ਸੇਵਾ ਦਾ ਕਾਫ਼ੀ ਸਨਮਾਨ ਕੀਤਾ। 1949 ਵਿਚ ਆਪ ਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ@ ਦੀ ਡਿਗਰੀ ਪ੍ਰਦਾਨ ਕੀਤੀ ਗਈ। ਸੁਤੰਤਰ ਭਾਰਤ ਦੀ ਗਣਰਾਜ ਸਥਾਪਨਾ ਤੋਂ ਬਾਦ ਪੰਜਾਬ ਦੇ ਰਾਜਪਾਲ ਸ੍ਰੀ ਚੰਦੂ ਲਾਲ ਤ੍ਰਿਵੇਦੀ ਨੇ ਭਾਈ ਸਾਹਿਬ ਨੂੰ ਪੰਜਾਬ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕੀਤਾ। ਭਾਰਤ ਸਰਕਾਰ ਨੇ ਆਪ ਨੂੰ 1954 ਵਿਚ ਸਾਹਿਤ ਅਕਾਦਮੀ ਦਾ ਮੈਂਬਰ ਨਿਯੁਕਤ ਕੀਤਾ। ਇਸੇ ਸਾਲ 25 ਦਸੰਬਰ ਨੂੰ ਬੰਬਈ ਵਿਚ ਹੋਈ ਸਿੱਖ ਵਿਦਿਅਕ ਕਾਨਫਰੰਸ ਵਿਚ ਆਪ ਨੂੰ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। 1953 ਈ. ਵਿਚ ਭਾਰਤੀ ਸਾਹਿਤ ਅਕਾਦਮੀ ਵਲੋਂ ਆਪ ਦੀ ਪੁਸਤਕ 'ਮੇਰੇ ਸਾਈਆਂ ਜੀਓ ਨੂੰ ਸਾਹਿਤ ਅਕਾਦਮੀ ਪੁਰਸਕਾਰ ਦਿੱਤਾ ਗਿਆ। 1956 ਈ. ਵਿਚ ਭਾਰਤ ਸਰਕਾਰ ਵਲੋਂ ਭਾਈ ਸਾਹਿਬ ਨੂੰ @ਪਦਮ ਭੂਸ਼ਣ ਦਾ ਸਨਮਾਨ ਦਿੱਤਾ ਗਿਆ, ਜਿਸ ਦਾ ਪ੍ਰਮਾਣ-ਪੱਤਰ ਆਪ ਦੇ ਗ੍ਰਹਿ ਅੰਮ੍ਰਿਤਸਰ ਵਿਚ ਭੇਟ ਕੀਤਾ ਗਿਆ।

1957 ਸਾਲ ਦੇ ਸ਼ੁਰੂ ਤੋਂ ਹੀ ਭਾਈ ਸਾਹਿਬ ਸਰੀਰਕ ਕਮਜ਼ੋਰੀ ਮਹਿਸੂਸ ਕਰ ਰਹੇ ਸਨ। ਇਸ ਲਈ ਡਾਕਟਰਾਂ ਨੇ ਪੂਰੀ ਤਰ੍ਹਾਂ ਆਰਾਮ ਕਰਨ ਲਈ ਪ੍ਰੇਰਨਾ ਕੀਤੀ ਪਰ ਭਾਈ ਸਾਹਿਬ ਲਈ ਮੁਕੰਮਲ ਆਰਾਮ ਕਰਨਾ ਮੁਸ਼ਕਿਲ ਸੀ। ਪਹਿਲੀ ਜੂਨ ਨੂੰ ਆਪ ਨੂੰ ਬੁਖ਼ਾਰ ਹੋ ਗਿਆ ਜੋ 10 ਦਿਨ ਤੱਕ ਲਗਾਤਾਰ ਚਲਦਾ ਰਿਹਾ। ਅੰਤ 10 ਜੂਨ 1957 ਸੋਮਵਾਰ ਦੀ ਸ਼ਾਮ ਨੂੰ 4 ਵੱਜ ਕੇ 25 ਮਿੰਟ ਤੇ ਆਪ ਅਕਾਲ ਚਲਾਣਾ ਕਰ ਗਏ। ਪਰ ਉਹ ਆਪਣੇ ਪਿਛੇ ਆਪਣੇ ਵਿਅਕਤਿਤਵ ਅਤੇ ਰਚਨਾਵਾਂ ਦਾ ਅਜਿਹਾ ਗੌਰਵ ਛੱਡ ਗਏ ਜੋ ਯੁਗਾਂ ਤੱਕ ਆਉਣ ਵਾਲੀ ਮਾਨਵਤਾ ਦਾ ਪਥ-ਪ੍ਰਦਰਸ਼ਨ ਕਰਦਾ ਰਹੇਗਾ।

ਭਾਈ ਸਾਹਿਬ ਦੇ ਜੀਵਨ ਤੇ ਵਿਅਕਤਿਤਵ ਨੂੰ ਵੇਖਣ ਤੋਂ ਬਾਦ ਆਪ ਦੀਆਂ ਕਾਵਿ-ਰਚਨਾਵਾਂ ਦਾ ਸੰਖਿਪਤ ਪਰਿਚੈ ਪ੍ਰਾਪਤ ਕਰਕੇ ਉਨ੍ਹਾਂ ਦੇ ਕਾਵਿ-ਵਿਕਾਸ ਦੀਆਂ ਵਿਭਿੰਨ ਸਥਿਤੀਆਂ ਨੂੰ ਜਾਂਚਣਾ ਵੀ ਜ਼ਰੂਰੀ ਹੈ। ਭਾਈ ਸਾਹਿਬ ਦੀਆਂ ਕਾਵਿ-ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ :

1. ਨਿਨਾਣ ਭਰਜਾਈ : ਭਾਈ ਸਾਹਿਬ ਦੀ ਸਭ ਤੋਂ ਪਹਿਲੀ ਕਾਵਿ-ਰਚਨਾ @ਨਿਨਾਣ ਭਰਜਾਈ ਦਾ ਸਿੱਖਿਆਦਾਇਕ ਵਾਰਤਾਲਾਪ@ (1900 ਈ.) ਸਮਾਜ ਸੁਧਾਰ ਦੇ ਆਸ਼ੇ ਨੂੰ ਮੁੱਖ ਰੱਖਦਿਆਂ ਪੋਥੀ ਰੂਪ ਵਿਚ ਪ੍ਰਕਾਸ਼ਿਤ ਹੋਈ ਮਿਲਦੀ ਹੈ।

2. ਰਾਣਾ ਸੂਰਤ ਸਿੰਘ : ਭਾਈ ਸਾਹਿਬ ਦੀ ਕਾਵਿ-ਪ੍ਰਤਿਭਾ ਦਾ ਪ੍ਰਕਾਸ਼ 'ਰਾਣਾ ਸੂਰਤ ਸਿੰਘ@ ਦੇ ਪ੍ਰਕਾਸ਼ਿਤ ਹੋਣ ਨਾਲ ਪ੍ਰਗਟ ਹੁੰਦਾ ਹੈ, ਜੋ ਪਹਿਲੀ ਵਾਰ 1905 ਈ. ਵਿਚ ਟ੍ਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਿਤ ਕੀਤਾ ਗਿਆ, ਦੂਜੀ ਵਾਰ 1919 ਈ. ਵਿਚ ਪੁਸਤਕ ਆਕਾਰ ਵਿਚ ਪ੍ਰਕਾਸ਼ਿਤ ਕੀਤਾ ਗਿਆ। ਇਸ ਮਹਾਂਕਾਵਿ ਦੀ ਰਚਨਾ ਸਿਰਖੰਡੀ ਛੰਦ ਵਿਚ ਕੀਤੀ ਗਈ ਹੈ।

3. ਲਹਿਰਾਂ ਦੇ ਹਾਰ : ਭਾਈ ਸਾਹਿਬ ਦੀ ਰਚਨਾ 'ਲਹਿਰਾਂ ਦੇ ਹਾਰ@ ਮਾਰਚ 1928 ਈ. ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ ਤ੍ਰੇਲ ਤੁਪਕੇ (1921) ਦੀਆਂ ਤੁਰਿਆਈਆਂ, ਦਿਲ ਤਰੰਗ ਅਤੇ ਪੰਜ ਲੰਮੇਰੀਆਂ ਕਵਿਤਾਵਾਂ—ਜੀਵਨ ਕੀ ਹੈ ?, ਬੁਲਬੁਲ ਤੇ ਰਾਹੀ, ਪੁਸ਼ਪਾਵਤੀ ਤੇ ਚੰਦਰਾਵਤ, ਬਿਸਮਿਲ ਮੋਰ, ਫੁੰਡਿਆ ਤੋਤਾ ਅਤੇ ਇਕ ਗੀਤ—ਗੋਦਾਵਰੀ ਦਾ ਗੀਤ ਸੰਗ੍ਰਹਿਤ ਹੈ।

4. ਮਟਕ ਹੁਲਾਰੇ : 'ਮਟਕ ਹੁਲਾਰੇ@ (1925) ਵਿਚ ਭਾਈ ਸਾਹਿਬ ਨੇ ਪਹਿਲੀ ਵੇਰ ਕਸ਼ਮੀਰ (1922) ਜਾਣ ਸਮੇਂ ਫੁਰੀਆਂ ਅਤੇ ਤਿੰਨ ਵਰ੍ਹਿਆਂ ਵਿਚ ਰਚੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਹਨ। ਇਸ ਦੇ ਪਹਿਲੇ ਭਾਗ 'ਰਸ ਰੰਗ ਛੁਹ@ ਤੋਂ ਬਿਨਾਂ ਸਾਰੀਆਂ ਕਵਿਤਾਵਾਂ ਕਸ਼ਮੀਰ ਦੀ ਸੁੰਦਰਤਾ ਅਤੇ ਉਸ ਦੇ ਸਾਂਸਕ੍ਰਿਤਕ ਇਤਿਹਾਸ ਨਾਲ ਸੰਬੰਧਿਤ ਹਨ।

5. ਬਿਜਲੀਆਂ ਦੇ ਹਾਰ (1927) : ਇਸ ਪੁਸਤਕ ਦੇ ਆਰੰਭਕ ਸ਼ਬਦਾਂ ਵਿਚ ਭਾਈ ਸਾਹਿਬ ਨੇ ਲਿਖਿਆ ਸੀ : ਇਹ ਚਿਰਾਂ ਤੋਂ ਹੁਣ ਤਾਈਂ ਕਦੇ ਕਦੇ ਦੇ ਲਿਖੇ ਗਏ ਖ਼ਿਆਲ ਹਨ, ਜੋ ਇਸ ਸੰਚੇ ਵਿਚ ਪ੍ਰਕਾਸ਼ਤ ਹੁੰਦੇ ਹਨ। ਕੋਈ ਸਿਲਸਿਲੇ ਦਾ ਪ੍ਰਸੰਗ ਸਾਰੀ ਪੋਥੀ ਦਾ ਵਿਸ਼ਾ ਨਹੀਂ, ਪਰ ਵਿਕੋਲਿੱਤ੍ਰੇ ਖ਼ਿਆਲ ਆਪਣੇ ਆਪ ਵਿਚ ਸਮਾਪਤ ਹਨ, ਚਾਹੇ ਨਿੱਕੀਆਂ ਕਵਿਤਾਵਾਂ ਹਨ ਤੇ ਚਾਹੇ ਲੰਮੇਰੀਆਂ। ਇਸ ਸੰਗ੍ਰਹਿ ਵਿਚ ਛੋਟੀਆਂ ਕਵਿਤਾਵਾਂ ਤੋਂ ਬਿਨਾਂ ਲੰਮੇਰੀਆਂ ਕਵਿਤਾਵਾਂ ਅਟਕ, ਮਰਦ ਦਾ ਕੁੱਤਾ, ਕੁਤਬ ਦੀ ਲਾਠ, ਬੇਲਾ ਭਵਾਨੀ, ਪਿਆਰ ਤੇ ਫ਼ਰਜ਼ ਦੀਆਂ ਦੇਵੀਆਂ ਦਾ ਸੰਬਾਦ, ਪਦਮ ਬ੍ਰਿਛ ਦੀ ਬਹਾਰ ਅਤੇ ਗੰਗਾ ਰਾਮ ਮਿਲਦੀਆਂ ਹਨ।

6. ਪ੍ਰੀਤ ਵੀਣਾ (1929) : ਇਹ ਇਕ ਲੰਮੇਰੀ ਕਵਿਤਾ ਹੈ, ਜਿਸ ਨੂੰ ਭਾਈ ਸਾਹਿਬ ਨੇ ਗੁਲਮਰਗ ਵਿਖੇ ਰਚਿਆ। ਇਸ ਵਿਚ @ਬ੍ਰਿਹੋਂ-ਦੁਖ ਤੇ ਸੁਹਾਗ ਸੰਜੋਗ@ ਰਾਹੀਂ ਆਤਮਾ-ਪਰਮਾਤਮਾ ਅਤੇ ਵਿਛੋੜੇ ਤੇ ਮਿਲਾਪ ਨੂੰ ਉਲੀਕਿਆ ਹੈ।

(ਬਾਕੀ ਅਗਲੇ ਸਫ਼ੇ 'ਤੇ)

# ਜਦੋਂ ਮੇਰੀ ਥਾਂ ਮੈਡਮ ਜੁਆਇਨ ਕਰ ਗਈ

. ਮੇਜਰ ਸਿੰਘ ਨਾਭਾ ਮੋ :9463553962

ਇਹ ਗੱਲ 1984 ਦੀ ਹੈ। ਉਦੋਂ ਅਧਿਆਪਕਾਂ ਦੀ ਨਿਯੁਕਤੀ ਛੇ ਮਹੀਨੇ ਦੇ ਆਧਾਰ ਉੱਪਰ ਜਿਲ੍ਹਾ ਪੱਧਰ ਉੱਪਰ ਜਿਲ੍ਹਾ ਸਿੱਖਿਆ ਅਫਸਰ ਵਲੋਂ ਨਿਰੋਲ ਮੈਰਿਟ ਦੇ ਅਧਾਰ ਉੱਪਰ ਵੱਖ-ਵੱਖਰੇ ਵਿਸ਼ਿਆਂ ਦੇ ਅਧਿਆਪਕਾਂ ਦੀਆਂ ਲਿਸਟਾਂ ਬਣਾ ਕੇ ਮੈਰਿਟ ਵਾਈਜ਼ ਖਾਲੀ , ਛੁੱਟੀ ਵਾਲੇ ਸਟੇਸ਼ਨਾਂ ਉੱਪਰ ਆਰਡਰ ਸਬੰਧਤ ਅਧਿਆਪਕ ਨੂੰ ਭੇਜੇ ਜਾਂਦੇ ਸੀ ।ਉਸ ਸਮੇਂ ਪੰਜਾਬ ਅੰਦਰ ਰਾਸਟਰਪਤੀ ਰਾਜ ਲਾਗੂ ਸੀ , ਸਾਰੀਆਂ ਸਕਤੀਆਂ ਰਾਜ ਦੇ ਗਵਰਨਰ ਬੀ.ਡੀ.ਪਾਂਡੇ ਕੋਲ ਸੀ ਜੋ ਸ਼ਾਸਨ ਚਲਾ ਰਹੇ ਸੀ ।ਇਸੀ ਕਰਕੇ ਉਸ ਸਮੇਂ ਕੋਈ ਰਾਜਨੀਤਕ ਨੇਤਾਵਾਂ ਦੀ ਕੋਈ ਪੁੱਛ-ਗਿੱਛ ਨਹੀਂ ਸੀ। ਨੌਕਰੀ ਲੈਣੀ ਆਸਾਨ ਸੀ। ਆਰਟ / ਕਰਾਫਟ ਟੀਚਰਾਂ ਦੀਆਂ ਪੋਸਟਾਂ ਸਾਰੇ ਜਿਲ੍ਹੇ ਵਿੱਚ ਖਾਲੀ ਤਾਂ ਕੀ ਹੋਣੀ ਸੀ ਸਿਰਫ ਛੁੱਟੀ ਵਾਲੇਦੋ ਸਟੇਸ਼ਨ ਖਾਲੀ ਸਨ ,ਜਿਨ੍ਹਾਂ ਉੱਪਰ ਮੈਰਿਟ ਅਨੁਸਾਰ ਆਏ ਪਹਿਲੇ ਦੋ ਅਧਿਆਪਕਾਂ ਦੇ ਆਰਡਰ ਹੋ ਗਏ। ਮੈਰਿਟ ਲਿਸਟ ਛੇ ਮਹੀਨੇ ਲਈ ਵੈਲਿਡ ਹੁੰਦੀ ਸੀ , ਮੇਰਾ ਤੀਸਰਾ ਨੰਬਰ ਸੀ ਕੋਈ ਪੋਸਟ ਖਾਲੀ ਨਹੀਂ ਸੀ। ਮੇਰਾ ਡੀ.ਈ.ਓ. ਦਫਤਰ ਦੂਜੇ ਦਿਨ ਤਕਰੀਬਨ ਗੇੜਾ ਸੀ , ਸਬੰਧਤ ਕਲਰਕ 'ਕੋਈ ਪੋਸਟ ਖਾਲੀ ਨਹੀਂ' ਕਹਿ ਦਿੰਦਾ। ਮੈਂ ਨਿਰਾਸ ਹੋ ਕੇ ਵਾਪਸ ਆ ਜਾਂਦਾ। ਮੈਨੂੰ ਦੋ ਨੰਬਰ ਵਾਲੇ ਮੇਰੇ ਦੋਸਤ ਬਲਬੀਰ ਸਿੰਘ ਅਧਿਆਪਕ ਨੇ ਦੱਸ ਦਿੱਤਾ ਕਿ ਕਲਰਕ ਨੂੰ ਪੰਜ ਸੌ ਦੇ ਦੇ ਆਰਡਰ ਦੇ ਦੇਵੇਗਾ। ਮੈਂ ਕਦੇ ਅਜਿਹਾ ਕਦੇ ਕੀਤਾ ਨਹੀਂ ਸੀ ।ਚਲੋ ਕਰਨਾ ਪਿਆ। ਡੀ.ਈ.ਓ. ਦਫਤਰ ਪਟਿਆਲੇ ਪੁਰਾਣੇ ਕਿਲ੍ਹੇ ਵਿੱਚ ਸੀ। ਪੁਰਾਣੀ ਬਿਲਡਿੰਗ , ਤੰਗ ਪੌੜੀਆਂ ਸਨ। ਮੈਂ ਹੇਠਾਂ ਛੁਟੇ ਜਿਹੇ ਪਾਰਕ 'ਚ ਧੁੱਪੇ ਬੈਠ ਗਿਆ ਅਤੇ ਲੰਚ ਸਮੇਂ ਤੋਂ ਬਾਦ ਸਬੰਧਤ ਕਲਰਕ ਨੂੰ ਵਾਪਸ ਆਉਂਦੇ ਨੂੰ ਦੇਖ ਰਹਿਆ ਸੀ। ਮਨ 'ਚ ਫੁਰਨਾ ਆਇਆ ਕਿ ਪੌੜੀਆਂ ਚੜ੍ਹਦੇ ਕਲਰਕ ਨੂੰ ਨੋਟ ਫੜ੍ਹਾ ਦੇਵਾਂ ਇਹੀ ਮੌਕਾ ਮੇਰੇ ਲਈ ਸੌਖਾ ਲੱਗਦਾ ਸੀ। ਕਲਰਕ ਦੇ ਪੌੜੀਆਂ ਚੜ੍ਹਦੇ ਸਮੇਂ ਮੈਂ ਵੀ ਨਾਲ ਹੀ ਮੁੱਠੀ 'ਚ ਪੈਸੇ ਲੈ ਕੇ ਨਾਲ ਚੜ੍ਹ ਗਿਆ ਤੇ ਕਲਰਕ ਨੂੰ ਉਸਦੀ ਮੁੱਠੀ 'ਚ ਫੈਸੇ ਫੜ੍ਹਾ ਦਿੱਤੇ। ਕਲਰਕ ਨੈ ਮੈਨੂੰ ਚਾਰ ਕੁ ਵਜੇ ਆ ਕੇ ਆਰਡਰ ਲਿਜਾਣ ਲਈ ਕਹਿਆ। ਮੈਂ ਹੇਠਾਂ ਆ ਕੇ ਘੰਟਾ ਕੁ ਬੈਠਿਆ ਪਰ ਸਮਾਂ ਲੰਘਾਉਣਾ ਔਖਾ ਲੱਗਦਾ ਸੀ ਮੈਂ ਉੱਪਰ ਵਰਾਂਡੇ 'ਚ ਚਲਾ ਗਿਆ ।ਜਦੋਂ ਮੈਂ ਸਬੰਧਤ ਕਲਰਕ ਵੱਲ ਵੇਖਿਆ ਤਾਂ ਉਸ ਨੇ ਮੈਨੂੰ ਆਉਣ ਦਾ ਇਸ਼ਾਰਾ ਕਰ ਦਿੱਤਾ। ਮੈਂ ਗਿਆ ਤਾਂ ਮੈਨੂੰ ਸਬੰਧਤ ਕਲਰਕ ਨੇ ਦੋ ਕਾਪੀਆਂ ਆਰਡਰਾਂ ਦੀਆਂ ਜੋ ਕਿ ਸ.ਮਿ.ਸ. ਨਨਹੇੜਾ (ਸਮਾਣਾ) ਵਿਖੇ ਛੁੱਟੀ ਵਾਲੀ ਥਾਂ ਤੇ ਕੀਤੇ ਹੋਏ ਸਨ , ਦੇ ਕੇ ਰਸੀਟ ਵਜੋਂ ਦਸਤਖ ਕਰਵਾ ਲਏ ।ਮੈਂ ਆਰਡਰ ਲੈ ਕੇ ਪਿੰਡ ਆ ਗਿਆ ।ਮੈਂ ਸੋਚ ਰਿਹਾ ਸੀ ਕਿ ਖਾਲੀ ਪੋਸਟ ਤਾਂ ਪਹਿਲਾਂ ਹੀ ਪਈ ਸੀ ਪਰ ਇਹ ਤਾਂ ਉਸ ਸਮੇਂ ਦੇ ਬਾਬੂਆਂ ਦੀ ਪਰੰਪਰਾ ਹੀ ਸੀ ਕਿ ਕੰਮ ਬਿਨ੍ਹਾਂ ਪੈਸੇ ਦੇ ਨਹੀਂ ਕਰਨੇ। ਸਮਾਣੇ ਮੇਰੇ ਪਿੰਡੋਂ ਹੀ ਰਮਿੰਦਰ ਕੁਮਾਰ ਤਹਿਸੀਲ਼ ਵਿੱਚ ਨੌਕਰੀ ਕਰਦਾ ਸੀ ।ਇਸ ਕਰਕੇ ਮੈਂ ਨਨਹੇੜੇ ਸਕੂਲ 'ਚ 18 ਜਨਵਰੀ 1984 ਨੂੰ ਆਪਣੀ ਪਹਿਲੀ ਹਾਜ਼ਰੀ ਦੇ ਕੇ ਉਸ ਨਾਲ ਰਾਬਤਾ ਕਰਕੇ ਉਸ ਕੋਲ ਹੀ ਰਹਿਣ ਲੱਗ ਪਿਆ ।ਪਤਾ ਲੱਗਿਆ ਸਕੂਲ ਦੀ ਮੈਡਮ ਅਬਾਰਸਨ ਲੀਵ ਉੱਪਰ ਸੀ ਜੋ ਹਰੇਕ ਸਾਲ ਐਵੇਂ ਹੀ ਇਹ ਲੀਵ ਲੈ ਲੈਂਦੀ ਸੀ ।ਇਹ ਲੀਵ ਇੱਕੀ ਦਿਨਾਂ ਦੀ ਸੀ ਅਤੇ ਡਾਕਟਰ ਦੀ ਪਰਚੀ ਨਾਲ ਵਧਾਈ ਜਾਂਦੀ ਸੀ। ਸੋ ਮੈਂ ਇੱਕ ਦਿਨ ਰਲੀਵ ਹੋ ਕੇ ਦੁਬਾਰਾ ਆਰਡਰ ਲੈ ਆਇਆ। ਮਹੀਨੇ ਤੋਂ ਉੱਪਰ ਇਥੇ ਡਿਊਟੀ ਦਿੱਤੀ ।ਰੀਲੀਵ ਹੋ ਕੇ ਦਫਤਰ ਰਿਪੋਰਟ ਦੇਣੀ ਹੁੰਦੀ ਸੀ ਤਾਂ ਜੋ ਕਿਸੇ ਹੋਰ ਖਾਲੀ ਪੋਸਟ ਤੇ ਆਰਡਰ ਮਿਲ ਸਕਣ। ਜ਼ਿਆਦਾ ਬ੍ਰੇਕ ਤੋਂ ਬਚਣ ਲਈ ਮੈਨੂੰ ਜ਼ਿਆਦਾ ਜਾਣਕਾਰ ਅਧਿਆਪਕਾਂ ਤੋਂ ਮੈਡੀਕਲ ਛੁੱਟੀਆਂ ਦਿਵਾ ਕੇ ਆਰਡਰ ਲੈ ਕੇ ਕਈ ਸਕੂਲਾਂ 'ਚ ਜਾਣਾ ਪਿਆ। ਕਲਰਕ ਹੁਣ ਜਦੋਂ ਮੈਂ ਛੁੱਟੀ ਲਿਖਾ ਕੇ ਲਿਜਾਂਦਾ ਤਾਂ ਉਸ ਆਧਾਰ ਉੱਪਰ ਮੇਰੇ ਆਰਡਰ ਕਰ ਕੇ ਦੇ ਦਿੰਦਾ ।ਪਿੰਡ ਦੇ ਡਰਾਇੰਗ ਅਧਿਆਪਕ ਸ੍ਰ. ਮੇਜਰ ਸਿੰਘ ਨੂੰ ਮੈਂ ਕਹਿ ਰੱਖਿਆ ਸੀ ਕਿ ਜਦੋਂ ਮੈਨੂੰ ਲੋੜ ਪਈ ਤਾਂ ਥੌੜੇ ਦਿਨ ਛੁੱਟੀ ਲੈ ਲੈਣੀ , ਉਸ ਨੇ ਹਾਂ ਕਰ ਦਿੱਤੀ ਸੀ। ਮੈਂ ਕਈ ਦਿਨਾਂ ਤੋਂ ਹਫਤਾ ਕੁ ਪਿੰਡ ਦੇ ਹੀ ਟੀਚਰ ਸ੍ਰੀ ਤੇਜਪਾਲ ਵਰਮਾ ਦੀ ਥਾਂ ਛੁੱਟੀ ਦਿਵਾ ਕੇ ਬਰੇਕ ਤੋੜੀ ਸੀ ਹੁਣ ਫੇਰ ਲੋੜ ਸੀ ।ਮੈਂ ਦਫਤਰ ਅਰਡਰਾਂ ਬਾਰੇ ਪਤਾ ਕਰਨ ਗਿਆ ਪਰ ਕੋਈ ਪੋਸਟ ਨਹੀਂ ਸੀ। ਮੈਂ ਆਪਣੇ ਵਲੋਂ ਅਰਜ਼ੀ ਲਿਖ ਕੇ ਕਿ ਸ.ਮਿ.ਸ.ਨੌਹਰਾ ਵਿਖੇ ਅ / ਕ ਟੀਚਰ ਕਲ੍ਹ ਤੋਂ ਛੁੱਟੀ ਤੇ ਜਾ ਰਿਹਾ ਹੈ , ਕਲਰਕ ਨੂੰ ਦੇ ਦਿੱਤੀ ਤਾਂ ਉਸ ਨੇ ਮੈਨੂੰ ਅਰਡਰ ਬਣਾ ਕੇ ਦੇ ਦਿੱਤੇ। ਜਦੋਂ ਮੈਂ ਸਕੂਲ ਹਾਜ਼ਰ ਹੋਣ ਗਿਆ ਤਾਂ ਮੇਜਰ ਸਿੰਘ ਹਾਜ਼ਰ ਸੀ। ਇੰਚਾਰਜ਼ ਵੀ ਮੈਨੂੰ ਜਾਣਦੇ ਸੀ ਸੋ ਉਹ ਹੈਰਾ ਵੀ ਹੋ ਗਏ ਕਿ ਬਿਨ੍ਹਾਂ ਛੁੱਟੀ ਭੇਜੇ ਹੀ ਆਰਡਰ ਕਰ ਦਿੱਤੇ। ਚਲੋ ਉਨ੍ਹਾਂ ਮੇਜਰ ਸਿੰਘ ਦੀ ਛੁੱਟੀ ਭਰ ਕੇ ਮੈਨੂੰ ਹਾਜ਼ਰ ਕਰਵਾ ਲਿਆ। ਹਫਤਾ ਇਸ ਸਕੂਲ 'ਚ ਲਾਇਆ ।ਇਹ ਦਿੱਤੇ ਪੈਸੇ ਦੀ ਕਰਾਮਾਤ ਸੀ। ਇਸੇ ਤਰ੍ਹਾਂ ਕੁਲਵੰਤ ਸਿੰਘ ਡਰਾਇੰਗ ਮਾਸਟਰ ਨੇ ਮੈਨੂੰ ਰਸਤੇ 'ਚ ਮਿਲਦੇ ਸਮੇਂ ਹੀ ਆਪਣੇ ਵਲੋਂ ਛੁੱਟੀ ਦੀ ਅਰਜ਼ੀ ਲਿਖ ਦਿੱਤੀ ਕਲਰਕ ਨੇ ਉਸੀ ਅਰਜ਼ੀ ਦੇ ਆਧਾਰ ਤੇ ਰਾਜਗੜ੍ਹ ਵਿਖੇ ਮੇਰੇ ਆਰਡਰ ਕਰ ਦਿੱਤੇ ।ਇਸ ਤੋਂ ਬਾਅਦ ਕਾਫੀ ਬਰੇਕ ਬਾਅਦ ਹਾੜੀ ਦੇ ਦਿਨਾਂ ਵਿੱਚ ਮੈਨੂੰ ਛੁੱਟੀ ਵਾਲੀ ਥਾਂ ਬਡਾਲੀ ਮਾਈ ਕੀ ਮਿਡਲ ਸਕੂਲ ਦੇ ਆਰਡਰ ਮਿਲ ਗਏ। ਘਰੇ ਤੂੜੀ ਦਾ ਪ੍ਰਬੰਧ ਕਰਨਾ ਸੀ ਤਾਂ ਮੈਂ ਇੱਕ ਦਿਨ ਸਕੂਲ ਹਾਜ਼ਰ ਹੋਣ ਤੋਂ ਖੁੰਝ ਗਿਆ ਮੈਂ ਸੋਚਿਆ ਇੱਕ ਦਿਨ ਨਾਲ ਕੀ ਫਰਕ ਪੈਣਾ ।ਅਗਲੇ ਦਿਨ ਮੈਂ ਸੁਵੱਖਤੇ ਹੀ ਪਰੌਂਠੇ ਬੰਨ ਕੇ ਸਾਈਕਲ ਤੇ ਪਿੰਡਾਂ ਵਿੱਚ ਦੀ ਭਾਦਸੋਂ ਹੁੰਦਾ ਹੋਇਆ ਸਰਹੰਦ ਪਹੁੰਚ ਗਿਆ ਜਿਥੋਂ ਮੈਂ ਚੁੰਨੀ ਵਾਲੀ ਸੜਕ ਪੈ ਗਿਆ ਕਿਉਂ ਕਿ ਮੈਂ ਬਡਾਲੀ ਆਲਾ ਸਿੰਘ ਪਿੰਡ ਨੂੰ ਇਸ ਰੋਡ ਉੱਪਰ ਚੰਡੀਗੜ੍ਹ ਨੂੰ ਬਸ 'ਚ ਜਾਂਦੇ ਸਮੇਂ ਦੇਖਿਆ ਹੋਇਆ ਸੀ। ਮੇਰਾ ਅੰਦਾਜ਼ਾ ਪਿੰਡ ਬਡਾਲੀ ਮਾਈ ਕੀ ਇਸ ਦੇ ਨੇੜੇ ਹੀ ਹੋਣ ਦਾ ਸੀ। ਜਿਉਂ ਹੀ ਦਿਨ ਚੜ੍ਹਦਾ ਗਿਆ ਹਵਾ ਵੀ ਮੂਹਰਲ਼ੀ ਚਲਣ ਲੱਗੀ ਸਾਈਕਲ ਜ਼ੋਰ ਨਾਲ ਚਲਾਉਣਾ ਪਿਆ। ਬਡਾਲੀ ਆਲਾ ਸਿੰਘ ਪੁੱਜ ਕੇ ਪਤਾ ਕੀਤਾ ਕਿ ਇਹ ਪਿੰਡ ਤਾਂ ਚੁੰਨੀ ਤੋਂ ਪਹਿਲਾਂ ਸੜਕ ਮੁੜ ਕੇ ਅੱਗੇ ਇਹ ਭਗੜਾਨਾ- ਜੀ.ਟੀ.ਰੋਡ ਉੱਪਰ ਜਾਕੇ ਉਸ ਸੜਕ ਉੱਪਰ ਹੈ। ਚਲੋ ਮੈਂ ਚਲ ਪਿਆ ਜੂਨ ਦਾ ਮਹੀਨਾ ਸੀ ਪਿਆਸ ਲੱਗੀ ਤਾਂ ਇੱਕ ਸੜਕ ਤੇ ਛੋਟੀ ਜਿਹੀ ਗਰੀਬ ਬਸਤੀ ਸੀ ਉਥੇ ਇੱਕ ਘਰ ਤੋਂ ਘੜੇ ਦਾ ਪਾਣੀ ਪੀਤਾ। ਜਦ ਸਕੂਲ਼ ਪੁੱਜਿਆ ਤਾਂ ਅੱਧੀ ਛੁੱਟੀ ਹੋ ਚੁੱਕੀ ਸੀ। ਸਕੂਲ ਦਾ ਸਟਾਫ ਖਾਣਾ ਖਾ ਰਿਹਾ ਸੀ। ਮੈਂ ਜਾ ਕੇ ਆਪਣੇ ਆਰਡਰਾਂ ਬਾਰੇ ਦੱਸਿਆ ਤਾਂ ਸਕੂਲ਼ ਮੁੱਖੀ ਨੇ ਦੱਸਿਆ ਕਿ 'ਆਹ ਮੈਡਮ ਕਲ੍ਹ ਹਾਜ਼ਰ ਹੋ ਗਏ ਹਨ' ।ਉਨ੍ਹਾਂ ਚਾਹ ਦਾ ਗਿਲਾਸ ਮੇਰੇ ਲਈ ਬਣਵਾ ਦਿੱਤਾ ਮੈਂ ਪਰੌਂਠੇ ਕੱਢ ਕੇ ਆਚਾਰ ਨਾਲ ਖਾ ਕੇ ਚਾਹ ਪੀਤੀ। ਇੰਚਾਰਜ਼ ਨੇ ਆਰਡਰਾਂ ਉੱਪਰ ਸਕੂਲ 'ਚ ਪੋਸਟ ਖਾਲੀ ਨਾ ਹੋਣ ਬਾਰੇ ਲਿੱਖ ਦਿੱਤਾ ।ਮੈਂ ਸਾਈਕਲ ਤੇ ਚੜ੍ਹਿਆ ਪਟਿਆਲੇ ਦਫਤਰ ਜਾਣ ਲਈ ।ਰਸਤੇ 'ਚ ਸੋਚ ਰਿਹਾ ਸੀ ਕਿ ਮੇਰੇ ਮਗਰ ਹੀ ਕਲਰਕ ਨੇ ਹੋਰ ਆਰਡਰ ਵੀ ਮੇਰੀ ਵਾਲੀ ਥਾਂ ਉੱਪਰ ਕਰ ਦਿੱਤੇ ਇਸ ਰਾਜ਼ ਨੂੰ ਕੀ ਸਮਝੀਏ , ਜੇ ਮੈਂ ਕੱਲ੍ਹ ਆ ਕੇ ਜੁਆਇਨ ਕਰ ਲੈਂਦਾ। ਜੀ.ਟੀ.ਰੋਡ ਤੇ ਜਾ ਕੇ ਮੈਂ ਬਸ ਸਟਾਪ 'ਤੇ ਰਾਜਪੁਰੇ ਦੀ ਬਸ ਲੈ ਕੇ ਸਾਈਕਲ ਕਿਸੇ ਸਵਾਰੀ ਦੀ ਮਦਦ ਨਾਲ ਉੱਪਰ ਚੜ੍ਹਵਾ ਕੇ ਬਸ 'ਚ ਬੈਠ ਗਿਆ। ਰਾਜਪੁਰੇ ਤੋਂ ਫਿਰ ਪਟਿਆਲੇ ਦੀ ਬਸ ਲੈ ਲਈ। ਪਟਿਆਲਾ ਪਹੁੰਚ ਸਾਈਕਲ ਨੂੰ ਸਿੱਧਾ ਡੀ,ਈ.ਓ. ਦਫਤਰ ਵੱਲ ਕਰ ਲਿਆ ਦਫਤਰ ਪਹੁੰਚ ਕੇ ਕਲਰਕ ਨੂੰ ਆਰਡਰ ਵਾਪਸ ਦਿੱਤੇ ਤਾਂ ਉਸ ਨੇ ਨਵੇਂ ਆਰਡਰ ਖਾਲੀ ਥਾਂ ਸ.ਮਿ.ਸ.ਮਵੀ ਕਲਾਂ ਦੇ ਕਰ ਦਿੱਤੇ ।ਇਥੇ ਮੈਂ ਹਾਜਰ ਹੋ ਕੇ ਡਿਊਟੀ ਨਿਭਾਉਣੀ ਸ਼ੁਰੂ ਕੀਤੀ। ਮੈਂ ਆਪਣੇ ਪਿੰਡ ਦੇ ਦੋਸਤ ਕੋਲ ਦੁਬਾਰਾ ਸਮਾਣੇ ਠਹਿਰ ਬਣਾ ਲਈ ।ਸ੍ਰੀ ਦਰਬਾਰ ਉਤੇ ਅਕਾਲ ਤਖਤ ਸਾਹਿਬ ਉੱਪਰ ਜਦੋਂ ਹਮਲਾ ਹੋਇਆ ਤਾਂ ਅਸੀਂ ਐਤਵਾਰ ਦੀ ਛੁੱਟੀ ਕਾਰਨ ਪਿੰਡ ਗਏ ਹੋਏ ਸੀ। ਪੰਜਾਬ ਅੰਦਰ ਕਰਫਿਊ ਲੱਗਾ ਹੋਇਆ ਸੀ। ਕਈ ਦਿਨ ਪਿੰਡ ਰੁਕਣਾ ਪਿਆ ।ਕਰਫਿਊ 'ਚ ਢਿੱਲ ਹੋਣ ਤੇ ਮੈਂ ਅਤੇ ਰਮਿੰਦਰ ਸਾਈਕਲਾਂ ਉੱਪਰ ਪਿੰਡਾਂ ਵਿੱਚ ਦੀ ਸਮਾਣੇ ਪੁੱਜ ਗਏ ।ਸਾਮ ਨੂੰ ਕਮਰੇ 'ਚ ਬੈਠਿਆਂ ਨੂੰ ਗੁਆਂਢੀ ਦੇ ਘਰੋਂ ਟੀ.ਵੀ. ਦੀ ਅਵਾਜ਼ ਅਕਾਲ ਤੱਖਤ ਦੇ ਜਥੇਦਾਰ ਦੀ ਵਾਰ-ਵਾਰ ਸੁਣਾਈ ਦੇ ਰਹੀ ਸੀ 'ਕੋਠਾ ਸਹਿਬ ਠੀਕ ਠਾਕ ਹੈ' ।ਅਗਲੇ ਦਿਨ ਦਿਨ 'ਚ ਕਰਫਿਊ 'ਚ ਢਿੱਲ ਦਿੱਤੀ ਹੋਈ ਸੀ ਮੈਂ ਸਕੂਲ ਜਾਣਾ ਸ਼ੁਰੂ ਕਰ ਦਿੱਤਾ ।ਮੈਨੂੰ 20 ਜੂਨ 1984 ਨੂੰ ਸੀਨੀਅਰ ਐਡਹਾਕ ਅਧਿਆਪਕਾ ਨੇ ਮੇਰੀ ਥਾਂ ਜੁਆਇਨ ਕਰ ਲਿਆ , ਮੈਂ ਰੀਲੀਵ ਹੋਣ ਤੇ ਡੀ.ਈ.ਓ. ਦਫਤਰ ਜਾ ਕੇ ਰੀਲੀਵਿੰਗ ਚਿੱਟ ਅਤੇ ਦੁਬਾਰਾ ਨਿਯੁਕਤੀ ਲਈ ਬੇਨਤੀ ਪੱਤਰ-ਫਾਰਮ ਭਰ ਕੇ ਕਲਰਕ ਨੂੰ ਦੇ ਦਿੱਤਾ ਪਰ ਜਿਲ੍ਹੇ 'ਚ ਕੋਈ ਪੋਸਟ ਕਿਸੇ ਕਿਸਮ ਦੀ ਵੀ ਖਾਲੀ ਨਹੀਂ ਸੀ ।ਮੈਂ ਘਰ ਜੱਦੀ ਕੰਮ ਹੋਣ ਕਾਰਨ ਵਹਿਲੇ ਸਮੇਂ ਪਿਤਾ ਜੀ ਨਾਲ ਸਿਲਾਈ ਦਾ ਕੰਮ ਕਰਾਉਂਦਾ ਸੀ। ਕਾਜ-ਬਟਨ ਤੋਂ ਸ਼ੁਰੂ ਕਰ ਕੇ ਮੈਂ ਨਾਰਮਲ ਸਿਲਾਈ ਵੀ ਸਿੱਖ ਲਈ ਸੀ ।ਸਿਲਾਈ 'ਚ ਉਸ ਸਮੇਂ ਵਧੀਆ ਦਿਹਾੜੀ ਬਣਦੀ ਸੀ ਤਨਖਾਹ ਸਿਰਫ ਸੱਤ-ਅੱਠ ਸੌ ਰੁਪਏ ਵਿਚਕਾਰ ਹੀ ਸੀ ।ਮੇਰੇ 'ਚ ਪਤਾ ਨਹੀਂ ਦੁਕਾਨ ਕਰਨ ਦਾ ਫੁਰਨਾ ਪੈਦਾ ਹੋਇਆ, ਸਾਇਦ ਮੇਰਾ ਦ੍ਰਿੜ-ਵਿਸ਼ਵਾਸ਼ ਹੀ ਮੈਨੂੰ ਏਧਰ ਲੈ ਗਿਆ ਜੋ ਅੱਜ ਵੀ ਮੇਰੀ ਜ਼ਿੰਦਗੀ ਵਿੱਚ ਅਹਿਮ ਯੋਗਦਾਨ ਪਾਉਂਦਾ ਆ ਰਿਹਾ ਹੈ ।ਨਿਯੁਕਤੀ ਲਈ ਕਈ ਮਹੀਨੇ ਦੀ ਉਡੀਕ ਪਿਛੋਂ ਮੈਂ ਅਕਤੂਬਰ ਦੇ ਅਖੀਰ 'ਚ ਸਿਲਾਈ ਦੀ ਦੁਕਾਨਐਮ.ਸੀ. ਮਾਰਕੀਟ ਘਾਹ ਮੰਡੀ ਨਾਭਾ ਵਿਖੇ ਕਿਰਾਏ ਤੇ ਦੁਕਾਨ ਲੈ ਕੇ ਆਪਣੇ ਦੋਹਾਂ ਭਰਾਵਾਂ ਹਰਭਜਨ ਸਿੰਘ ਅਤੇ ਸੁੱਖਵਿੰਦਰ ਸਿੰਘ ਬਿੱਲਾ ਨਾਲ 'ਸਟੂਡੈਂਟ ਟੇਲਰਜ਼' ਖੋਲ੍ਹ ਕੇ ਕੰਮ ਸ਼ੁਰੂ ਕਰ ਦਿੱਤਾ ।ਕੰਮ ਚੰਗਾ ਚਲਣ ਲੱਗ ਪਿਆ , ਦੁਕਾਨ ਤੇ ਦਸ ਦਸ ਕਾਰੀਗਰ ਕੰਮ ਕਰਨ ਲੱਗ ਪਏ ਸੀ ਦਿਨ ਰਾਤ ਡੱਟ ਕੇ ਕੰਮ ਕੀਤਾ , ਨਾਲ ਹੀ ਰੈਗੂਲਰ ਨੌਕਰੀ ਲਈ ਬੇਰੁਜਗਾਰ ਯੂਨੀਅਨ ਵਿੱਚ ਵੀ ਸਰਗਰਮ ਹੋ ਕੇ ਕੰਮ ਕੀਤਾ ਅਤੇ ਤਕਰੀਬਨ ਤੇਰਾਂ ਸਾਲ ਤੋਂ ਵੱਧ ਵਕਫੇ ਬਾਦ 30 ਅਪ੍ਰੈਲ 1997 ਨੂੰ ਮੁੜ ਰੈਗੂਲਰ ਨਿਯੁਕਤੀ ਹੋਣ ਤੇ ਸ.ਹ.ਸ. ਉਲਾਣਾ (ਘਨੌਰ) ਤੋਂ ਅਧਿਆਪਕ ਸੇਵਾ ਸ਼ੁਰੂ ਕੀਤੀ ।ਨਹੀਂ ਤਾਂ ਕੁਝ ਹੋਰ ਹੋਣਾ ਸੀ ਸੋ ਜਿਥੇ ਵਾਹਿਗੁਰੂ ਜੀ ਨੇ ਸੇਵਾ ਕਰਾਉਣੀ ਹੈ ਉਹ ਹਰ ਹੀਲੇ ਕਰਨੀ ਹੀ ਹੁੰਦੀ ਭਾਵੇਂ ਅਸੀਂ ਕਦੇ ਉਸ ਸੇਵਾ ਬਾਰੇ ਸੋਚਿਆਂ ਵੀ ਨਹੀਂ ਹੁੰਦਾ। ਇਸ ਕਰਕੇ ਹਮੇਸ਼ਾ ਉਸਾਰੂ ਸੋਚ ਖੁਸ਼ਹਾਲ ਜੀਵਨ ਲਈ ਸਹਾਈ ਰਹਿੰਦੀ ਹੈ।

# ਭਾਈ ਵੀਰ ਸਿੰਘ : ਸ਼ਖ਼ਸੀਅਤ ਅਤੇ ਕਾਵਿ-ਰਚਨਾ

7. ਕੰਬਦੀ ਕਲਾਈ (1933) : ਭਾਈ ਸਾਹਿਬ ਦਾ ਸਾਹਿਤਿਕ ਖੇਤਰ ਵਿਚ ਪ੍ਰਵੇਸ਼ ਕਰਨ ਸਮੇਂ ਤੋਂ ਇਹ ਨਿਯਮ ਰਿਹਾ ਸੀ ਕਿ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਉਤਸਵਾਂ ਉੱਤੇ ਸ਼ਰਧਾ ਦੇ ਫੁੱਲਾਂ ਵਜੋਂ ਉਨ੍ਹਾਂ ਸੰਬੰਧੀ ਰਚੇ ਟ੍ਰੈਕਟਾਂ ਦੇ ਅੰਤ ਵਿਚ ਅਤੇ ਖਾਲਸਾ ਸਮਾਚਾਰ ਸਪਤਾਹਿਕ ਵਿਚ ਗੀਤਾਂ ਦੇ ਰੂਪ ਵਿਚ ਸ਼ਰਧਾਂਜਲੀ ਅਰਪਿਤ ਕਰਦੇ ਸਨ। ਇਨ੍ਹਾਂ ਧਾਰਮਿਕ ਗੀਤਾਂ ਦੀ ਸੰਭਾਲ ਲਈ 1933 ਈ. ਤੱਕ ਦੇ ਰਚੇ ਚੋਣਵੇਂ ਗੀਤਾਂ ਨੂੰ @ਕੰਬਦੀ ਕਲਾਈ@ ਸੰਗ੍ਰਹਿ ਵਿਚ ਪ੍ਰਕਾਸ਼ਿਤ ਕੀਤਾ। ਸਮੇਂ ਸਮੇਂ 1938, 1950 ਅਤੇ 1968 ਵਿਚ ਇਸ ਪੁਸਤਕ ਵਿਚ ਹੋਰ ਵੀ ਗੀਤ, ਜੋ ਬਾਦ ਵਿਚ ਲਿਖੇ ਗਏ, ਸੰਕਲਿਤ ਕੀਤੇ ਗਏ।

8. ਕੰਤ ਮਹੇਲੀ ਦਾ ਬਾਰਾਂਮਾਹ : ਬਾਰਾਂਮਾਹ ਦੇ ਰੂਪ ਵਿਚ ਲਿਖੀ ਇਹ ਲੰਮੇਰੀ ਕਵਿਤਾ ਭਾਈ ਸਾਹਿਬ ਨੇ 1952 ਈ. ਵਿਚ ਪ੍ਰਕਾਸ਼ਿਤ ਕੀਤੀ ਸੀ ਜਿਸ ਵਿਚ ਪਰੰਪਰਿਕ ਅਤੇ ਪ੍ਰਚੱਲਿਤ ਕਾਵਿ-ਰੂਪ 'ਬਾਰਾਂਮਾਹ@ ਦੇ ਮਾਧਿਅਮ ਦੁਆਰਾ ਆਤਮਾ-ਪਰਮਾਤਮਾ ਦੇ ਵਿਛੋੜੇ ਦੇ ਦੁਖ ਨੂੰ ਉਲੀਕਿਆ ਗਿਆ ਹੈ।

9. ਮੇਰੇ ਸਾਈਆਂ ਜੀਓ : 'ਮੇਰੇ ਸਾਈਆਂ ਜੀਓ ਵਿਚ 72 ਕਵਿਤਾਵਾਂ ਹਨ। ਇਹ ਰਚਨਾ ਜੁਲਾਈ 1953 ਵਿਚ ਪ੍ਰਕਾਸ਼ਿਤ ਹੋਈ। ਇਸ ਵਿਚ 11 ਰੁਬਾਈਆਂ ਤੋਂ ਛੁੱਟ ਬਾਕੀ ਦੀਆਂ ਕਵਿਤਾਵਾਂ ਛੰਦਾਬੰਦੀ ਦੇ ਬੰਧਨ ਤੋਂ ਸੁਤੰਤਰ, ਮੁਕਤ-ਛੰਦ ਵਿਚ ਲਿਖੀਆਂ ਗਈਆਂ ਹਨ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਨਿੱਜੀ ਅਨੁਭਵ ਤੇ ਅਹਿਸਾਸਾਂ ਨੂੰ ਅਭਿਵਿਅਕਤੀ ਮਿਲੀ ਹੈ। ਇਸ ਰਚਨਾ ਦੀ ਵਿਸ਼ਿਸ਼ਟਤਾ ਇਹ ਹੈ ਕਿ ਇਸ ਵਿਚ ਭਾਈ ਸਾਹਿਬ ਨੇ ਖੁੱਲ੍ਹੀਆਂ ਕਵਿਤਾਵਾਂ ਦੇ ਪ੍ਰਯੋਗ ਵੀ ਕੀਤੇ ਹਨ।

10. ਖਾਲਸਾ ਸਮਾਚਾਰ ਵਿਚ ਪ੍ਰਕਾਸ਼ਿਤ ਅਤੇ ਅਸੰਕਲਿਤ ਕਵਿਤਾਵਾਂ : ਭਾਈ ਸਾਹਿਬ ਦੀਆਂ ਲਗਪਗ 354 ਕਵਿਤਾਵਾਂ ਉਨ੍ਹਾਂ ਦੇ ਸਪਤਾਹਿਕ @ਖਾਲਸਾ ਸਮਾਚਾਰ@ ਵਿਚ ਪ੍ਰਕਾਸ਼ਿਤ ਪਰ ਅਜੇ ਤੱਕ ਅਸੰਕਲਿਤ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਤੋਂ ਛੁੱਟ ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ 20 ਨਜ਼ਦੀਕੀ ਮਿੱਤਰਾਂ ਦੇ ਅੰਤਿਮ ਵਿਛੋੜੇ ਸਮੇਂ ਸ਼ਰਧਾਂਜਲੀ ਵਜੋਂ @ਖਾਲਸਾ ਸਮਾਚਾਰ@ ਵਿਚ ਪ੍ਰਕਾਸ਼ਿਤ ਮਿਲਦੀਆਂ ਹਨ। ਜਿਵੇਂ ਪ੍ਰੋ. ਪੂਰਨ ਸਿੰਘ, ਸ. ਹਰਬੰਸ ਸਿੰਘ ਅਟਾਰੀ ਵਾਲੇ, ਸਰਦਾਰ ਸੁੰਦਰ ਸਿੰਘ ਮਜੀਠੀਆ, ਸਰਦਾਰ ਤਰਲੋਚਨ ਸਿੰਘ ਦੀ ਯਾਦ ਵਿਚ ਲਿਖੀਆਂ ਕਵਿਤਾਵਾਂ।

ਭਾਈ ਸਾਹਿਬ ਦੀਆਂ ਕੁਝ ਕਵਿਤਾਵਾਂ ਉਨ੍ਹਾਂ ਦੇ ਅਕਾਲ ਚਲਾਣੇ ਤੱਕ ਅਪ੍ਰਕਾਸਿਤ ਰਹਿ ਗਈਆਂ ਸਨ, ਜਿਨ੍ਹਾਂ ਨੂੰ @ਖਾਲਸਾ ਸਮਾਚਾਰ@ ਵਿਚ ਵੀ ਪ੍ਰਕਾਸ਼ਿਤ ਨਹੀਂ ਸੀ ਕੀਤਾ ਜਾ ਸਕਿਆ। ਇਨ੍ਹਾਂ ਵਿਚੋਂ ਬਹੁਤ ਸਾਰੀਆਂ ਕਵਿਤਾਵਾਂ 15.8.1957 ਤੋਂ ਲੈ ਕੇ 21.12.1967 ਤੱਕ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਸਨ। ਇਨ੍ਹਾਂ ਵਿਚ ਛੋਟੀਆਂ ਕਵਿਤਾਵਾਂ ਤੋਂ ਛੁੱਟ 9 ਲੰਮੇਰੀਆਂ ਕਵਿਤਾਵਾਂ—ਮਿੱਠੀਆਂ ਉਡੀਕਾਂ, ਅਰਦਾਸ, ਬਿਹਬਲ ਹਿਰਨੀ ਤੇ ਕੋਇਲ, ਫਰਿਆਦ, ਦੁਮੇਲ ਦੇ ਪਾਣੀਆਂ ਦਾ ਨਾਦ, ਸੌਦਾਗਰੀ ਬੀਸਾ, ਇਹ ਨੈਣ ਬਿਦੋਸੇ, ਆਗਤ ਪਤਿਕਾ ਅਤੇ ਢੋਲਣ ਆਇਆ ਪ੍ਰਾਪਤ ਹੁੰਦੀਆਂ ਹਨ।

ਭਾਈ ਸਾਹਿਬ ਦੀਆਂ ਕਾਵਿ-ਰਚਨਾਵਾਂ ਦੀ ਪ੍ਰਕਾਸ਼ਨਾ ਵਿਚ ਕਈ-ਕਈ ਸਾਲਾਂ ਦਾ ਵਕਫ਼ਾ ਮਿਲਦਾ ਹੈ। ਇਸ ਵਕਫ਼ੇ ਸੰਬੰਧੀ ਟਿੱਪਣੀ ਕਰਦਿਆਂ ਹੋਇਆਂ ਡਾ. ਗੁਰਚਰਨ ਸਿੰਘ ਮਹਿਤਾ ਲਿਖਦਾ ਹੈ ਕਿ ਭਾਈ ਸਾਹਿਬ ਨਿਰੰਤਰ ਲਿਖਦੇ ਤਾਂ ਰਹਿੰਦੇ ਸਨ ਪਰ ਉਨ੍ਹਾਂ ਨੂੰ ਰਚਨਾਵਾਂ ਪ੍ਰਕਾਸ਼ਿਤ ਕਰਵਾਉਣ ਦੀ ਕਾਹਲ ਨਹੀਂ ਸੀ ਹੁੰਦੀ। ਉਨ੍ਹਾਂ ਦਾ ਵਿਚਾਰ ਸੀ ਕਿ ਰਚਨਾ ਨੂੰ ਲਿਖ ਕੇ ਇਕ ਪਾਸੇ ਰੱਖ ਦੇਣਾ ਚਾਹੀਦਾ ਹੈ ਤੇ ਪਿਛੋਂ ਕੁਝ ਦੇਰ ਬਾਦ ਉਸ ਨੂੰ ਸੋਧ ਕੇ ਪਾਠਕਾਂ ਸਾਹਮਣੇ ਪੇਸ਼ ਕਰਨਾ ਚਾਹੀਦਾ ਹੈ। ਉਹ ਸਮਝਦੇ ਸਨ ਕਿ ਕਲਾਕਾਰ ਨੂੰ ਰਚਨਾ ਕਰਨ ਵੇਲੇ ਜੋ ਅੰਦਰੂਨੀ ਰਸ ਪ੍ਰਾਪਤ ਹੁੰਦਾ ਹੈ, ਉਸੇ ਲਈ ਕਲਾਕਾਰ ਨੂੰ ਲਿਖਣਾ ਚਾਹੀਦਾ ਹੈ। ਇਥੋਂ ਸਿੱਧ ਹੁੰਦਾ ਹੈ ਕਿ ਭਾਈ ਸਾਹਿਬ ਕਾਵਿ-ਕਲਾ ਨੂੰ ਕਈ ਦੁਜੈਲਾ ਜਾਂ ਗੌਣ ਦਰਜਾ ਨਹੀਂ ਦਿੰਦੇ ਸਨ, ਸਗੋਂ ਪ੍ਰਾਥਮਿਕ ਅਤੇ ਮਹੱਤਵਪੂਰਨ ਸਥਾਨ ਪ੍ਰਦਾਨ ਕਰਦੇ ਸਨ।

ਡਾ. ਗੁਰਚਰਨ ਸਿੰਘ ਮਹਿਤਾ ਨੇ ਭਾਈ ਵੀਰ ਸਿੰਘ ਦੀ ਕਾਵਿ-ਸਾਧਨਾ ਨੂੰ ਤਿੰਨ ਵਿਕਾਸ-ਸਥਿਤੀਆਂ ਵਿਚ ਵਿਭਾਜਤ ਕਰਕੇ ਦੇਖਿਆ ਹੈ। ਉਸ ਅਨੁਸਾਰ 1890 ਤੋਂ ਲੈ ਕੇ 1901 ਈ. ਤੱਕ ਭਾਈ ਸਾਹਿਬ ਦੀ ਕਾਵਿ-ਸਾਧਨਾ ਦੀ ਪਹਿਲੀ ਵਿਕਾਸ ਸਥਿਤੀ ਹੈ। ਇਸ ਨੂੰ ਉਸ ਨੇ 'ਕਾਵਿ-ਅਭਿਆਸ ਕਾਲ@ ਵੀ ਕਿਹਾ ਹੈ। ਇਸ ਸਮੇਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਧਾਰਮਿਕ ਪੁਨਰ ਉੱਥਾਨ, ਵਿਅਕਤੀ ਅਤੇ ਸਮਾਜ ਦੇ ਸੁਧਾਰ ਦੀ ਪ੍ਰਵਿਰਤੀ ਦਾ ਜ਼ੋਰ ਸੀ। ਇਸ ਪ੍ਰਭਾਵ ਅਧੀਨ ਭਾਈ ਸਾਹਿਬ ਨੇ ਗੁਰੂ-ਉਪਾਸ਼ਨਾ ਦੇ ਗੀਤ ਲਿਖਣੇ ਸ਼ੁਰੂ ਕੀਤੇ ਜੋ ਗੁਰਪੁਰਬ ਦੇ ਮੌਕਿਆਂ ਤੇ ਛਪਦੇ ਸਨ। ਇਨ੍ਹਾਂ ਗੀਤਾਂ ਵਿਚ ਉਪਭਾਵੁਕਤਾ ਪ੍ਰਧਾਨ ਹੈ, ਪਰੰਤੂ ਨਿਰਮਲ ਜਜ਼ਬੇ ਅਤੇ ਸਚਾਈ ਦੇ ਜ਼ੋਰ ਕਾਰਨ ਇਨ੍ਹਾਂ ਵਿਚ ਪਾਠਕਾਂ ਨੂੰ ਟੁੰਬਣ ਦੀ ਸ਼ਕਤੀ ਹੈ। ਭਾਈ ਸਾਹਿਬ ਦੇ ਕਾਵਿ-ਵਿਕਾਸ ਦਾ ਦੂਜਾ ਚਰਣ 1902 ਤੋਂ 1905 ਈ. ਤੱਕ ਚਲਦਾ ਹੈ। ਇਸ ਨੂੰ 'ਨਿਰਮਾਣ ਕਲਾ@ ਦਾ ਨਾਮ ਦਿੱਤਾ ਜਾ ਸਕਦਾ ਹੈ। ਕਾਵਿ-ਵਿਕਾਸ ਦੇ ਇਸ ਦੂਜੇ ਚਰਣ ਵਿਚ ਭਾਈ ਸਾਹਿਬ ਨੇ @ਰਾਣਾ ਸੂਰਤ ਸਿੰਘ' ਦੀ ਸਿਰਜਣਾ ਕੀਤੀ। ਇਹ ਰਚਨਾ ਸਮੁੱਚੇ ਪੰਜਾਬੀ ਕਾਵਿ ਵਿਚ ਇਕ ਮੀਲ-ਪੱਥਰ ਹੈ। ਰਾਣਾ ਸੂਰਤ ਸਿੰਘ ਦਾ ਕੇਂਦਰੀ ਬਿੰਦੂ ਸੁਨਿਸ਼ਚਿਤ ਵਿਅਕਤੀ ਦੀ ਅਟੁੱਟ ਮਾਨਸਿਕ ਵੇਦਨਾ ਅਤੇ ਅਨੰਤ ਦੀ ਭਾਲ ਹੈ। ਇਸ ਦਾ ਆਧਾਰ ਭਾਈ ਸਾਹਿਬ ਦਾ ਗੰਭੀਰ ਜੀਵਨ ਦਰਸ਼ਨ ਹੈ, ਜਿਸ ਵਿਚ ਸਿੱਖ ਅਧਿਆਤਮਕਤਾ ਦੇ ਤੱਤ ਵਿਸ਼ੇਸ਼ ਰੂਪ ਵਿਚ ਸਮਾਏ ਹੋਏ ਹਨ। ਇਸ ਰਚਨਾ ਵਿਚ ਭਾਈ ਸਾਹਿਬ ਦੀ ਕਲਾ ਤੇ ਸ਼ੈਲੀ ਵੀ ਨਿੱਖਰਨ ਲੱਗਦੀ ਹੈ। ਇਸ ਮਹਾਂਕਾਵਿ ਦਾ ਵਾਹਣ ਸਿਰਖੰਡੀ ਛੰਦ ਹੈ, ਜਿਸ ਦੇ ਪ੍ਰਬੰਧ ਵਿਚ ਆਇਆ ਹਰ ਸ਼ਬਦ ਵਿਸਮਾਦ ਪੈਦਾ ਕਰਕੇ ਟਿਕਾਓ ਦੀ ਸਥਿਤੀ ਉਤਪੰਨ ਕਰਦਾ ਹੈ। ਸਮੁੱਚੀ ਰਚਨਾ ਨੂੰ ਇਕੋ ਰਸ ਅਤੇ ਇਕੋ ਭਾਵਨਾਤਮਕ ਪੱਧਰ ਤੇ ਨਿਭਾਉਣ ਦਾ ਯਤਨ ਕੀਤਾ ਗਿਆ ਹੈ।

ਭਾਈ ਵੀਰ ਸਿੰਘ-ਕਾਵਿ ਦੇ ਵਿਕਾਸ ਦੀ ਤੀਜੀ ਸਥਿਤੀ 1906 ਤੋਂ 1956 ਈ. ਤੱਕ ਚਲਦੀ ਹੈ। ਇਸ ਨੂੰ ਭਾਈ ਸਾਹਿਬ ਦੀ ਕਾਵਿ-ਸਾਧਨਾ ਦਾ @ਪ੍ਰੌਢ ਕਾਲ@ ਅਥਵਾ @ਉਤਕਰਸ਼ ਕਾਲ@ ਕਿਹਾ ਜਾ ਸਕਦਾ ਹੈ। ਇਸ ਕਾਲ ਵਿਚ ਭਾਈ ਸਾਹਿਬ ਨੇ ਪੰਜ ਕਾਵਿ-ਕਿਰਤਾਂ 'ਲਹਿਰਾਂ ਦੇ ਹਾਰ@, 'ਮਟਕ ਹੁਲਾਰੇ@, 'ਬਿਜਲੀਆਂ ਦੇ ਹਾਰ, ਕੰਬਦੀ ਕਲਾਈ, 'ਮੇਰੇ ਸਾਈਆਂ ਜੀਓ ਅਤੇ ਦੋ ਲੰਮੇਰੀਆਂ ਕਵਿਤਾਵਾਂ @ਪ੍ਰੀਤ ਵੀਣਾ' ਅਤੇ @ਕੰਤ ਮਹੇਲੀ@ ਪੰਜਾਬੀ ਪਾਠਕਾਂ ਨੂੰ ਪ੍ਰਦਾਨ ਕੀਤੀਆਂ। ਇਨ੍ਹਾਂ ਰਚਨਾਵਾਂ ਵਿਚ ਭਾਈ ਵੀਰ ਸਿੰਘ ਜੀਵਨ-ਰਹੱਸ ਨੂੰ ਸਮਝਣ ਦਾ, ਜੀਵਨ ਜੀਣ ਦੇ ਰਹੱਸ ਨੂੰ ਸਮਝਾਉਣ ਦਾ ਅਤੇ ਜੀਵਨ ਰਹੱਸ ਨੂੰ ਕਲਾ-ਰਹੱਸ ਨਾਲ ਇੱਕਮਿੱਕ ਕਰਨ ਦਾ ਯਤਨ ਕਰਦੇ ਹਨ। ਇਨ੍ਹਾਂ ਕਵਿਤਾਵਾਂ ਵਿਚ ਉਹ ਸਪਸ਼ਟ ਕਰਦੇ ਹਨ ਕਿ ਜੀਵਨ ਆਦਰਸ਼ @ਖੇੜਾ@ ਹੈ। ਇਸ ਦੀ ਪ੍ਰਾਪਤੀ ਦਾ ਸਾਧਨ ਵਿਸਮਾਦ ਅਤੇ ਮਸਤੀ ਹੈ। ਇਸ ਪ੍ਰੇਮ ਦਾ ਮੂਲ ਰੂਪ ਆਨੰਦ ਨੂੰ ਯਾਦ ਰੱਖਦਿਆਂ ਕੁਦਰਤ ਤੇ ਮਨੁੱਖ ਨਾਲ ਕੋਮਲਤਾ ਭਰਪੂਰ ਸਾਂਝ ਅਤੇ ਵਤੀਰਾ ਹਨ। ਇਨ੍ਹਾਂ ਰੇਖਾਵਾਂ ਨੂੰ ਲੈ ਕੇ ਭਾਈ ਸਾਹਿਬ ਅਧਿਆਤਮਕ ਅਨੁਭਵ ਦੀਆਂ ਡੂੰਘਾਈਆਂ ਵਿਚ ਉਤਰਨ ਲੱਗਦੇ ਹਨ ਅਤੇ ਆਦਰਸ਼ ਦੇ ਸੁਪਨੇ ਉਲੀਕਣੇ ਸ਼ੁਰੂ ਕਰ ਦਿੰਦੇ ਹਨ। ਇਸ ਪੜਾਅ ਤੋਂ ਹੀ ਭਾਈ ਸਾਹਿਬ ਦੀ ਕਵਿਤਾ ਸਥੂਲ ਤੋਂ ਸੂਖਮ ਵੱਲ, ਦ੍ਰਿਸ਼ਟ ਤੋਂ ਅਦ੍ਰਿਸ਼ਟ ਵੱਲ ਅਤੇ ਗੋਚਰ ਤੋਂ ਅਗੋਚਰ ਵੱਲ ਵਧਦੀ ਹੈ।

ਇਨ੍ਹਾਂ ਕਵਿਤਾਵਾਂ ਦੀ ਰਚਨਾਤਮਕ ਪ੍ਰਕ੍ਰਿਆ ਦੇ ਦੌਰਾਨ ਆਪ ਦੇ ਮਨ-ਮਸਤਕ ਵਿਚ ਸਿੱਖ ਦਰਸ਼ਨ, ਗੁਰੂ ਬਾਣੀ ਅਤੇ ਭਾਰਤੀ ਰਹੱਸਵਾਦ ਵਿਸ਼ੇਸ਼ ਰੂਪ ਵਿਚ ਮੌਜੂਦ ਰਹੇ ਹਨ। ਇਸੇ ਲਈ ਇਸ ਕਾਲ ਦੇ ਦੌਰਾਨ ਆਪ ਵਲੋਂ ਰਚੀ ਗਈ ਹਰ ਕਵਿਤਾ ਅਨੁਭਵ ਦੀਆਂ ਇਨ੍ਹਾਂ ਪ੍ਰਨਾਲੀਆਂ ਦੇ ਖੇਤਰ ਵਿਚ ਆ ਟਿਕਦੀ ਹੈ। ਆਪਣੇ ਯੁੱਗ ਦੇ ਪਰੰਪਰਿਕ ਕਵੀਆਂ ਵਾਂਗ ਭਾਈ ਸਾਹਿਬ ਨੇ ਅਚੇਤ ਤੌਰ ਤੇ ਹੀ ਇਨ੍ਹਾਂ ਅਨੁਭਵ-ਪ੍ਰਨਾਲੀਆਂ ਨੂੰ ਆਪਣੀ ਅਭਿਵਿਅਕਤੀ ਦਾ ਪ੍ਰੇਰਨਾ-ਸਰੋਤ ਨਹੀਂ ਬਣਾਇਆ, ਸਗੋਂ ਬੜੇ ਸੁਚੇਤ ਰੂਪ ਵਿਚ ਆਪ ਨੇ ਭੌਤਿਕ ਅਤੇ ਅਧਿਆਤਮਕ ਜੀਵਨ ਦੇ ਪ੍ਰਸੰਗ ਵਿਚ ਆਪਣੀਆਂ ਪ੍ਰਤੀਕ੍ਰਿਆਵਾਂ ਨੂੰ ਉਕਤ-ਕਥਿਤ ਅਨੁਭਵ ਪ੍ਰਨਾਲੀਆਂ ਨਾਲ ਜੋੜਿਆ ਹੈ। ਜੋੜਨ ਦੀ ਇਸ ਪ੍ਰਕ੍ਰਿਆ ਵਿਚ ਕੇਵਲ ਅਨੁਕਰਣ ਜਾਂ ਅਨੁਸਰਣ ਦੇ ਭਾਵ ਹੀ ਪ੍ਰਮੁੱਖ ਨਹੀਂ ਰਹੇ, ਸਗੋਂ ਵਿਸ਼ਲੇਸ਼ਣ, ਵਿਵੇਚਨ ਅਤੇ ਤੁਲਨਾਤਮਕ ਅਧਿਐਨ ਦੁਆਰਾ ਭਾਈ ਵੀਰ ਸਿੰਘ ਨੇ ਆਪਣੇ ਅਨੁਭਵ ਅਤੇ ਅਭਿਵਿਅਕਤੀ ਨੂੰ ਆਪਣੇ ਵਿਅਕਤਿਤਵ ਦੀ ਪ੍ਰਮਾਣਿਕਤਾ ਅਤੇ ਯੁੱਗ ਦੀ ਪ੍ਰਾਸੰਗਕਤਾ ਪ੍ਰਦਾਨ ਕੀਤੀ ਹੈ। ਇਹ ਸਭ ਕੁਝ ਕਰਨ ਵਿਚ ਭਾਈ ਸਾਹਿਬ ਨੇ ਇਕ ਸਮਰੱਥ ਅਤੇ ਪ੍ਰਤਿਭਾ-ਸੰਪੰਨ ਕਲਾ-ਸ਼ਾਸਤਰੀ ਹੋਣ ਦਾ ਪਰਿਚੈ ਦਿੱਤਾ ਹੈ। ਕਾਵਿ ਦੀ ਆਤਮਾ, ਇਸ ਦੇ ਸੌਂਦਰਯ ਅਤੇ ਇਸ ਦੇ ਹੋਰ ਨਿਰਮਾਣਕਾਰੀ ਤੱਤਾਂ ਬਾਰੇ ਬੜੇ ਮੌਲਿਕ ਅਤੇ ਮਹੱਤਵਪੂਰਨ ਸਿਧਾਂਤ ਪ੍ਰਸਤੁਤ ਕੀਤੇ ਹਨ। ਇਨ੍ਹਾਂ ਸਿਧਾਂਤਾਂ ਨੂੰ ਅਸੀਂ ਪੱਛਮੀ ਅਤੇ ਭਾਰਤੀ ਕਾਵਿ-ਸਿਧਾਂਤਾਂ ਨਾਲ ਤੁਲਨਾ ਦਾ ਵਿਸ਼ਾ ਵੀ ਬਣਾ ਸਕਦੇ ਹਾਂ। ਇਨ੍ਹਾਂ ਵਿਚ ਕੁਝ ਸਮਾਨਤਾਵਾਂ ਤੇ ਵਿਰੋਧ ਲੱਭੇ ਜਾ ਸਕਦੇ ਹਨ ਪਰ ਪ੍ਰਮੁੱਖ ਤੌਰ ਤੇ ਇਹੀ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਦੇ ਕਾਵਿ-ਸਿਧਾਂਤ ਭੌਤਿਕ ਅਤੇ ਅਧਿਆਤਮਕ ਜਗਤ ਪ੍ਰਤੀ ਆਪਣੀ ਨਿਵੇਕਲੀ ਅਤੇ ਵਿਲੱਖਣ ਪਹੁੰਚ ਦੇ ਪਰਿਚਾਇਕ ਅਥਵਾ ਲਖਾਇਕ ਹਨ।

# ਕੈਨੇਡਾ ਦਾ ਵੀਜਾ ਤੇ ਸਬਰ ਦਾ ਸੀਰ




ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਮੋ 78374 90309
Adv.dhaliwal@gmail.com

ਭਗਵਾਨ ਸਿੰਘ ਦੇ ਛੋਟੇ ਭਰਾ ਈਸ਼ਰ ਸਿੰਘ ਦਾ ਮੁੰਡਾ ਕੈਨੇਡਾ ਜਾਣ ਲਈ ਘਰ ਵਿੱਚ ਰੋਜ ਕਲੇਸ਼ ਕਰਦਾ ਸੀ । ਸਾਂਝੇ ਪਰਿਵਾਰ ਦੇ ਹੁੰਦਿਆ ਵੀ ਭਗਵਾਨ ਸਿਆ ਨੇ ਕਦੇ ਦਖਲ ਅੰਦਾਜੀ ਨਾ ਕੀਤੀ । ਪਿੰਡ ਦੇ ਨੰਬਰਦਾਰ ਹੋਣ ਕਰਕੇ ਗੱਲ ਨੂੰ ਦਬਾ ਕੇ ਰੱਖਣ ਵਿੱਚ ਹੀ ਭਲਾਈ ਜਾਪੀ । ਡਿਟੀਜਲ ਯੁੱਗ ਦੀ ਪੀੜੀ ਵਿਰਾਸਤੀ ਅਹੁਦੇਦਾਰੀਆਂ ਨੂੰ ਵਾਧੂ ਕੰਮਾਂ ਹੀ ਸਮਝਦੇ ਹਨ।

ਚੰਗੀ ਖੇਤੀ ਸਦਕਾ ਸਾਝਾ ਪਰਿਵਾਰ ਵਧੀਆ ਗੁਜਾਰਾ ਕਰ ਰਿਹਾ ਸੀ । ਭਗਵਾਨ ਸਿਆ ਏਕੇ ਦੀ ਬਰਕਤ ਨੂੰ ਮੰਨਦਿਆ ਕਦੇ ਵੰਡ ਵੰਡਾਈ ਬਾਰੇ ਸੋਚਿਆ ਵੀ ਨਹੀਂ , ਸਗੋਂ ਮਦਦ ਲਈ ਹਮੇਸ਼ਾ ਪਹਿਲ ਕਰਦਾ । ਈਸ਼ਰ ਸਿਆਂ ਇਕਲੌਤੇ ਮੁੰਡੇ ਦੀ ਜਿੱਦ ਅੱਗੇ ਝੁਕਦਿਆ ਵਿਦੇਸ ਭੇਜਣ ਦੀ ਹਾਮੀ ਭਰ ਬੈਠਾ । ਉਧਰੋ ਆੜਤੀਆਂ ਨੇ ਲੱਖਾਂ ਰੁਪਏ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਕਨੇਡਾ ਜਾਣ ਵਾਲੀ ਗੱਲ ਨੂੰ ਵਜਨੀ ਆਖਦਿਆ ਜ਼ਮੀਨ ਵੇਚ ਕੇ ਮੁੰਡੇ ਦੇ ਸੁਨਹਿਰੀ ਭਵਿੱਖ ਬਣਾਉਣ ਦੀ ਸੁਲਹਾ *ਜਰੂਰ ਮਾਰੀ । ਇਹ ਗੱਲ ਵੀ ਕੰਨੀ ਪਾਉਣੋ ਨਾ ਟਲਿਆ ਜਮੀਨਾਂ ਤਾ ਡਾਲਰਾਂ ਦੀ ਕਮਾਈ ਨਾਲ ਜਦ ਮਰਜ਼ੀ ਖਰੀਦ ਸਕਦੇ ਹੋ । ਖੁਦ ਆੜਤੀਏ ਦਾ ਮੁੰਡਾ ਏ.ਸੀ ਕਮਰੇ ਵਿੱਚ ਬੈਠਾ ਲੋਕਾਂ ਦੇ ਵਿਆਜੂ ਪੈਸੇ ਦਾ ਹਿਸਾਬ ਨਿਬੇੜਨ ਵਿੱਚ ਮਗਨ ਸੀ । ਉਸ ਨੂੰ ਦੇਖ ਕੇ ਈਸ਼ਰ ਕਰਮੇ ਨੂੰ ਹੁੱਜ ਮਾਰ ਕੇ ਕਹਿੰਦਾ ਬਈ ਜਿਹਨੂੰ ਕੰਮ ਦਾ ਤਰੀਕਾ ਉਹਦਾ ਇੱਥੇ ਹੀ ਮਰੀਕਾ

ਈਸ਼ਰ ਸਿੰਘ ਘਰ ਬੜਦਿਆ ਹੀ ਆਪਣਾ ਹਿੱਸਾ ਦੇਣ ਲਈ ਆਖ ਦਿੱਤਾ । ਲਾਣੇਦਾਰ ਅਚੰਬਤ ਹੋ ਕੇ ਬੋਲਿਆ , ਕਿ ਵੰਡ ਵੰਡਾਈ ਤਾਂ ਕਰਨਾ ਹੀ ਸੀ ਪਰ ਆਪਣੇ ਜਿਉਦੇ ਜੀ ਅਜਿਹਾ ਕਦੇ ਨਹੀਂ ਸੋਚਿਆ ਸੀ । ਭਗਵਾਨ ਸਿਆ ਸੀਰੀ ਨਾਲ ਦਿਲ ਦੀਆਂ ਗੱਲਾਂ ਕਰ ਲੈਂਦਾ ਜੋ ਭਾਵੇਂ ਉਮਰ ਵਿੱਚ ਛੋਟਾ ਪਰ ਗਰੀਬੀ ਤੇ ਜਿੰਮੇਵਾਰੀ ਨੇ ਸਿਆਣਾ ਬਣਾ ਦਿੱਤਾ । ਇਹ ਮਸਲਾ ਬਾਰੇ ਵੀ ਸੀਰੀ ਨੇ ਖੇਤ ਜਾਂਦੇ ਵੇਲੇ ਵਾਰਤਾਲਾਪ ਸੁਰੂ ਕਰਨੀ ਚਾਹੀ, ਪਰ ਭਗਵਾਨ ਸਿਹਾਂ ਨੇ ਅਣਗੌਲਿਆ ਕਰ ਦਿੱਤਾ । ਕਿਉਂਕਿ ਹੁਣ ਤੱਕ ਘਰੋ ਇਸ ਬਾਬਤ ਕੋਈ ਗੱਲ ਨਹੀ ਸੀ ਚੱਲੀ । ਖਾਦ ਦੀ ਟਰਾਲੀ ਖਾਲੀ ਕਰਦੇ ਸੀਰੀ ਨੂੰ ਵੱਡੇ ਸਰਦਾਰ ਨੂੰ ਬੁਲਾਉਣ ਲਈ ਕਿਹਾ ਤਾਂ ਜੋ ਜਮੀਨ ਦੀ ਤਕਸੀਮ ਨੂੰ ਸੁਲਝਾਇਆ ਜਾ ਸਕੇ । ਰੱਬ ਦੇ ਭਾਣੇ ਮੰਨਣ ਵਾਲਾ ਭਗਵਾਨ ਸਿਆ ਪਿਤਾ ਦੇ ਬੋਲਾ ਨੂੰ ਹੁਕਮ ਮੰਨਦਿਆ ਉੱਠ ਕੇ ਚਲਾ ਗਿਆ ਤੇ ਖਾਦ ਦੀਆਂ ਬੋਰੀਆਂ ਗਿਣਨ ਲੱਗਾ । ਸੀਰੀ ਵਿੱਚੋਂ ਟੋਕਦਿਆਂ ਕਿਹਾ ਸਰਦਾਰ ਜੀ ਪੂਰੀਆਂ ਹਨ ਤੁਸੀਂ ਆਪਣਾ ਹਿੱਸਾ ਪੂਰਾ ਕਰਵਾ ਲੈਣਾ ਅੱਜ ਪਹਿਲੀ ਵਾਰ ਪਰਿਵਾਰ ਦੀ ਗੱਲ ਦੂਜੇ ਦੇ ਮੂੰਹੋਂ ਸੁਣ ਭਗਵਾਨ ਸਿਆ ਨੂੰ ਨੀਵਾ ਮਹਿਸੂਸ ਹੋਇਆ ਜਦੋਂ ਕਿ ਉਸ ਨੂੰ ਜਮੀਨ ਦੀ ਵੰਡ ਦਾ ਕੋਈ ਮਲਾਲ ਨਹੀਂ ਸੀ ।

ਪੜ੍ਹੇ ਲਿਖੇ ਹੋਣ ਦੇ ਨਾਤੇ ਛੋਟਾ ਭਰਾ ਘਰ ਤੇ ਬਾਹਰਲੇ ਕੰਮਾਂ ਨੂੰ ਸੰਭਾਲਦਾ। ਭਗਵਾਨ ਸਿਆ ਨੂੰ ਖੇਤੀ ਵਿੱਚ ਚੰਗੀ ਮੁਹਾਰਤ ਸੀ ਫਿਰ ਵੀ ਘਰਵਾਲੀ ਨੂੰ ਵੰਡ ਵੰਡਾਈ ਦੀ ਚਿੰਤਾ ਸਤਾਉਣ ਲੱਗੀ ਕਿਉਂਕਿ ਪਿਤਾ ਦਾ ਝੁਕਾਅ ਛੋਟੇ ਭਰਾ ਵੱਲ ਜਿਆਦਾ ਸੀ ਤੇ ਉਹਨਾ ਹੁੰਦਿਆ ਜਮੀਨ ਦੇ ਦੋ ਨਹੀ ਤਿੰਨ ਹਿੱਸੇ ਹੋਣੇ ਸਨ । ਅੱਜ ਭਗਵਾਨ ਸਿਆਂ ਮਾਂ ਨੂੰ ਯਾਦ ਕਰਦਿਆਂ ਦਿਨ ਢਲੇ ਟਾਹਲੀ ਵਾਲੇ ਖੇਤ ਵਿੱਚ ਚਲਾ ਗਿਆ ਜਿੱਥੇ ਮਾਂ ਦੇ ਬਰਾਬਰ ਵੰਡ ਦੇ ਬੋਲ ਪੱਤਿਆ ਦੀ ਗੂੰਜ ਵਿੱਚ ਟੁਣਕਦੇ ਕੰਨੀ ਪੈ ਰਹੇ ਸਨ ਕਿ ਤੇਰਾ ਪਿਓ ਜੋ ਮਰਜੀ ਕਰ ਲਵੇ ਮੈ ਜਮੀਨ ਹੀ ਨਹੀ ਖੇਤੀ ਦੇ ਸੰਦ ਅਤੇ ਘਰ ਦਾ ਸਮਾਨ ਵੀ ਬਰਾਬਰ ਹਿੱਸੇ ਵਿੱਚ ਵੰਡਣੇ ਏ

ਭਗਵਾਨ ਸਿਹਾਂ ਨੂੰ ਟਿੱਬਿਆਂ ਵਾਲੇ ਟੱਕ ਵਿੱਚੋਂ ਜਿਆਦਾ ਹਿੱਸਾ ਦੇ ਕੇ ਬਰਾਬਰ ਕਰਨ ਦੀ ਕੋਸਿਸ ਕੀਤੀ । ਜਦੋਂ ਕਿ ਛੋਟੇ ਸਰਦਾਰ ਨੂੰ ਜਰਨੈਲੀ ਸੜਕ ਦੇ ਨਾਲ ਲੱਗਦਾ ਨੀਵਾਂ ਟੱਕ ਤੇ ਪਿਤਾ ਨੇ ਆਪਣਾ ਹਿੱਸਾ ਵੀ ਦੇ ਦਿੱਤਾ । ਭਾਵੇ ਹਿੱਸਾ ਘੱਟ ਸੀ ਪਰ ਉਸਦੀ ਅਸਮਾਨ ਛੂਹਦੀ ਕੀਮਤ ਨੇ ਸਭ ਘਾਟੇ ਪੂਰੇ ਕਰ ਦੇਣੇ ਸਨ । ਕੁਝ ਦਿਨਾਂ ਬਾਅਦ ਹੀ ਲਾਣੇਦਰ ਭਗਵਾਨ ਸਿਆਂ ਦੇ ਕੋਲ ਬੈਠਾ ਉਸ ਦੀ ਮਿਹਨਤ ਤੇ ਲਿਆਕਤ ਦੇ ਗੁਣਗਾਨ ਕਰ ਰਿਹਾ ਸੀ । ਚਾਹ ਦਾ ਗਿਲਾਸ ਫੜੀ ਸੁਹਾਗੇ ਉਪਰ ਬੈਠਾ ਸੀਰੀ ਲਾਣੇਦਾਰ ਨੂੰ ਟੋਕਦਿਆਂ ਬੋਲਿਆ ਸਰਦਾਰ ਜੀ ਸਿੱਧੀਆ ਨੀਤੀ ਨੂੰ ਹੀ ਫਲ ਲੱਗਦਾ ਦੇਖਣਾ ਮੈਂ ਤੇ ਸਰਦਾਰ ਜੀ ਨੇ ਉਸ ਟਿੱਬਿਆਂ ਵਿੱਚ ਬਰਸੀਮ ਉਗਣ ਲਾ ਦੇਣਾ ਹੈ

ਸਵਖਤੇ ਹੀ ਸੀਰੀ ਤੇ ਭਗਵਾਨ ਸਿਹਾ ਤਕਸੀਮ ਮਗਰੋ ਮਿਲੇ ਖੇਤਾ ਲਈ ਫਸਲਾਂ ਦੀ ਵਿਉਂਤਬੰਦੀ ਕਰਨ ਚਲੇ ਗਏ। ਅੱਜ ਟਿੱਬਿਆਂ ਵਾਲੇ ਟੱਕ ਲਈ ਵੀ ਚਿੰਤਾ ਦਿਖਾਈ ਦਿੱਤੀ ਜਿਸ ਵੱਲ ਪਹਿਲਾਂ ਖਾਸ ਧਿਆਨ ਨਹੀਂ ਦਿੰਦੇ ਸਨ । ਕੁਝ ਦਿਨ ਪਹਿਲਾ ਹੀ ਯੂਨੀਵਰਸਿਟੀ ਵਲੋ ਮੂੰਗਫਲੀ ਦੀ ਖੋਜ ਲਈ ਰੇਤਲੀ ਜਮੀਨ ਦੀ ਮੰਗ ਕੀਤੀ ਗਈ ਸੀ । ਦੁਪਿਹਰ ਦਾ ਲੰਗਰ ਪਾਣੀ ਛਕਣ ਦੇ ਮਗਰੋਂ ਸੀਰੀ ਨੇ ਭਗਵਾਨ ਸਿਹਾਂ ਨੂੰ ਡੂੰਘੀਆਂ ਸੋਚਾਂ ਵਿੱਚ ਪਿਆ ਦੇਖ, ਗੱਲ ਬੁੱਝਣ ਦੀ ਕੋਸ਼ਿਸ਼ ਕੀਤੀ ਤਾਂ ਅੱਗਿਓ ਭਗਵਾਨ ਸਿਹਾਂ ਨੇ ਜਵਾਬ ਦਿੱਤਾ ਨਹੀਂ ਚਰਨਿਆ ਮੇਹਨਤੀ ਹੱਥਾਂ ਨੂੰ ਕੰਮ ਦੀ ਲੋੜ ਹੁੰਦੀ ਹੈ ਫਿਰ ਚਾਹੇ ਜ਼ਮੀਨ ਜਰਖੇਜ਼ ਜ਼ਮੀਨ ਹੋਵੇ ਚਾਹੇ ਰੇਤਲੀ , ਨਾਲੇ ਮੈਂ ਤਾਂ ਰੱਬ ਦਾ ਸੀਰੀ ਹਾ ਜਿਥੇ ਮਰਜੀ ਲਾ ਦੇਵੇ , ਆਪਾਂ ਸੱਚੀ ਮਸੱਕਤ ਕਰਨੀ ਹੈ ਫਲ ਤਾਂ ਉਸਨੇ ਦੇ ਹੀ ਦੇਣਾ ਹੈ ਪਹਿਲੀ ਵਾਰ ਸੀਰੀ ਨੇ ਸਰਦਾਰ ਦੇ ਮੂੰਹੋਂ ਆਪਣਾ ਨਾਮ ਸੁਣ ਤੇ ਕੰਮ ਪ੍ਰਤੀ ਲਗਨ ਦੀ ਸੁਥਰੀ ਸੋਚ ਸਲਾਮ ਕਰਦਿਆ ਟਿੱਬਿਆਂ ਵਾਲੇ ਖੇਤ ਦਾ ਖਾਲ ਸਵਾਰਨ ਚਲਾ ਗਿਆ ਜਿਹੜੇ ਮੂੰਗਫਲੀ ਦੀ ਬਜਾਈ ਲਈ ਤਿਆਰ ਕਰਨੇ ਸਨ। ਆਥਣ ਵੇਲੇ ਖਬਰ ਹੀ ਮਿਲੀ ਕਿ ਖੇਤੀਬਾੜੀ ਯੂਨੀਵਰਸਿਟੀ ਨੇ ਮੂੰਗਫਲੀ ਦੀ ਨਵੀਂ ਖੋਜ ਲਈ ਭਗਵਾਨ ਸਿਹਾਂ ਦੇ ਖੇਤਾ ਨੂੰ 10 ਸਾਲਾਂ ਲਈ ਠੇਕੇ ਦਾ ਇਕਰਾਰ ਕਰ ਲਿਆ । ਜਿਸ ਨਾਲ ਚੰਗਾ ਪੈਸਾ ਮਿਲਿਆ ਹੀ ਨਾਮ ਵੀ ਖੂਬ ਚਰਚਾ ਵਿੱਚ ਆਇਆ। ਹੁਣ ਉਥੇ ਵਿਦੇਸ਼ਾ ਤੋ ਖੇਤਾਬਾੜੀ ਵਿਗਿਆਨੀ ਵੀ ਨਰੀਖਣ ਲਈ ਆਵਣਗੇ। ਪੂਰਾ ਪਰਿਵਾਰ ਮੇਹਨਤ ਤੇ ਸਬਰ ਦੇ ਸੀਰ ਲਈ ਪ੍ਰਮਾਤਮਾ ਦਾ ਮੁਕਰਾਨਾ ਕਰਨ ਗੁਰਦੁਵਾਰੇ ਚਲੇ ਗਏ ।

# ਪੈਨਸ਼ਨ ਦਾ ਲਾਲਚ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਪਿੱਛਲੇ ਦਿਨੀ ਮੈ ਸੈਨਿਕ ਭਲਾਈ ਦਫਤਰ ਵਿੱਚ ਆਪਣੇ ਕੁੱਝ ਡਾਕੂਮੈਂਟਾਂ ਸਬੰਧੀ ਗਿਆ ।ਜਿੱਥੇ ਮੁਲਾਜ਼ਮ ਲੋਕਾਂ ਦਾ ਕੰਮ ਘੱਟ ਕਰਦੇ ਤੇ ਜੇਬਾਂ ਵੱਲ ਜ਼ਿਆਦਾ ਵੇਖਦੇ ਨੇ । ਉਹਨਾਂ ਨੂੰ ਇੰਝ ਜਾਪਦਾ ਹੈ ਕਿ ਅਗਰ ਅਸੀਂ ਨਾ ਹੋਈਏ ਤਾਂ ਇਹਨਾਂ ਫੌਜ਼ੀਆਂ ਨੂੰ ਪੈਨਸ਼ਨ ਹੀ ਨਾ ਮਿਲੇ ।ਖੈਰ ਮੈ ਗੱਲ ਸਟਾਫ ਦੀ ਨਹੀਂ ਕਰਨ ਲੱਗਾ ।ਗੱਲ ਇੱਕ ਇਹੋ ਜਿਹੇ ਇਨਸਾਨ ਕਰਨ ਜਾ ਰਿਹਾ ਹਾਂ ।ਜਿਸ ਦੀ ਕਰਤੂਤ ਸੁਣ ਕੇ ਤੁਸੀਂ ਵੀ ਪਾਣੀ ਪਾਣੀ ਹੋ ਜਾਵੋਂਗੇ ।ਸ਼ਰਮ ਨਾਲ ਸਿਰ ਝੁੱਕ ਜਾਵੇਗਾ ਕਿ ਸਾਡੇ ਸਮਾਜ਼ ਵਿੱਚ ਇਹੋ ਜਿਹੇ ਲੋਕ ਵੀ ਬੈਠੇ ਹਨ ।ਜਿਹਨਾਂ ਨੇ ਪੈਸੇ ਨੂੰ ਹੀ ਮੁਖ ਰੱਖਿਆ ਹੋਇਆ ਹੈ ।ਇੱਜਤ ਨਾਂ ਦਾ ਸ਼ਬਦ ਉਹਨਾਂ ਦੇ ਸ਼ਬਦ ਕੋਸ਼ ਵਿੱਚ ਨਹੀਂ ਹੈ ।ਇਹ ਗੱਲ ਬਿਲਕੁਲ ਹਕੀਕਤ ਹੈ ।ਪਰ ਮੈ ਉਸ ਦਾ ਅਸਲੀ ਨਾਂ ਤੇ ਪਤਾ ਨਹੀਂ ਲਿੱਖ ਸਕਦਾ । ਕਿਉਂਕਿ ਉਸ ਕੈਪਟਨ ਨੇ ਜਿਹੜੀ ਕਰਤੂਤ ਕੀਤੀ ਸੀ ਉਹ ਜਨਤਕ ਨਹੀਂ ਹੋਈ ।ਅਗਰ ਜਨਤਕ ਹੋ ਜਾਂਦੀ ਤੇ ਸ਼ਾਇਦ ਉਹ ਕੈਪਟਨ ਆਤਮਹੱਤਿਆ ਕਰ ਲੈਂਦਾ ।ਇਹ ਗੱਲ ਦਾ ਮੈਨੂੰ ਉਸ ਸਮੇ ਪਤਾ ਲੱਗਾ ।ਜਦੋਂ ਉਹੀ ਕੈਪਟਨ ਆਪਣੀ ਕਰਤੂਤ ਤੇ ਪਰਦਾ ਪੁਆਉਣ ਵਾਸਤੇ ਮਿਨਤਾਂ ਕਰ ਰਿਹਾ ਸੀ ।ਪਰ ਸੈਨਿਕ ਭਲਾਈ ਵਾਲੇ ਮੁਲਾਜ਼ਮ ਉਸ ਨੂੰ ਮੁਆਫ਼ ਨਹੀਂ ਕਰ ਰਹੇ ਸਨ ।ਜਦੋਂ ਤਕ ਮੈਨੂੰ ਉਸ ਦੀ ਅਸਲੀ ਗੱਲ ਦਾ ਪਤਾ ਨਹੀਂ ਸੀ ਲੱਗਾ ।ਉਸ ਸਮੇ ਤਕ ਮੈ ਉਸ ਦੀ ਹਾਲਤ ਵੇਖ ਕੇ ਤਰਸ ਖਾ ਰਿਹਾ ਸੀ ।ਕਿ ਅਸੀਂ ਸਾਰੀ ਜਵਾਨੀ ਦੇਸ਼ ਦੇ ਲੇਖੇ ਲਾ ਕੇ ਆ ਜਾਂਦੇ ਹਾਂ ।ਜਦੋਂ ਬੁਢਾਪਾ ਆ ਜਾਂਦਾ ਹੈ ਫਿਰ ਪੈਨਸ਼ਨ ਵਾਸਤੇ ਦਫਤਰਾਂ ਵਾਲਿਆਂ ਦੀਆਂ ਮਿਨਤਾਂ ਕਰਨੀਆਂ ਪੈਂਦੀਆਂ ਹਨ ।ਇਹ ਸਾਡੇ ਨਾਲ ਇੰਨਸਾਫ ਨਹੀਂ ਹੁੰਦਾ ।ਪਰ ਸੀਨੀਅਰ ਕਲਰਕ ਨੇ ਉਸ ਨੂੰ ਕਹਿ ਦਿੱਤਾ ਅੱਜ ਸਮਾਂ ਨਹੀਂ ।ਫਿਰ ਕਿਸੇ ਦਿਨ ਆ ਜਾਵੀਂ ਤੇਰਾ ਮਸਲਾ ਹੱਲ ਕਰਕੇ ਵੇਖਾਂਗੇ । ਜਦੋਂ ਉਹ ਜੀ ਕਹਿ ਕੇ ਬਾਹਰ ਨੂੰ ਚਲਾ ਗਿਆ ।ਮੈ ਉਸ ਕਲਰਕ ਨੂੰ ਪੁੱਛ ਹੀ ਲਿਆ ਕੇ ਤੁਸੀਂ ਇੱਕ ਸੀਨੀਅਰ ਸਿਟੀਜ਼ਨ ਬਜ਼ੁਰਗ ਦੀ ਗੱਲ ਕਿਉਂ ਨਹੀਂ ਸੁਣੀ ।ਫੌਜ਼ ਨੇ ਉਸ ਨੂੰ ਆਨਰਰੀ ਕੈਪਟਨ ਦਾ ਅਹੁਦਾ ਨਿਵਾਜ਼ ਕੇ ਭੇਜਿਆ ਹੈ ।ਉਸ ਦੀ ਹੁਣ ਹਾਲਤ ਤਾਂ ਵੇਖੋ ਕੀ ਹੋਈ ਪਈ ਹੈ ।ਤੁਹਾਨੂੰ ਕਿਸੇ ਵੀ ਬਜ਼ੁਰਗ ਤੇ ਤਰਸ ਕਿਉਂ ਨਹੀਂ ਆਉਂਦਾ ।ਕੁਰਸੀ ਮਿਲ ਜਾਣ ਨਾਲ ਬੰਦਾ ਰੱਬ ਨਹੀਂ ਬਣ ਜਾਂਦਾ ।ਇਹ ਕੁਰਸੀ ਤਾਂ ਚਾਰ ਦਿਨਾਂ ਦੀ ਪ੍ਰਹਾਉਣੀ ਹੁੰਦੀ ਹੈ ।ਅੱਜ ਤੁਹਾਡੇ ਥੱਲੇ ਤੇ ਕੱਲ ਨੂੰ ਕਿਸੇ ਹੋਰ ਦੇ ਥੱਲੇ ਵੀ ਜਾ ਸਕਦੀ ਹੈ ।ਉਹ ਮੇਰੀਆਂ ਗੱਲਾਂ ਸੁਣ ਕੇ ਖਪੇ ਹੋ ਗਿਆ ਤੇ ਕਹਿੰਦਾ ਸੂਬੇਦਾਰ ਸਾਬ੍ਹ ਜੀ ਤੁਹਾਨੂੰ ਇਸ ਦੀ ਕਰਤੂਤ ਦਾ ਪਤਾ ਨਹੀਂ ।ਅਗਰ ਪਤਾ ਲੱਗ ਗਿਆ ਤਾਂ ਤੁਹਾਡੇ ਪੈਰਾਂ ਥੱਲਿਉ ਮਿੱਟੀ ਨਿੱਕਲ ਜਾਵੇਂਗੀ ।ਮੈ ਕਿਹਾ ਉਹ ਇਹੋ ਜਿਹੀ ਕਿਹੜੀ ਗੱਲ ਹੈ ।ਮੈਨੂੰ ਉਹ ਵਿਸਥਾਰ ਨਾਲ ਉਸ ਦੀ ਹੱਡ ਬੀਤੀ ਸੁਣਾਉਣ ਲੱਗ ਪਿਆ ।ਇਹ ਜੋ ਕੈਪਟਨ ਸਾਬ ਹੈ ਨਾ ,ਅੱਜ ਤੋਂ ਪੰਜ ਕੁ ਸਾਲ ਪਹਿਲਾਂ ਇਸ ਦੀ ਘਰ ਵਾਲੀ ਅਕਾਲ ਚਲਾਣਾ ਕਰ ਸੀ ।ਇਸ ਦਾ ਇੱਕੋ ਇੱਕ ਮੁੰਡਾ ਹੈ ਉਹ ਕੋਈ ਨੌਕਰੀ ਤਾਂ ਨਹੀਂ ਕਰਦਾ ਪਰ ਹੁਸ਼ਿਆਰ ਬਹੁਤ ਹੈ ।ਉਸ ਦੀ ਸ਼ਾਦੀ ਨੂੰ 10-15 ਸਾਲ ਹੋ ਗਏ ਹਨ ।ਪਰ ਅਜੇ ਤੱਕ ਕੋਈ ਬੱਚਾ ਕੋਈ ਨਹੀਂ ਹੋਇਆ ਜਾਂ ਫਿਰ ਲਿਆ ਨਹੀਂ ।ਨੂੰਹ ਰਾਣੀ ਵੀ ਪੜ੍ਹੀ ਲਿੱਖੀ ਤੇ ਤੇਜ਼ ਤਰਾਟ ਹੈ ।ਇਹਨਾਂ ਨੇ ਘਰ ਬੈਠ ਕੇ ਇੱਕ ਵਿਉਂਤ ਬਣਾਈ । ਕਿ ਕਿਉਂ ਨਾ ਇੰਝ ਕਰੀਏ ਕਿ ਮੇਰੇ ਮਰ ਜਾਣ ਤੋਂ ਬਾਹਦ ਵੀ ਤੁਹਾਨੂੰ ਪੈਨਸ਼ਨ ਮਿਲਦੀ ਰਹੇ ।ਕੈਪਟਨ ਨੇ ਪਹਿਲਾਂ ਮੁੰਡੇ ਤੇ ਨੂੰਹ ਰਾਣੀ ਦਾ ਤਲਾਕ ਕਾਗਜ਼ਾਂ ਵਿੱਚ ਕਰਵਾ ਲਿਆ ।ਫਿਰ ਥੋੜ੍ਹੇ ਚਿਰ ਬਾਹਦ ਆਪਣਾ ਵਿਆਹ ਕਾਗਜ਼ਾਂ ਵਿੱਚ ਉਸ ਨੂੰਹ ਰਾਣੀ ਨਾਲ ਕਰ ਲਿਆ ।ਪਹਿਲੀ ਘਰ ਵਾਲੀ ਦਾ ਮੌਤ ਦਾ ਸਰਟੀਫਿਕੇਟ ਤਾਂ ਜਲਦੀ ਜਮਾਂ ਕਰਵਾ ਦਿੱਤਾ ।ਫਿਰ ਇਹ ਤਿੰਨੇ ਜਣੇ ਵਿਆਹ ਦਾ ਸਰਟੀਫਿਕੇਟ ਲੈ ਕੇ ਇੱਥੇ ਦਫਤਰ ਆ ਗਏ ।ਮੁੰਡਾ ਤਾਂ ਬਾਹਰ ਗੱਡੀ ਵਿੱਚ ਬੈਠਾ ਰਿਹਾ । ਦੋਵੇ ਨੂੰਹ ਸੌਹਰਾ ਦੋਵਾਂ ਜੀਆਂ ਦਾ ਡਰਾਮਾ ਕਰਦੇ ਹੋਏ ਸਾਹਮਣੇ ਕੁਰਸੀ ਤੇ ਬੈਠ ਗਏ ।ਅਸੀਂ ਕਦੇ ਕੈਪਟਨ ਵੱਲ ਵੇਖੀਏ ਤੇ ਕਦੇ ਉਸ ਬੀਬੀ ਵੱਲ ।ਅਕਸਰ ਉਮਰ ਦਾ ਵੀ ਬਹੁਤ ਸਾਰਾ ਫਰਕ ਸੀ ।ਪਰ ਅਸੀਂ ਉਹਨਾਂ ਦੇ ਪਰਸਨਲ ਮਾਮਲੇ ਵਿੱਚ ਕੁਝ ਨਹੀਂ ਬੋਲ ਸਕਦੇ ਸੀ ।ਪਰ ਗੱਲ ਸਾਡੇ ਹਜ਼ਮ ਨਹੀਂ ਹੋ ਰਹੀ ਸੀ ।.ਇਸ ਬੁੱਢੇ ਕੈਪਟਨ ਦੀਆਂ ਲੱਤਾਂ ਕਬਰਾਂ ਵੱਲ ਜਾ ਰਹੀਆਂ ਹਨ ਤੇ ਵਿਆਹ ਭਲਾ ਇਸ ਨੇ ਕਿਵੇਂ ਕਰਵਾ ਲਿਆ ਏ ।ਕੈਪਟਨ ਸਾਡੇ ਸ਼ਕ ਦੇ ਘੇਰੇ ਵਿੱਚ ਆ ਗਿਆ ।ਅਸੀਂ ਉਸ ਦਾ ਵਿਆਹ ਵਾਲਾ ਸਰਟੀਫਿਕੇਟ ਰੱਖ ਲਿਆ ।ਉਸ ਨੂੰ ਹਫਤੇ ਬਾਹਦ ਆਉਣ ਲਈ ਕਿਹਾ ।ਸਾਡੇ ਕੋਲ ਹਰ ਇੱਕ ਫੌਜ਼ੀ ਦੇ ਨੰਬਰ ਹੁੰਦੇ ਹਨ ।ਅਸੀਂ ਉਸ ਦੇ ਪਿੰਡ ਦੇ ਇੱਕ ਗੁਆਂਢੀ ਨੂੰ ਫੋਨ ਲਾਇਆ ।ਉਸ ਤੋਂ ਗੱਲੀਬਾਤੀ ਇਸ ਕੈਪਟਨ ਦੀ ਇੰਨਕੁਆਰੀ ਕਰ ਲਈ ।ਸਾਨੂੰ ਪਤਾ ਲਗ ਗਿਆ ਕਿ ਵਿਆਹ ਫਰਜ਼ੀ ਹੈ ।ਅਗਲੇ ਹਫ਼ਤੇ ਉਹ ਫਿਰ ਆ ਗਿਆ ।ਅਸੀਂ ਉਸ ਨੂੰ ਜ਼ਾਹਿਰ ਨਹੀਂ ਹੋਣ ਦਿੱਤਾ ਕਿ ਤੇਰੇ ਵਿਆਹ ਦਾ ਸੱਚ ਕੱਚ ਪਤਾ ਕਰ ਲਿਆ ਹੈ ।ਉਹ ਆ ਕੇ ਬੈਠ ਗਏ ਮੈ ਉਸ ਨੂੰ ਕਿਹਾ ਸਾਬ ਜੀ ਵਿਆਹ ਵਾਲੀਆਂ ਫੋਟੋ ਤੇ ਆਨੰਦ ਕਾਰਜ਼ ਵਾਲਾ ਸਰਟੀਫਿਕੇਟ ਲਿਆਉ ।ਅਗੋ ਉਹ ਕਹਿਣ ਲੱਗਾ ਕਿ ਸਾਰੀਆਂ ਫਾਰਮਿਲਟੀਆਂ ਪੂਰੀਆਂ ਹੋਣ ਤੋਂ ਬਾਹਦ ਹੀ ਇਹ ਵਿਆਹ ਦਾ ਮੈਰਿਜ਼ ਸਰਟੀਫਿਕੇਟ ਬਣਦਾ ਹੈ ।ਜੋ ਮੈਂ ਤੁਹਾਨੂੰ ਲਿਆ ਕੇ ਦੇ ਦਿੱਤਾ ਹੈ ।ਤੁਸੀਂ ਆਪਣੀ ਕਾਗਜ਼ੀ ਕਾਰਵਾਈ ਪੂਰੀ ਕਰੋ ਤਾਂ ਕਿ ਮੇਰੇ ਖ਼ਤਮ ਹੋਣ ਤੋਂ ਬਾਹਦ ਮੇਰੀ ਘਰ ਵਾਲੀ ਨੂੰ ਪੈਨਸ਼ਨ ਮਿਲਦੀ ਰਹੇ ।ਮੈਥੋਂ ਰਿਹਾ ਨਾ ਗਿਆ ਮੈਂ ਬੀਬੀ ਜੀ ਨੂੰ ਕਿਹਾ ਕਿ ਤੁਸੀਂ ਬਾਹਰ ਗੱਡੀ ਵਿੱਚ ਚਲੇ ਜਾਉ ।ਬੀਬੀ ਬਾਹਰ ਚਲੀ ਗਈ ਤੇ ਮੈ ਉਸ ਨੂੰ ਪੁੱਛਿਆ ਕਿ ਤੁਸੀਂ ਸੱਚੀ ਵਿਆਹ ਕਰਵਾਇਆ ਹੈ ।ਉਸ ਦੀ ਜ਼ਬਾਨ ਥਥਲਾਉਣ ਲੱਗ ਪਈ ।ਮੂੰਹ ਤੇ ਪਸੀਨਾ ਆ ਗਿਆ ਹੈ ।ਸੱਚ ਉਸ ਦੇ ਚਿਹਰੇ ਤੇ ਝਲਕਣ ਲਗ ਪਿਆ ।ਪਰ ਮੁਹੋਂ ਕੁੱਝ ਨਾ ਬੋਲ ਸੱਕਿਆ ।ਅਗਰ ਅਸੀਂ ਉਸ ਦੀ ਸਚਾਈ ਦਾ ਪਤਾ ਨਾ ਕਰਦੇ ਤਾਂ ਚਾਰ ਸੌ ਵੀਹ ਦੇ ਕੇਸ ਵਿੱਚ ਅਸੀਂ ਫਸ ਜਾਣਾ ਸੀ ।ਹੁਣ ਅਸੀਂ ਇਸ ਨੂੰ ਚਾਰ ਸੌ ਵੀਹ ਦੇ ਕੇਸ ਵਿੱਚ ਫਸਾ ਲਿਆ ਹੈ ।ਜਿਸ ਕਰਕੇ ਇਹ ਸਾਡੀਆਂ ਮਿਨਤਾਂ ਕਰਦਾ ਫਿਰਦਾ ਹੈ ।ਤੁਹਾਨੂੰ ਲੱਗਿਆ ਹੋਵੇਂਗਾ ਕਿ ਅਸੀਂ ਗਲਤ ਹਾਂ ।ਇਹੋ ਜਿਹਾ ਬੰਦਾ ਮੈ ਆਪਣੀ ਪੂਰੀ ਸਰਵਿਸ ਵਿੱਚ ਲਾਲਚੀ ਨਹੀਂ ਵੇਖਿਆ ।ਜਿਸ ਨੇ ਆਪਣੇ ਪਿਉ ਧੀ ਵਰਗੇ ਪਵਿੱਤਰ ਰਿਸ਼ਤੇ ਨੂੰ ਪੈਨਸ਼ਨ ਦੇ ਲਾਲਚ ਨੇ ਤਾੜ ਤਾੜ ਕਰਕੇ ਰੱਖ ਦਿੱਤਾ ਹੈ ।ਹੁਣ ਤੁਸੀਂ ਦਸੋ ਕਿ ਇਹੋ ਜਿਹੇ ਬੰਦੇ ਨਾਲ ਕਿਹੋ ਜਿਹਾ ਵਿਵਹਾਰ ਕੀਤਾ ਜਾਵੇ ।ਕੈਪਟਨ ਦੀ ਕਰਤੂਤ ਸੁਣ ਕੇ ਮੇਰਾ ਮੂੰਹ ਬੰਦ ਹੋ ਗਿਆ ।ਮੇਰੇ ਮਨ ਨੂੰ ਬਹੁਤ ਠੇਸ ਲੱਗੀ ।ਮੈ ਬਿਨਾਂ ਹੀ ਕੰਮ ਕਰਵਾਇਆਂ ਉਥੋਂ ਉੱਠ ਕੇ ਆ ਗਿਆ । ਮੈਂ ਇਹ ਸੋਚਣ ਲਈ ਮਜ਼ਬੂਰ ਹੋ ਗਿਆ ਕੇ ਲੋਕ ਕਿੰਨੇ ਗਿਰ ਗਏ ਹਨ ।ਪੈਸਾ ਹੀ ਲਾਲਚੀ ਲੋਕਾਂ ਨੇ ਕਿਉਂ ਮੁੱਖ ਰੱਖ ਲਿਆ ਹੈ ।

# ਜ਼ੁਬਾਨ ਦਾ ਰਸ !

ਸੰਸਾਰ ਵਿੱਚ ਵਿਚਰਦਿਆਂ ਮਨੁੱਖ ਕੋਲੋਂ ਜਾਣੇ-ਅਣਜਾਣੇ ਵਿੱਚ ਅਨੇਕਾਂ ਗਲਤੀਆਂ ਹੋ ਜਾਂਦੀਆਂ ਹਨ। ਫਿਰ ਅਸੀਂ ਅਕਸਰ ਕਹਿ ਦਿੰਦੇ ਹਾਂ ਕਿ 'ਮਨੁੱਖ ਤਾਂ ਗ਼ਲਤੀਆਂ ਦਾ ਪੁਤਲਾ ਹੈ।' ਮਨੁੱਖ ਕੋਲੋਂ ਜ਼ਿ?ਆਦਾਤਰ ਹੋਈਆਂ ਗਲਤੀਆਂ ਦੀ ਸ਼ੁਰੂਆਤ ਜ਼ੁਬਾਨ ਤੋਂ ਹੀ ਹੁੰਦੀ ਹੈ। ਕਿਸੇ ਵੀ ਇਨਸਾਨ ਵੱਲੋਂ ਸਾਹਮਣੇ ਵਾਲੇ ਨੂੰ ਆਪਣੀ ਜ਼ੁਬਾਨ ਤੋਂ ਬੋਲੇ ਗਏ ਚੰਗੇ-ਮਾੜੇ ਸ਼ਬਦ ਵਾਪਸ ਤਾਂ ਨਹੀਂ ਹੁੰਦੇ, ਪਰ ਸਮੇਂ ਸਿਰ ਸਾਹਮਣੇ ਵਾਲੇ ਨਾਲ ਸੁਚੱਜੇ ਢੰਗ ਨਾਲ ਗੱਲਬਾਤ ਕਰਨ ਨਾਲ ਜ਼ੁਬਾਨੋਂ ਹੋਈ ਗਲਤੀ ਸੁਧਾਰਨ ਦੀ ਕੋਸ਼ਿਸ਼ ਜ਼ਰੂਰ ਕੀਤੀ ਜਾ ਸਕਦੀ ਹੈ ਤਾਂ ਜੋ ਮਨੁੱਖੀ ਰਿਸ਼ਤਿਆਂ ਵਿੱਚ ਕੁੜੱਤਣ ਤੇ ਦਿਲ ਵਿੱਚ ਗਲਤਫਹਿਮੀ ਘਰ ਨਾ ਕਰ ਸਕੇ। ਇਸ ਲਈ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਮਨੁੱਖ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ।

ਇੱਕ ਸੂਝਵਾਨ ਮਨੁੱਖ ਦਾ ਕਦੀ ਵੀ ਇਹ ਮੰਤਵ ਨਹੀਂ ਹੋਣਾ ਚਾਹੀਦਾ ਕਿ ਉਹ ਆਪਣੇ ਬੋਲੇ ਗਏ ਬੋਲਾਂ ਨਾਲ ਕਿਸੇ ਦਾ ਮਨ ਦੁਖਾਵੇ, ਇਸੇ ਲਈ ਤਾਂ ਕਹਿੰਦੇ ਹਨ, 'ਪਹਿਲਾਂ ਤੋਲੋ ਫਿਰ ਬੋਲੋ।' ਇਹ ਜ਼ੁਬਾਨ ਹੀ ਤਾਂ ਹੈ ਜੋ ਮਨੁੱਖ ਨੂੰ 'ਫਰਸ਼ ਤੋਂ ਅਰਸ਼ ਤੇ ਅਰਸ਼ ਤੋਂ ਫਰਸ਼' ਤੱਕ ਪਹੁੰਚਾ ਦਿੰਦੀ ਹੈ। ਦੂਜੇ ਪਾਸੇ ਮਨੁੱਖ ਵੱਲੋਂ ਸਲੀਕੇ ਨਾਲ ਬੋਲੇ ਗਏ ਸ਼ਬਦ ਸੁਣਨ ਵਾਲੇ ਮਨੁੱਖ 'ਤੇ ਲੰਬੇ ਸਮੇਂ ਤੱਕ ਆਪਣਾ ਚੰਗਾ ਪ੍ਰਭਾਵ ਛੱਡ ਜਾਂਦੇ ਹਨ। ਕੋਈ ਵੀ ਮਨੁੱਖ ਆਚਰਣ ਪੱਖੋਂ ਕਿੰਨਾ ਹੀ ਉੱਚਾ ਕਿਉਂ ਨਾ ਹੋਵੇ, ਜੇਕਰ ਉਸ ਦੀ ਜ਼ੁਬਾਨ ਵਿੱਚ ਰਸ ਨਹੀਂ, ਸਲੀਕਾ ਨਹੀਂ ਤਾਂ ਉਸ ਦੇ ਸਮਾਜ ਵਿੱਚ ਵਿਚਰਦਿਆਂ ਲੋਕਾਂ ਨਾਲ ਸਬੰਧ ਸੁਖਾਵੇਂ ਨਹੀਂ ਹੋ ਸਕਦੇ। ਮਨੁੱਖ ਆਪਣੇ ਮਨ ਦੀਆਂ ਭਾਵਨਾਵਾਂ ਦੂਜੇ ਮਨੁੱਖ ਤੱਕ ਬੋਲਚਾਲ ਰਾਹੀਂ ਹੀ ਪ੍ਰਗਟ ਕਰਦਾ ਹੈ। ਭਾਸ਼ਾ ਕੋਈ ਵੀ ਸਕਦੀ ਹੈ, ਪਰ ਮਾਅਨੇ ਇਹ ਰੱਖਦਾ ਹੈ ਕਿ ਬੋਲੇ ਗਏ ਸ਼ਬਦ ਚੰਗੇ ਸਨ ਜਾਂ ਮਾੜੇ। ਅਕਸਰ ਕਿਹਾ ਜਾਂਦਾ ਹੈ ਕਿ 'ਮਾੜਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ' ਸੋ ਕਰਤਾਰ ਯਾਨੀ ਕਿ ਪਰਮਾਤਮਾ ਦਾ ਡਰ ਮਨ ਵਿੱਚ ਵਸਾ ਕੇ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ। ਮਾੜਾ ਬੋਲ ਬੋਲਣ ਨਾਲੋਂ ਤਾਂ ਕਿਤੇ ਚੰਗਾ ਹੈ ਚੁੱਪ ਰਹਿਣਾ ਤਾਂ ਹੀ ਕਿਹਾ ਜਾਂਦਾ ਹੈ 'ਇੱਕ ਚੁੱਪ ਸੌ ਸੁੱਖ।'

ਕਈ ਮਨੁੱਖ ਮਾੜਾ ਬੋਲ ਬੋਲਣ ਕਾਰਨ ਆਪਣੇ ਆਪ ਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਵਿੱਚ ਫਸਾ ਬੈਠਦੇ ਹਨ। ਮਾੜਾ ਬੋਲ ਬੋਲਣ ਵਾਲੇ ਤੋਂ ਲੋਕ ਅਕਸਰ ਪਾਸਾ ਵੱਟ ਜਾਂਦੇ ਹਨ। ਅਜਿਹੇ ਮਨੁੱਖ ਦੇ ਅਕਸਰ ਬਣਦੇ ਕੰਮ ਮਾੜੀ ਬੋਲਬਾਣੀ ਕਾਰਨ ਵਿਗੜਦਿਆਂ ਦੇਰ ਨਹੀਂ ਲੱਗਦੀ। ਸਿਆਣੇ, ਸੂਝਵਾਨ ਇਨਸਾਨ ਵਿੱਚ ਬੈਠਾ ਮੂਰਖ ਮਨੁੱਖ ਵੀ ਉਦੋਂ ਤੱਕ ਹੀ ਸਿਆਣਾ ਤੇ ਸੂਝਵਾਨ ਹੁੰਦਾ ਹੈ, ਜਦੋਂ ਤੱਕ ਉਸ ਦੀ ਜ਼ੁਬਾਨ ਬੰਦ ਰਹਿੰਦੀ ਹੈ। ਪੁਰਾਤਨ ਸਮਿਆਂ ਤੋਂ ਹੀ ਬੋਲਬਾਣੀ ਨਾਲ ਸਬੰਧਤ ਅਨੇਕਾਂ ਕਥਾ, ਕਹਾਣੀਆਂ ਤੇ ਕਿੱਸੇ ਪ੍ਰਚੱਲਿਤ ਹਨ। ਕਹਿੰਦੇ ਹਨ ਕਿ ਪੁਰਾਤਨ ਸਮਿਆਂ ਵਿੱਚ ਸਫਰ 'ਤੇ ਨਿਕਲੇ ਮੁਸਾਫ਼ਿ?ਰ ਕੋਈ ਢੁੱਕਵਾਂ ਸਾਧਨ ਨਾ ਹੋਣ ਕਾਰਨ ਪੈਦਲ ਹੀ ਨਿਕਲ ਪੈਂਦੇ ਸਨ। ਰਸਤੇ ਵਿੱਚ ਕੋਈ ਵੀ ਢੁੱਕਵੀਂ ਥਾਂ 'ਤੇ ਰੁਕਦੇ ਤੇ ਆਰਾਮ ਕਰਕੇ ਅਗਲੇ ਸਫਰ ਦਾ ਪੈਂਡਾ ਤੈਅ ਕਰਨ ਲਈ ਤੁਰ ਪੈਂਦੇ। ਜ਼ਿ?ਆਦਾਤਰ ਮੁਸਾਫ਼ਿ?ਰ ਸਫਰ ਦੌਰਾਨ ਆਪਣੀ ਭੁੱਖ ਮਿਟਾਉਣ ਲਈ ਆਪਣਾ ਖਾਣ-ਪੀਣ ਦਾ ਸਾਮਾਨ ਨਾਲ ਹੀ ਰੱਖਦੇ ਤੇ ਜੇਕਰ ਖਾਣ-ਪੀਣ ਦਾ ਸਾਮਾਨ ਸਫਰ ਦੌਰਾਨ ਮੁੱਕ ਜਾਂਦਾ ਤਾਂ ਉਨ੍ਹਾਂ ਸਮਿਆਂ ਵਿੱਚ ਭੁੱਖੇ ਰਾਹੀਆਂ ਨੂੰ ਲੋਕ ਵੀ ਭੋਜਨ ਛਕਾਉਣਾ ਚੰਗਾ ਮੰਨਦੇ ਸਨ। ਇਸੇ ਤਰ੍ਹਾਂ ਇੱਕ ਵਾਰ ਕੋਈ ਮੁਸਾਫ਼ਿ?ਰ ਜੰਗਲ-ਬੇਲਿਆਂ, ਸ਼ਹਿਰਾਂ-ਕਸਬਿਆਂ ਵਿੱਚੋਂ ਹੁੰਦਾ ਹੋਇਆ ਆਪਣੀ ਮੰਜ਼ਿ?ਲ ਵੱਲ ਵਧ ਰਿਹਾ ਸੀ। ਆਪਣੇ ਸਫਰ ਦਾ ਕਾਫੀ ਪੈਂਡਾ ਤੈਅ ਕਰਨ ਮਗਰੋਂ ਉਸ ਕੋਲ ਆਪਣੀ ਭੁੱਖ ਮਿਟਾਉਣ ਲਈ ਰੱਖਿਆ ਭੋਜਨ ਖਤਮ ਹੋ ਚੁੱਕਿਆ ਸੀ। ਆਪਣੀ ਭੁੱਖ ਮਿਟਾਉਣ ਲਈ ਉਹ ਜਦੋਂ ਇੱਕ ਪਿੰਡ ਵਿੱਚ ਵੜਿਆ ਤਾਂ ਇੱਕ ਘਰ ਦਾ ਛੋਟਾ ਜਿਹਾ ਦਰਵਾਜਾ ਖੁੱਲ੍ਹਾ ਦੇਖ ਕੇ ਕੁੱਝ ਖਾਣ ਲਈ ਆਵਾਜ ਲਗਾਈ ਤਾਂ ਉਸ ਘਰ ਵਿੱਚ ਰਹਿੰਦੀ ਇੱਕ ਬਜ਼ੁਰਗ ਮਾਈ ਨੇ ਉਸ ਨੂੰ ਘਰ ਅੰਦਰ ਆਉਣ ਲਈ ਕਿਹਾ ਤਾਂ ਉਹ ਭੁੱਖਾ ਮੁਸਾਫ਼ਿ?ਰ ਘਰ ਦੇ ਛੋਟੇ ਜਿਹੇ ਦਰਵਾਜੇ ਵਿੱਚੋਂ ਅੰਦਰ ਲੰਘ ਕੇ ਵਿਹੜੇ ਵਿੱਚ ਜਾ ਬੈਠਾ। ਬਜ਼ੁਰਗ ਮਾਈ ਨੇ ਉਸ ਨੂੰ ਪਾਣੀ ਪਿਲਾਉਣ ਤੋਂ ਬਾਅਦ ਉਸ ਲਈ ਚੁੱਲ੍ਹੇ 'ਤੇ ਪੱਕਣ ਲਈ ਚੌਲ ਧਰ ਦਿੱਤੇ। ਮੁਸਾਫ਼ਿ?ਰ ਬਜ਼ੁਰਗ ਮਾਈ ਨਾਲ ਗੱਲੀਂ ਲੱਗ ਗਿਆ ਤੇ ਗੱਲਾਂ ਕਰਦੇ-ਕਰਦੇ ਉਸ ਦੀ ਨਜਰ ਘਰ ਦੇ ਵਿਹੜੇ ਵਿੱਚ ਬੰਨ੍ਹੀ ਮੱਝ 'ਤੇ ਜਾ ਪਈ। ਉਸ ਮੁਸਾਫ਼ਿ?ਰ ਦੀ ਜ਼ੁਬਾਨ ਤੋਂ ਕੁਝ ਅਜਿਹੇ ਸ਼ਬਦ ਬੋਲੇ ਗਏ ਜੋ ਬਜ਼ੁਰਗ ਮਾਈ ਨੂੰ ਬੇਹੱਦ ਦੁਖੀ ਕਰ ਗਏ। ਮੱਝ ਦੇਖ ਕੇ ਉਸ ਮੁਸਾਫ਼ਿ?ਰ ਨੇ ਕਿਹਾ, 'ਮਾਈ ਜੇ ਤੁਹਾਡੇ ਵਿਹੜੇ ਵਿੱਚ ਬੰਨ੍ਹੀ ਮੱਝ ਮਰ ਜਾਵੇ ਤਾਂ ਤੂੰ ਇਸ ਨੂੰ ਘਰ ਤੋਂ ਬਾਹਰ ਇਸ ਛੋਟੇ ਜਿਹੇ ਦਰਵਾਜੇ ਵਿੱਚੋਂ ਬਾਹਰ ਕਿਵੇਂ ਕੱਢੇਂਗੀ।' ਉਸ ਮੁਸਾਫ਼ਿ?ਰ ਦੀ ਜ਼ੁਬਾਨ ਤੋਂ ਇਹ ਮਾੜੇ ਬੋਲ ਨਿਕਲਣ ਦੀ ਦੇਰ ਸੀ ਕਿ ਬਜ਼ੁਰਗ ਮਾਈ ਨੇ ਚੁੱਲ੍ਹੇ 'ਤੇ ਪੱਕਣ ਲਈ ਧਰੇ ਚੌਲ ਜੋ ਅਜੇ ਅੱਧ ਪੱਕੇ ਹੀ ਸਨ, ਚੁੱਲ੍ਹੇ ਤੋਂ ਲਾਹ ਕੇ ਉਸ ਮੁਸਾਫ਼ਿ?ਰ ਦੀ ਗਠੜੀ ਵਿੱਚ ਪਾ ਕੇ ਉਸ ਨੂੰ ਘਰੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਹੁਣ ਜਦੋਂ ਉਹ ਮੁਸਾਫ਼ਿ?ਰ ਰਸਤੇ ਵਿੱਚ ਤੁਰਿਆ ਜਾ ਰਿਹਾ ਸੀ ਤਾਂ ਜਿਸ ਗਠੜੀ ਵਿੱਚ ਉਸ ਬਜ਼ੁਰਗ ਮਾਈ ਨੇ ਅੱਧ ਪੱਕੇ ਚੌਲ ਪਾਏ ਸਨ, ਉਸ ਵਿੱਚੋਂ ਪਾਣੀ ਚੋਅ ਰਿਹਾ ਸੀ। ਜਦੋਂ ਲੋਕਾਂ ਨੇ ਉਸ ਦੀ ਗਠੜੀ ਵਿੱਚੋਂ ਚੋਅ ਰਹੇ ਪਾਣੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, 'ਇਹ ਮੇਰੀ ਜ਼ੁਬਾਨ ਦਾ ਰਸ ਚੋਅ ਰਿਹਾ ਹੈ।' ਇੰਨਾ ਕਹਿ ਕੇ ਉਹ ਮੁਸਾਫ਼ਿ?ਰ ਆਪਣੀ ਮੰਜ਼ਿ?ਲ ਵੱਲ ਨੂੰ ਚੱਲ ਪਿਆ। ਸੋ ਬਿਨਾਂ ਸੋਚੇ-ਸਮਝੇ ਮਾੜੇ ਬੋਲ ਬੋਲਣ ਨਾਲੋਂ ਸੋਚ-ਸਮਝ ਕੇ ਬੋਲੇ ਬੋਲ ਮਨੁੱਖ ਨੂੰ ਅਨੇਕਾਂ ਮੁਸ਼ਕਿਲਾਂ ਤੋਂ ਬਚਾ ਸਕਦੇ ਹਨ।

ਹਰਮਨਪ੍ਰੀਤ ਸਿੰਘ,
ਸੰਪਰਕ: 98550 10005

# ਜਦੋਂ ਪਾਕਿਸਤਾਨੀ ਠੱਗ ਨਾਲ ਖੁੱਲ੍ਹੀਆਂ ਗੱਲਾਂ ਹੋਈਆਂ

ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

ਪਿਛਲੇ ਚਾਰ ਪੰਜ ਸਾਲਾਂ ਤੋਂ ਪਾਕਿਸਤਾਨੀ ਠੱਗਾਂ ਨੇ ਪੰਜਾਬ ਵਿੱਚ ਲੁੱਟ ਮਚਾਈ ਹੋਈ ਸੀ। ਪਰ ਜਦੋਂ ਲੋਕਾਂ ਨੇ ਉਨ੍ਹਾਂ ਦੀਆਂ ਆਡੀਉ ਸੋਸ਼ਲ ਮੀਡੀਆ 'ਤੇ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਆਮ ਜਨਤਾ ਨੂੰ ਇਸ ਘੋਟਾਲੇ ਦੀ ਸਮਝ ਆ ਗਈ ਤੇ ਉਨ੍ਹਾਂ ਦਾ ਧੰਦਾ ਮੰਦਾ ਪੈ ਗਿਆ। ਹੁਣ ਅਜਿਹੇ ਫੋਨ ਕਦੇ ਕਦਾਈਂ ਹੀ ਆਉਂਦੇ ਹਨ। ਬਹੁਤਿਆਂ ਠੱਗਾਂ ਦੇ ਵੱਟਸਐਪ 'ਤੇ ਗੁਰੂ ਨਾਨਕ ਜੀ ਦੀ ਤਸਵੀਰ ਲੱਗੀ ਹੁੰਦੀ ਸੀ। ਸਤਿ ਸ੍ਰੀ ਅਕਾਲ ਬੁਲਾਉਣ ਤੋਂ ਬਾਅਦ ਪਹਿਲਾ ਸਵਾਲ ਇਹ ਹੁੰਦਾ ਸੀ ਕਿ ਤੁਸੀਂ ਮੈਨੂੰ ਪਹਿਚਾਣਿਆਂ ? ਅੱਗੋਂ ਇਹ ਜਵਾਬ ਮਿਲਣ 'ਤੇ ਕਿ ਮੈਂ ਨਹੀਂ ਪਹਿਚਾਣਿਆਂ, ਠੱਗ ਕਹਿੰਦਾ ਸੀ ਕਿ ਤੁਸੀਂ ਵੱਡੇ ਬੰਦੇ ਉ, ਹੁਣ ਸਾਨੂੰ ਕਿੱਥੇ ਪਹਿਚਾਣਦੇ ਉ। ਦੋ ਚਾਰ ਮਿੰਟ ਇਹੋ ਜਿਹੀਆਂ ਠੰਡੀਆਂ ਤੱਤੀਆਂ ਮਾਰ ਕੇ ਠੱਗ ਪੁੱਛਦਾ ਸੀ ਕਿ ਤੁਹਾਡਾ ਕੋਈ ਰਿਸ਼ਤੇਦਾਰ ਜਾਂ ਦੋਸਤ ਯੂ.ਕੇ. - ਕੈਨੇਡਾ ਵਿੱਚ ਹੈ ? ਹੁਣ ਅੱਧਿਉਂ ਵੱਧ ਪੰਜਾਬ ਤਾਂ ਕੈਨੇਡਾ ਪਹੁੰਚਿਆ ਹੋਇਆ ਹੈ, ਸ਼ਿਕਾਰ ਕਹਿ ਦਿੰਦਾ ਸੀ ਕਿ ਮੇਰੇ ਚਾਚੇ ਜਾਂ ਤਾਏ ਦਾ ਮੁੰਡਾ ਜਾਂ ਪਿੰਡ ਤੋਂ ਫਲਾਣਾ ਬੰਦਾ ਕੈਨੇਡਾ ਵਿਖੇ ਹੈ। ਬੱਸ ਠੱਗ ਉਥੋਂ ਹੀ ਗੱਲ ਬੜ੍ਹੱਚ ਲੈਂਦਾ ਹੈ ਤੇ ਕਹਿ ਦਿੰਦਾ ਸੀ ਕਿ ਮੈਂ ਉਹ ਹੀ ਬੋਲਦਾਂ ਹਾਂ। ਹਾਲਾਂਕਿ ਠੱਗਾਂ ਵੱਲੋਂ ਬੋਲੀ ਜਾਂਦੀ ਕੱਟੜ ਮਝੈਲ ਬੋਲੀ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਲਹਿੰਦੇ ਪੰਜਾਬ ਤੋਂ ਹੈ ਤੇ ਕੈਨੇਡਾ ਦਾ ਤਾਂ ਸ਼ਾਇਦ ਉਸ ਨੇ ਕਦੇ ਨਕਸ਼ਾ ਵੀ ਨਹੀਂ ਵੇਖਿਆ ਹੋਣਾ।

ਠੱਗੀ ਤਿੰਨ ਚਾਰ ਤਰੀਕਿਆਂ ਨਾਲ ਮਾਰੀ ਜਾਂਦੀ ਹੈ। ਪਹਿਲਾ ਇਹ ਕਿ ਮੈਂ ਕਿਸੇ ਕੇਸ ਵਿੱਚ ਥਾਣੇ ਫਸ ਗਿਆ ਹਾਂ, ਜੇ ਕੇਸ ਬਣ ਗਿਆ ਤਾਂ ਮੈਨੂੰ ਕੈਨੇਡਾ ਤੋਂ ਕੱਢ ਦਿੱਤਾ ਜਾਵੇਗਾ। ਪਰ ਮੇਰੀ ਥਾਣੇ ਦੇ ਐਸ.ਐਚ.ਉ. ਨਾਲ 5000 ਡਾਲਰ ਵਿੱਚ ਗੱਲ ਹੋ ਗਈ ਹੈ, ਤੁਸੀਂ ਸਾਢੇ ਛੇ ਲੱਖ ਰੁਪਿਆ ਫਲਾਣੇ ਅਕਾਊਂਟ ਵਿੱਚ ਪਾ ਦਿਉ। ਦੂਸਰਾ ਢੰਗ ਇਹ ਹੈ ਕਿ ਮੈਂ ਅਗਲੇ ਮਹੀਨੇ ਇੰਡੀਆ ਆ ਰਿਹਾ ਹਾਂ, ਕੋਈ ਮੋਬਾਇਲ ਵਗੈਰਾ ਲੈਣਾ ਹੈ ਤਾਂ ਦੱਸੋ। ਮੇਰੇ ਪਰਿਵਾਰ ਵਾਲੇ ਬਹੁਤ ਲਾਲਚੀ ਹਨ, ਮੈਂ ਉਨ੍ਹਾਂ ਤੋਂ ਚੋਰੀ ਤੁਹਾਡੇ ਬੈਂਕ ਖਾਤੇ ਵਿੱਚ ਦਸ ਲੱਖ ਰੁਪਏ ਪਾਉਣੇ ਚਾਹੁੰਦਾ ਹਾਂ ਜੋ ਮੈਂ ਇੰਡੀਆ ਆ ਕੇ ਲੈ ਲਵਾਂਗਾ, ਆਪਣਾ ਅਕਾਊਂਟ ਨੰਬਰ ਭੇਜੋ। ਜੇ ਚਾਹੋ ਤਾਂ ਵਿੱਚੋਂ ਦੋ ਕੁ ਲੱਖ ਤੁਸੀਂ ਵੀ ਰੱਖ ਸਕਦੇ ਹੋ। ਲਾਲਚ ਵਿੱਚ ਅੰਨ੍ਹਾਂ ਹੋਇਆ ਸ਼ਿਕਾਰ ਆਪਣਾ ਅਕਾਊਂਟ ਨੰਬਰ ਤੇ ਆਈ.ਐਫ.ਸੀ. ਕੋਡ ਵਗੈਰਾ ਭੇਜ ਦਿੰਦਾ ਹੈ। ਠੱਗ ਅੱਗੋਂ ਇੱਕ ਜਾਅਲੀ ਰਸੀਦ ਦੀ ਫੋਟੋ ਵਟਸਐਪ ਰਾਹੀ ਭੇਜ ਦਿੰਦਾ ਹੈ ਤੇ ਨਾਲ ਹੀ ਕਹਿ ਦਿੰਦਾ ਹੈ ਕਿ ਉਸ ਨੇ ਫਲਾਣੇ ਏਜੰਟ ਦੇ ਦੋ ਲੱਖ ਰੁਪਏ ਦੇਣੇ ਹਨ, ਉਹ ਫਲਾਣੇ ਅਕਾਊਂਟ ਵਿੱਚ ਪਾ ਦਿਉ। ਸ਼ਿਕਾਰ ਇਹ ਵੀ ਚੈੱਕ ਨਹੀਂ ਕਰਦਾ ਕਿ ਪੈਸੇ ਅਜੇ ਉਸ ਦੇ ਅਕਾਊਂਟ ਵਿੱਚ ਆਏ ਵੀ ਹਨ ਕਿ ਨਹੀਂ। ਤੀਸਰਾ ਤਰੀਕਾ ਇਹ ਹੈ




ਕਿ ਮੈਂ ਜਦੋਂ ਕੈਨੇਡਾ ਆਇਆ ਤਾਂ ਫਲਾਣੇ ਏਜੰਟ ਰਾਹੀਂ ਆਇਆ ਸੀ। ਮੈਂ ਉਸ ਦੇ ਡੇਢ ਕੁ ਲੱਖ ਰੁਪਏ ਦੇਣੇ ਹਨ। ਜੇ ਪੈਸੇ ਨਾ ਦਿੱਤੇ ਤਾਂ ਉਹ ਮੈਨੂੰ ਕੈਨੇਡਾ 'ਚੋਂ ਕਢਵਾ ਦੇਵੇਗਾ। ਜਲਦੀ ਜਲਦੀ ਉਸ ਦੇ ਅਕਾਊਂਟ ਵਿੱਚ ਪੈਸੇ ਪਾ ਦਿਉ। ਸ਼ਿਕਾਰ ਵਿਚਾਰਾ ਆਪਣੇ ਰਿਸ਼ਤੇਦਾਰ ਨੂੰ ਮੁਸੀਬਤ ਵਿੱਚ ਪਿਆ ਵੇਖ ਕੇ ਪੈਸੇ ਭੇਜ ਦਿੰਦਾ ਹੈ। ਇਹ ਸਾਰੇ ਅਕਾਊਂਟ ਜਾਅਲੀ ਆਈ.ਡੀ. ਨਾਲ ਬਣਾਏ ਹੁੰਦੇ ਹਨ ਜਿਸ ਕਾਰਨ ਜਿਆਦਾਤਰ ਕੇਸ ਟਰੇਸ ਨਹੀਂ ਹੁੰਦੇ।

ਪਿਛਲੇ ਹਫਤੇ ਮੈਨੂੰ ਵੀ ਇੱਕ ਅਜਿਹਾ ਹੀ ਫੋਨ ਆਇਆ ਤੇ ਉਹ ਹੀ ਘਿਸਿਆ ਪਿਟਿਆ ਸਵਾਲ ਪੁੱਛਿਆ ਗਿਆ ਕਿ ਤੁਹਾਡੇ ਯੂ.ਕੇ. ਜਾਂ ਕੈਨੇਡਾ ਵਿੱਚ ਕੋਈ ਰਿਸ਼ਤੇਦਾਰ ਜਾਂ ਦੋਸਤ ਰਹਿੰਦੇ ਹਨ। ਮੈਂ ਸਵਾਦ ਲੈਣ ਖਾਤਰ ਉਸ ਨੂੰ ਕਹਿ ਦਿੱਤਾ ਕਿ ਯੂ.ਕੇ. ਵਿੱਚ ਤਾਂ ਨਹੀਂ, ਪਰ ਇੰਗਲੈਂਡ ਵਿੱਚ ਜਰੂਰ ਰਹਿੰਦੇ ਹਨ। ਉਹ ਠੱਗ ਐਨਾ ਬੇਵਕੂਫ ਸੀ ਕਿ ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਯੂ.ਕੇ. ਤੇ ਇੰਗਲੈਂਡ ਇੱਕ ਹੀ ਦੇਸ਼ ਹੈ, ਉਹ ਬੋਲਿਆ, ਹਾਂ ਜੀ ਭਾਜੀ, ਯੂ.ਕੇ. ਤਾਂ ਮੇਰੇ ਮੂੰਹੋਂ ਐਵੇਂ ਈ ਨਿਕਲ ਗਿਆ ਅਸਲ ਵਿੱਚ ਮੈਂ ਇੰਗਲੈਂਡ ਹੀ ਰਹਿੰਦਾ ਆਂ। ਬੁੱਝੋ ਹਾਂ ਭਲਾ ਮੈਂ ਕੌਣ ਆਂ ? ਲੈ, ਕਦੇ ਆਪਣੇ ਖਾਸ ਬੰਦੇ ਵੀ ਭੁਲਾਏ ਜਾ ਸਕਦੇ ਆ ?ਮੈਂ ਤਾਂ ਤੈਨੂੰ ਪਹਿਲੀ ਸੱਟੇ ਪਛਾਣ ਗਿਆ ਸੀ। ਤੂੰ ਸਾਡੇ ਗੁਆਂਢੀ ਚਾਚੇ ਰੁਲਦੇ ਕਾਣੇ ਦਾ ਮੁੰਡਾ ਘਸੀਟਾ ਤਾਂ ਨਈਂ ਬੋਲਦਾ ? ਅਜਿਹੇ ਸੜੇ ਜਿਹੇ ਨਾਮ ਸੁਣ ਕੇ ਪਹਿਲਾਂ ਤਾਂ ਉਹ ਕੁਝ ਦੇਰ ਚੁੱਪ ਰਿਹਾ ਤੇ ਫਿਰ ਝੂਠੇ ਗਵਾਹ ਵਾਂਗ ਹੱਸ ਕੇ ਬੋਲਿਆ ਤੇ ਭਾਜੀ ਤੋਂ ਤੂੰ 'ਤੇ ਆ ਗਿਆ, ਮੰਨ ਗਿਆ ਭਰਾ ਤੈਨੂੰ, ਐਨੇ ਸਾਲਾਂ ਬਾਅਦ ਗੱਲ ਹੋਈ ਪਰ ਫਿਰ ਵੀ ਪਛਾਣ ਲਿਆ। ਤੇਰੇ ਨਾਲ ਇੱਕ ਕੰਮ ਆ, ਪਰ ਗੱਲ ਆਪਣੇ ਦੋਹਾਂ 'ਚ ਰਹੇ, ਤੇਰੇ ਜਾਂ ਮੇਰੇ ਪਰਿਵਾਰ ਨੂੰ ਪਤਾ ਨਾ ਚੱਲੇ। ਮੈਂ ਅਗਲੇ ਮਹੀਨੇ ਪਿੰਡ ਆ ਰਿਆਂ, ਤੂੰ ਕੋਈ ਗਿਫਟ ਵਗੈਰਾ ਮੰਗਾਉਣੀ ਹੋਵੇ ਤਾਂ ਦੱਸ ਦੇ। ਵੈਸੇ ਮੈਂ ਤੇਰੇ ਵਾਸਤੇ ਵਾਸਤੇ ਆਈਫੋਨ 6 ਪਰੋਮੈਕਸ ਲੈ ਲਿਆ ਆ। ਇਸ ਤੋਂ ਪਹਿਲਾਂ ਉਹ ਮੇਰਾ ਅਕਾਊਂਟ ਨੰਬਰ ਵਗੈਰਾ ਪੁੱਛਦਾ, ਮੈਂ ਕਿਹਾ, ਯਾਰ ਗੁੱਸਾ ਨਾ ਕਰੀਂ ਤੇ ਫੋਨ ਨਾ ਕੱਟੀਂ। ਮੈਂ ਤੇਰੇ ਕੁਝ ਵਿਹਾਰੀ ਗੱਲਾਂ ਕਰਨੀਆਂ ਹਨ।

ਠੱਗ ਮੰਨ ਗਿਆ ਤਾਂ ਮੈਂ ਪੁੱਛਿਆ, ਜਵਾਨਾਂ ਗੱਲ ਇਹ ਆ ਕਿ ਇੰਗਲੈਂਡ ਵਗੈਰਾ ਤੋਂ ਤਾਂ ਤੂੰ ਬੋਲਦਾ ਨਈਂ, ਤੇਰੀ ਕਾਲ ਵਿੱਚ ਤਾਂ ਮੁਰਗਿਆਂ ਦੀਆਂ ਬਾਂਗਾਂ ਦੀਆਂ ਅਵਾਜ਼ਾਂ ਵੀ ਆ ਰਹੀਆਂ ਨੇ। ਅਸਲ ਵਿੱਚ ਸੋਸ਼ਲ ਮੀਡੀਆ ਕਾਰਨ ਸਭ ਨੂੰ ਤੁਹਾਡੇ ਬਾਰੇ ਪਤਾ ਲੱਗ ਗਿਆ ਹੈ। ਚੱਲ ਹੁਣ ਇਹ ਤਾਂ ਦੱਸ ਦੇ ਕਿ ਕਿਹੜੇ ਸ਼ਹਿਰੋਂ ਪਿੰਡੋਂ ਬੋਲਦਾ ਆਂ ? ਉਹ ਹੱਸ ਕੇ ਬੋਲਿਆ, ਮੇਰਾ ਨਾਮ ਸਲੀਮ ਮੁਹੰਮਦ ਆ ਤੇ ਮੈਂ ਲਾਹੌਰ ਦੇ ਨਜ਼ਦੀਕ ਮੀਰਪੁਰ ਪਿੰਡ ਤੋਂ ਬੋਲ ਰਿਹਾ ਆਂ। ਮੇਰੀ ਸਕੂਟਰ ਰਿਪੇਅਰ ਦੀ ਵਰਕਸ਼ਾਪ ਆ ਤੇ ਨਾਲ ਨਾਲ ਇਹ ਕੰਮ ਵੀ ਚੱਲੀ ਜਾਂਦਾ ਆ। ਤੇਰੀ ਗੱਲ ਬਿਲਕੁਲ ਸਹੀ ਆ, ਪਹਿਲਾਂ ਤਾਂ ਹਫਤੇ ਦਸ ਦਿਨਾਂ ਬਾਅਦ ਇੱਕ ਦੋ ਮੁਰਗੇ ਫਸ ਜਾਂਦੇ ਸਨ ਪਰ ਹੁਣ ਸੋਸ਼ਲ ਮੀਡੀਆ ਨੇ ਵਾਕਿਆ ਈ ਸਾਡੇ ਧੰਦੇ ਦਾ ਬੇੜਾ ਗਰਕ ਕਰ ਕੇ ਰੱਖ ਦਿੱਤਾ ਆ। ਮੈਂ ਅਸਲ ਸਵਾਲ ਕੀਤਾ, ਯਾਰ ਇੱਕ ਗੱਲ ਮੈਨੂੰ ਸਮਝ ਨਹੀਂ ਆਉਂਦੀ। ਭਾਰਤ ਦੀ ਕਿਸੇ ਬੈਂਕ ਵਿੱਚ ਜਮ੍ਹਾਂ ਕਰਵਾਏ ਪੈਸੇ ਪਾਕਿਸਤਾਨ ਕਿਵੇਂ ਪਹੁੰਚ ਜਾਂਦੇ ਆ ? ਉਸ ਨੇ ਜਦੋਂ ਭੇਤ ਖੋਲ੍ਹਿਆ ਤਾਂ ਮੈਨੂੰ ਬਹੁਤ ਹੈਰਾਨੀ ਹੋਈ, ਹਿੰਦੋਸਤਾਨ ਤੋਂ ਪਾਕਿਸਤਾਨ ਜਾਂ ਪਾਕਿਸਤਾਨ ਤੋਂ ਹਿੰਦੋਸਤਾਨ ਕਿਸੇ ਵੀ ਬੈਂਕ ਰਾਹੀਂ ਪੈਸੇ ਟਰਾਂਸਫਰ ਨਹੀਂ ਹੋ ਸਕਦੇ। ਸਾਡੇ ਗੈਂਗ ਨਾਲ ਦੁਬਈ ਵਿੱਚ ਕੰਮ ਕਰਦੇ ਚੜ੍ਹਦੇ ਪੰਜਾਬ ਦੇ ਕੁਝ ਬੰਦੇ ਵੀ ਰਲੇ ਹੋਏ ਨੇ। ਸ਼ਿਕਾਰ ਦਾ ਮੋਬਾਇਲ ਨੰਬਰ ਵੀ ਉਹ ਹੀ ਲੱਭਦੇ ਨੇ ਤੇ ਬੈਂਕ ਅਕਾਊਂਟ ਵੀ ਉਹ ਹੀ ਖੁਲਵਾਉਂਦੇ ਨੇ। ਜਿਵੇਂ ਹੀ ਸ਼ਿਕਾਰ ਉਸ ਅਕਾਊਂਟ ਵਿੱਚ ਪੈਸਾ ਜਮ੍ਹਾਂ ਕਰਵਾਉਂਦਾ ਹੈ, ਉਹ ਨਾਲ ਦੀ ਨਾਲ ਦੁਬਈ ਪਹੁੰਚ ਜਾਂਦਾ ਹੈ। ਉਹ ਆਪਣਾ ਹਿੱਸਾ ਕੱਟ ਕੇ ਬਾਕੀ ਪੈਸੇ ਸਾਨੂੰ ਭੇਜ ਦਿੰਦੇ ਨੇ।

ਇਸ ਦੌਰਾਨ ਮੈਂ ਉਸ ਨੂੰ ਇਹ ਨਹੀਂ ਸੀ ਦੱਸਿਆ ਕਿ ਮੈਂ ਪੁਲਿਸ ਅਫਸਰ ਰਿਹਾ ਹਾਂ। ਜਦੋਂ ਗੱਲ ਬਾਤ ਖਤਮ ਹੋ ਗਈ ਤਾਂ ਉਹ ਹੱਸ ਕੇ ਬੋਲਿਆ, ਤੈਨੂੰ ਹੁਣ ਸਾਡੇ ਧੰਦੇ ਬਾਰੇ ਮੋਟੀ ਮੋਟੀ ਜਾਣਕਾਰੀ ਤਾਂ ਪਤਾ ਲੱਗ ਈ ਗਈ ਆ, ਜੇ ਰਲਣਾ ਈ ਤਾਂ ਸੋਚ ਲੈ। ਆਪਣੇ ਇਲਾਕੇ ਦੀਆਂ ਮੋਟੀਆਂ ਸਾਮੀਆਂ ਦੇ ਨੰਬਰ ਸਾਨੂੰ ਭੇਜੀ ਜਾਈਂ, ਅਸੀਂ ਹਲਾਲ ਕਰ ਕੇ ਇਮਾਨਦਾਰੀ ਨਾਲ ਤੇਰਾ ਹਿੱਸਾ ਤੇਰੇ ਕੋਲ ਪੁੱਜਦਾ ਕਰਦਿਆ ਕਰਾਂਗੇ। ਉਸ ਠੱਗ ਦੇ ਮੂੰਹੋ ਇਮਾਨਦਾਰੀ ਸ਼ਬਦ ਸੁਣ ਕੇ ਮੇਰਾ ਹਾਸਾ ਨਿਕਲ ਗਿਆ ਤੇ ਮੈਂ ਫੋਨ ਕੱਟ ਕੇ ਨੰਬਰ ਬਲੌਕ ਕਰ ਦਿੱਤਾ।

# ਵਿਤਕਰਾ

ਦੀਪ ਸਿੰਘ ਦੀਪ
ਮੋਬਾ: 98760-04714

ਆਪਣੀ ਬੱਚੀ ਨਾਲ ਸੁੱਤੀ ਪਈ ਨੂੰ ਦਰਵਾਜ਼ੇ ਦੀ ਚਰ-ਚਰ ਦੀ ਆਵਾਜ਼ , ਚੀਕ ਅਤੇ ਆਓ ਜੀ.........ਜੀ ਆਇਆਂ ਨੂੰ...... ਦੀਆਂ ਰਲਮੀਆਂ ਮਿਲੀਆਂ ਆਵਾਜ਼ਾਂ ਨੇ ਉਸ ਨੂੰ ਜਗਾ ਦਿੱਤਾ।

ਮਿਹਰ ਨੇ ਦੇਖਿਆ ਕਿ ਦਰਵਾਜੇ ਉੱਪਰ ਉਸਦੀ ਸੱਸ ਹੱਥ ਵਿੱਚ ਝੋਲਾ ਫੜੀ ਖੜੀ ਸੀ ਅਤੇ ਅੰਦਰ ਆਉਂਦੇ ਹੋਏ ਆਖ ਰਹੀ ਸੀ,÷ ਆਈ ਭੈਣੇ....... ਆਉਣਾ ਹੀ ਸੀ , ਹੁਣ ਜੱਗ ਦੀਆਂ ਰੀਤਾਂ ਵੀ ਤਾਂ ਨਿਭਾਉਣੀਆਂ ਹੀ ਪੈਂਦੀਆਂ ਨੇ।÷ ਭੂਆ ਮਿਹਰ ਦੇ ਮੰਜੇ ਕੋਲ ਕੁਰਸੀ ਰੱਖ ਕੇ ਪਾਣੀ ਲੈਣ ਚਲੀ ਗਈ ਮਿਹਰ ਨੇ ਉੱਠ ਕੇ ਪੈਰੀ ਹੱਥ ਲਾਉਣੇ ਚਾਹੇ ਪਰ ਸੱਸ ਨੇ ਕੁਰਸੀ ਉੱਤੇ ਬੈਠਦੇ ਹੋਏ ਹੱਥ ਨਾਲ ਲੇਟੇ ਰਹਿਣ ਦਾ ਇਸ਼ਾਰਾ ਕੀਤਾ ਅਤੇ ਉਸਦੀ @ਸਤਿ ਸ੍ਰੀ ਅਕਾਲ@ ਦੇ ਜਵਾਬ ਵਿੱਚ ਸਿਰ ਹਿਲਾ ਦਿੱਤਾ। ਮਿਹਰ ਨੇ ਘਰ ਦੀ ਰਾਮ ਸਤ ਪੁੱਛੀ ਪਰ ਉਹ ਉਸ ਦੀ ਗੱਲ ਦਾ ਜਵਾਬ ਦਿੱਤੇ ਬਿਨਾਂ ਹੀ ਬੋਲੀ.........÷ਮੇਰੇ ਤਾਂ ਪਹਿਲਾਂ ਹੀ ਤਿੰਨ ਧੀਆਂ ਸੀ ਹੁਣ ਤੂੰ ਵੀ ਇਹ ਪੱਥਰ ਜੰਮ ਕੇ ਮੇਰੇ ਮੱਥੇ ਮਾਰਿਆ।÷ ਬੋਲ ਸੁਣ ਕੇ ਜਾਪਿਆ ਜਿਵੇਂ ਮਿਹਰ ਦਾ ਅੰਦਰ ਪਾਟ ਗਿਆ ਹੋਵੇ ਉਸ ਨੂੰ ਆਸ ਸੀ ਕਿ ਉਸ ਨੂੰ ਨਾ ਸਹੀ ਉਸ ਦੀ ਸੱਸ ਆ ਕੇ ਉਸਦੀ ਧੀ ਨੂੰ ਤਾਂ ਪਿਆਰ ਦੁਲਾਰ ਕਰੇਗੀ । ਉਸ ਦੇ ਅੰਦਰ ਗੁੱਸੇ ਦਾ ਗੁਬਾਰ ਉੱਠਿਆ ਉਸ ਦਾ ਦਿਲ ਕੀਤਾ ਕਿ ਉਹ ਮੰਜੀ ਤੋਂ ਉੱਠੇ ਅਤੇ ਆਪਣੀ ਉਸ ਕਲਮੂੰਹੀ ਸੱਸ ਦਾ ਮੂੰਹ ਨੋਚ ਲਵੇ; ਪਰ ਅਗਲੇ ਹੀ ਪਲ ਉਸਨੂੰ ਜਪਿਆ ਜਿਵੇਂ ਨਾ ਤਾਂ ਉਸ ਵਿੱਚ ਸਾਹ ਸੱਤ ਸੀ ਅਤੇ ਨਾ ਹੀ ਉਸਦੇ ਹੌਂਸਲੇ ਵਿੱਚ। ਮਿਹਰ ਦੀ ਭੂਆ ਸਾਰੀ ਸਥਿਤੀ ਭਾਂਪ ਗਈ ਅਤੇ ਜਲਦੀ ਗੱਲ ਸੰਭਾਲਦੀ ਹੋਈ ਬੋਲੀ,÷ ਚਲੋ ਭੈਣ ਜੀ ....ਮੈਂ ਤੁਹਾਡੇ ਲਈ ਮੰਜੀ ਡਾਹ ਕੇ ਪੱਖਾ ਚਲਾ ਦਿੰਦੀ ਹਾਂ ; ਤੁਸੀਂ ਗਰਮੀ ਚੋਂ ਆਏ ਹੋ÷ ਅਤੇ ਉਠਾ ਕੇ ਆਪਣੇ ਨਾਲ ਲੈ ਗਈ। ਮਿਹਰ ਨੇ ਇੱਕ ਲੰਮਾ ਸਾਹ ਲਿਆ ਅਤੇ ਅੱਖਾਂ ਬੰਦ ਕਰਕੇ ਲੇਟ ਗਈ। ਉਸ ਨੂੰ ਆਪਣੀ ਧੀ ਦੀ ਆਉਣ ਵਾਲੀ ਜ਼ਿੰਦਗੀ ਅਤੇ ਆਪਣੀ ਪਿਛਲੀ ਜ਼ਿੰਦਗੀ ਦਾ ਝੌਲਾ ਪੈਣ ਲੱਗਾ ਉਸ ਨੂੰ ਯਾਦ ਆਇਆ ਕਿ ਉਹ ਬਚਪਨ ਕਿਵੇਂ ਉਹ ਬਚਪਨ ਵਿੱਚ ਮਸਤੀਆਂ ਅਠਖੇਲੀਆਂ ਕਰਦੀ ਮੌਜਾਂ ਕਰਦੀ ਸੀ। ਸਾਰੇ ਉਸ ਉੱਤੇ ਕਿੰਨਾ ਪਿਆਰ ਲੁਟਾਉਂਦੇ ਸੀ। ਉਹ ਸਭ ਦੀ ਕਿੰਨੀ ਲਾਡਲੀ ਸੀ ਉਹ ਜਦ ਵੀ ਛੁੱਟੀਆਂ ਵਿੱਚ ਆਪਣੀ ਭੂਆ ਕੋਲ ਜਾਂਦੀ ਹੁੰਦੀ ਸੀ ਤਾਂ ਉੱਥੇ ਉਸਨੂੰ ਸਾਰੇ ਬੜਾ ਪਿਆਰ ਕਰਦੇ ਇਸ ਕਰਕੇ ਉੱਥੇ ਉਸਦਾ ਦਿਲ ਵੀ ਵਾਹਵਾ ਲੱਗਦਾ ਸੀ ਮਾਂ ਤੋਂ ਬਿਨਾਂ ਦਾਦੀ ਨੇ ਉਸਨੂੰ ਬੜਾ ਔਖਾ ਹੋ ਕੇ ਪਾਲਿਆ ਸੀ ਮਾਂ ਦੇ ਹਿੱਸੇ ਤਾਂ ਪਿਆਰ ਉਸਨੂੰ ਆਪਣੀ ਦਾਦੀ ਅਤੇ ਭੂਆ ਤੋਂ ਹੀ ਮਿਲਿਆ ਸੀ। ਮਿਹਰ ਦੇ ਪਿਤਾ ਨੇ ਵੀ ਉਸ ਨੂੰ ਬੜੇ ਲਾਡਾਂ ਨਾਲ ਪੁੱਤਾਂ ਵਾਂਗ ਪਾਲਿਆ ਸੀ ਉਹ ਉਸਨੂੰ ਧੀ ਕਹਿਣ ਦੀ ਬਜਾਏ ਹਮੇਸ਼ਾ ਪੁੱਤ ਕਹਿ ਕੇ ਬੁਲਾਉਂਦਾ ਸੀ ਉਹ ਆਪਾਂ ਭਾਵੇਂ ਕਿੰਨਾ ਵੀ ਔਖਾ ਕਿਉਂ ਨਾ ਹੁੰਦਾ ਉਸਨੇ ਕਦੇ ਮਿਹਰ ਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਨਹੀਂ ਸੀ ਹੋਣ ਦਿੱਤੀ ਉਹ ਆਪਣੇ ਆਪ ਨੂੰ ਕੋਈ ਰਾਜਕੁਮਾਰੀ ਸਮਝਦੀ ਸੀ ਤੇ ਬਾਬਲ ਉਸ ਨੂੰ ਕੋਈ ਦੇਸਾਂ ਦਾ ਰਾਜਾ ਲੱਗਦਾ ਜੋ ਉਸਦੇ ਮੂੰਹੋਂ ਕਈ ਹਰ ਚੀਜ਼ ਹਾਜ਼ਰ ਕਰ ਦਿੰਦਾ ਸੀ। ਦੁੱਖਾਂ ਤੋਂ ਅਣਜਾਣ ਉਸਦੀ ਜ਼ਿੰਦਗੀ ਦਾ ਇਹ ਖੁਸ਼ਨੁਮਾ ਸੁਪਨਾ ਉਦੋਂ ਟੁੱਟਿਆ ਜਦੋਂ ਉਸ ਦੀ ਪਿਆਰੀ ਦਾਦੀ ਮਾਂ ਵੀ ਉਸ ਨੂੰ ਛੱਡ ਕੇ ਚੱਲ ਵਸੀ। ਅਤੇ ਉਸ ਉੱਪਰ ਜਿਵੇਂ ਦੁੱਖਾਂ ਮੁਸੀਬਤਾਂ ਦਾ ਪਹਾੜ ਟੁੱਟ ਗਿਆ ਹੋਵੇ ਉਹ ਅਜੇ ਇਸ ਦੁੱਖ ਤੋਂ ਉਭਰੀ ਵੀ ਨਹੀਂ ਸੀ ਕਿ ਰਿਸ਼ਤੇਦਾਰਾਂ ਸਾਕ ਸਬੰਧੀਆਂ ਨੇ ਮਾਂ ਮਹੀਟਰ ਜਵਾਨ ਕੁੜੀ ਦਾ ਇਕੱਲੀ ਘਰ ਰਹਿਣਾ ਠੀਕ ਨਹੀਂ ਕਹਿ-ਕਹਿ ਕੇ ਉਸਦੇ ਬਾਪੂ ਤੇ ਜਲਦੀ ਮਿਹਰ ਦਾ ਵਿਆਹ ਕਰ ਦੇਣ ਦੇ ਦਬਾਅ ਵੀ ਪਾਉਣਾ ਸ਼ੁਰੂ ਕਰ ਦਿੱਤਾ। ਉਸਦੇ ਬਾਪੂ ਨੇ ਵੀ ਭਾਈਚਾਰੇ ਦੀ ਗੱਲ ਮੰਨਦਿਆਂ ਜਲਦੀ-ਜਲਦੀ ਵਿੱਚ ਉਸਦਾ ਰਿਸ਼ਤਾ ਕਰ ਦਿੱਤਾ। ਅਤੇ ਮਿਹਰ ਨੂੰ ਕਹਿਕੇ ਕਿ ਤੈਨੂੰ ਮਾਂ ਮਿਲ ਜਾਊ ਪੂਰੇ ਪਰਿਵਾਰ ਦਾ ਪਰਿਵਾਰ ਮਿਲੂ । ਮਨਾ ਲਿਆ ਆਥਣ ਸਵੇਰ ਬਿਨਾਂ ਕਿਸੇ ਦੇਰ ਦੇ ਉਸ ਦਾ ਵਿਆਹ ਕਰ ਦਿੱਤਾ ਵਿਆਹ ਤੋਂ ਬਾਅਦ ਉਹ ਬੜੀ ਖੁਸ਼ ਸੀ। ਨਵਾਂ ਘਰ ਬਾਰ ਉਸ ਨੂੰ ਬੜਾ ਵਧੀਆ-ਵਧੀਆ ਲੱਗਾ। ਸਾਰੇ ਉਸਨੂੰ ਬੜਾ ਪਿਆਰ ਕਰਦੇ ਅਤੇ ਉਹ ਵੀ ਖੁਸ਼ੀ ਖੁਸ਼ੀ ਭੱਜ-ਭੱਜ ਸਾਰੇ ਕੰਮ ਕਾਰ ਕਰਦੀ ਰਹਿੰਦੀ । ਪਰ ਉਸਦੀਆਂ ਇਹ ਖੁਸ਼ੀਆਂ ਰੇਤ ਦੇ ਮਹਿਲ ਵਾਂਗ ਜਲਦੀ ਹੀ ਢੇਰੀ ਹੋ ਗਈਆਂ। ਹੌਲੀ-ਹੌਲੀ ਉਸਦੀ ਸੱਸ ਨੇ ਉਸਦੇ ਕੰਮਾਂ ਵਿੱਚ ਨੁਕਤਾ-ਚੀਨੀਆਂ ਸ਼ੁਰੂ ਕਰ ਦਿੱਤੀਆਂ ਕਦੇ ਉਹ ਗੱਲਾਂ ਗੱਲਾਂ ਵਿੱਚ ਉਸਨੂੰ ਦਾਜ ਦੇ ਮਿਹਣੇ ਮਾਰਦੀ। ਹੱਦ ਤਾਂ ਉਦੋਂ ਹੀ ਜਦੋਂ ਬੁਖਾਰ ਕਾਰਨ ਉਸ ਕੋਲੋਂ ਮੰਜੇ ਤੋਂ ਨਾ ਉੱਠਿਆ ਗਿਆ ਅਤੇ ਉਹ ਕੋਈ ਘਰ ਦਾ ਕੰਮ ਨਾ ਕਰ ਸਕੀ ਤਾਂ ਸੱਸ ਉਸ ਨੂੰ ਖੇਖਣ ਕਰਦੀਆਂ ਕਹਿ ਕੇ ਉਸਦੇ ਪਤੀ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ । ਫਿਰ ਕੀ ਸੀ ਨਾ ਉਸ ਨੇ ਆ ਦੇਖਿਆ ਨਾ ਤਾ ਤੇ ਮਿਹਰ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ। ਫਿਰ ਜਦੋਂ ਘਰ ਮਿਹਰ ਦੇ ਪੇਟ ਵਿੱਚ ਬੱਚਾ ਹੋਣ ਬਾਰੇ ਪਤਾ ਚੱਲਿਆ ਤਾਂ ਉਸ ਦੀ ਸੱਸ ਨੇ ਉਸ ਨੂੰ ਗੱਲ ਗੱਲ ਤੇ ਮੁੰਡਾ ਹੋਣ ਤੇ ਮੁੰਡਾ ਹੀ ਹੋਣ ਦੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਮਿਹਰ ਨੂੰ ਕੋਈ ਫਰਕ ਨਹੀਂ ਪੈਂਦਾ ਸੀ ਕਿ ਮੁੰਡਾ ਹੋਵੇ ਜਾਂ ਕੁੜੀ। ਉਸਨੂੰ ਪਹਿਲਾਂ ਤੋਂ ਹੀ ਆਪਣੇ ਪੇਟ ਵਿੱਚ ਪਲ ਰਹੇ ਬੱਚੇ ਨਾਲ ਮੋਹ ਜਿਹਾ ਹੋ ਗਿਆ ਸੀ। ਫਿਰ ਉਸ ਦੀ ਭੂਆ ਉਸਨੂੰ ਆਪਣੇ ਪਿੰਡ ਲੈ ਆਈ ਉਹ ਆਪਣੀ ਭੂਆ ਨਾਲ ਵਿਚਰਦਿਆਂ ਸਾਰੀਆਂ ਦੁੱਖ ਤਕਲੀਫਾਂ ਭੁੱਲ ਗਈ ਜਿਵੇਂ ਇੱਕ ਧੀ ਆਪਣੀ ਮਾਂ ਕੋਲ ਆ ਕੇ ਭੁੱਲ ਜਾਂਦੀ ਹੈ। ਉਸ ਨੂੰ ਦਰਦ ਹੁੰਦਾ ਜਾਂ ਕੋਈ ਹੋਰ ਤਕਲੀਫ ਹੁੰਦੀ ਉਸ ਦੀ ਭੂਆ ਦੀ ਖੂਬ ਖਾਤਿਰਦਾਰੀ ਕਰਦੀ। ਫਿਰ ਇੱਕ ਦਿਨ ਉਸਨੂੰ ਦਰਦ ਉੱਠਿਆ ਉਸਨੇ ਜਨੇਪਾ ਪੀੜਾ ਸਹੀਆਂ ਅਤੇ ਇੱਕ ਬੱਚੇ ਨੂੰ ਜਨਮ ਦਿੱਤਾ। ਜਦੋਂ ਉਸਨੇ ਆਪਣੀ ਫੁੱਲਾਂ ਵਰਗੀ ਧੀ ਨੂੰ ਦੇਖਿਆ ਤਾਂ ਬੜੀ ਖੁਸ਼ ਹੋਈ। ਉਸ ਨੂੰ ਜਾਪਿਆ ਜਿਵੇਂ ਉਸ ਦੁਬਾਰਾ ਆਪਣੀ ਧੀ ਦੇ ਰੂਪ ਵਿੱਚ ਜਨਮ ਲੈ ਲਿਆ ਹੋਵੇ। ਉਸ ਨੂੰ ਆਪਣੀ ਧੀ ਦਾ ਬੜਾ ਪਿਆਰ ਆਉਂਦਾ। ਪਰ ਜਦੋਂ ਉਸ ਦੇ ਸਹੁਰੇ ਘਰ ਕੁੜੀ ਹੋਣ ਬਾਰੇ ਪਤਾ ਚੱਲਿਆ ਤਾਂ ਨਾ ਕੋਈ ਉਸਦਾ ਪਤਾ ਲੈਣ ਲਈ ਆਇਆ ਤੇ ਨਾ ਹੀ ਕੋਈ ਕੁੜੀ ਦਾ ਮੂੰਹ ਦੇਖਣ। ਅੱਜ ਉਸਦੀ ਸੱਸ ਆਈ ਸੀ ਉਸਦਾ ਹੁਣ ਨਾ ਆਉਣ ਨਾਲੋਂ ਵੀ ਭੈੜਾ ਸੀ। ਉਸਨੇ ਆ ਕੇ ਮਿਹਰ ਦੇ ਪੁਰਾਣੇ ਦਰਦ ਜਖਮ ਫਿਰ ਤੋਂ ਹਰੇ ਕਰ ਦਿੱਤੇ ਸੀ ; ਜਿਨਾਂ ਨੂੰ ਉਹ ਆਪਣੀ ਬੱਚੀ ਨਾਲ ਲਾਡ ਕਰਦੀ ਭੁੱਲ ਭੁਲਾ ਗਈ ਸੀ। ਅੱਜ ਉਹ ਲਗਭਗ ਡੇਢ ਮਹੀਨੇ ਦੀ ਹੋ ਗਈ ਸੀ ਤੇ ਕਿਸੇ ਨੂੰ ਵੀ ਬੱਚੀ ਦਾ ਨਾਂ ਰੱਖਣ ਵਿੱਚ ਇਹ ਕੋਈ ਦਿਲਚਸਪੀ ਨਹੀਂ ਸੀ। ਪਰ ਮਿਹਰ ਨੂੰ ਉਸਦਾ ਬੜਾ ਪਿਆਰ ਆਉਂਦਾ ਉਹ ਲਾਡ ਕਰਦੀ ਇਸਨੂੰ ਉਹ ਕੁਦਰਤ ਵੱਲੋਂ ਬਖਸ਼ੀ ਕੋਈ ਨਿਆਮਤ ਲੱਗਦੀ ਸੀ ਇਸ ਲਈ ਉਸਨੇ ਮਨ ਹੀ ਮਨ ਉਸ ਦਾ ਨਾਂ @ਨਿਆਮਤ@ ਰੱਖਣ ਬਾਰੇ ਫੈਸਲਾ ਕਰ ਲਿਆ। ਉਸਨੂੰ ਬੜਾ ਪਿਆਰ ਕਰਦੀ,ਕਦੇ ਉਸ ਨਾਲ ਖੇਡਦੀ-ਖੇਡਦੀ ਮਾਯੂਸ ਹੋ ਜਾਂਦੀ ਕਿਉਂਕਿ ਉਸਨੂੰ ਇਸ ਭੈੜੇ ਸਮਾਜ ਵਿੱਚ ਆਪਣੀ ਧੀ ਦਾ ਭਵਿੱਖ ਵੀ ਆਪਣੇ ਵਰਗਾ ਹੀ ਨਜ਼ਰ ਆਉਂਦਾ। ਉਸਨੂੰ ਜਾਪਿਆ ਜਿਵੇਂ ਸਾਰੀਆਂ ਕੁੜੀਆਂ ਦੀ ਕਹਾਣੀ ਅਤੇ ਭਵਿੱਖ ਲਗਭਗ ਇੱਕੋ ਜਿਹਾ ਹੋਵੇ......... @ਵਿਤਕਰੇ@ ਭਰਿਆ।

## ਬੇਹੱਦ ਜਰੂਰੀ ਹੈ ਔਖੇ ਸਮੇਂ ਵਿੱਚ ਆਪਣੇ ਆਪ ਨੂੰ ਮਜ਼ਬੂਤ ਬਣਾਉਣਾ

ਦੋਸਤੋ ਜ਼ਿੰਦਗੀ ਦੇ ਰਾਹਾਂ ਵਿੱਚ ਮੁਸੀਬਤਾਂ ਤਾਂ ਆਉਣਾ ਸੁਭਾਵਿਕ ਹੀ ਹੈ। ਹਰ ਇੱਕ ਮਨੁੱਖ ਦੀ ਜ਼ਿੰਦਗੀ ਵਿੱਚ ਉਤਰਾ ਚੜਾਅ ਆਉਂਦੇ ਹੀ ਰਹਿੰਦੇ ਹਨ। ਕਈ ਵਾਰ ਅਜਿਹਾ ਸਮਾਂ ਵੀ ਆਉਂਦਾ ਹੈ ਜਦੋਂ ਅਸੀਂ ਬਿਲਕੁਲ ਇਕੱਲੇ ਰਹਿ ਜਾਂਦੇ ਹਾਂ। ਚਾਹੇ ਸਾਡੇ ਕੋਲ ਲੱਖ ਇਨਸਾਨ ਹੋਣ ਪਰ ਅਸੀਂ ਫਿਰ ਵੀ ਆਪਣੀ ਹੋਂਦ ਇਕੱਲੀ ਮਹਿਸੂਸ ਕਰਦੇ ਹਾਂ। ਅਜਿਹਾ ਇਸ ਲਈ ਹੁੰਦਾ ਕਿਉਕਿ ਅਸੀਂ ਜਿਸ ਚੀਜ ਨਾਲ ਨੇੜਤਾ ਮਹਿਸੂਸ ਕਰਦੇ ਜੇਕਰ ਉਹ ਸਾਡੇ ਤੋ ਦੂਰ ਹੋ ਜਾਂਦੀ ਹੈ ਤਾ ਅਸੀਂ ਅਜਿਹੀ ਸਥਿਤੀ ਦਾ ਸ਼ਿਕਾਰ ਹੋ ਜਾਂਦੇ ਹਾਂ ਭਾਵ ਅਸੀਂ ਸਭ ਕੁੱਝ ਕੋਲ ਹੁੰਦੇ ਵੀ ਸਿਰਫ ਉਸ ਚੀਜ ਨੂੰ ਹੀ ਲੱਭਦੇ ਰਹਿੰਦੇ ਹਾਂ। ਜੋ ਸਾਡੇ ਤੋਂ ਖੁੱਸ ਚੁੱਕੀ ਹੁੰਦੀ ਹੈ। ਬੀਤੇ ਵੇਲੇ ਨੂੰ ਯਾਦ ਕਰਕੇ ਅਸੀਂ ਆਪਣੇ ਆਉਣ ਵਾਲੇ ਸਮੇਂ ਦੇ ਹੁਸੀਨ ਪਲ ਗੁਆ ਬੈਠਦੇ ਹਾਂ। ਜਰੂਰੀ ਨਹੀਂ ਹੁੰਦਾ ਕਿ ਜੇ ਅੱਜ ਔਖਾ ਸਮਾਂ ਆਇਆ ਹੈ ਕੱਲ ਨੂੰ ਵੀ ਏਹੋ ਹੀ ਰਹੇ ਕੀ ਪਤਾ ਪਰਮਾਤਮਾ ਨੇ ਤੁਹਾਡੇ ਲਈ ਚੰਗਾ ਸੋਚ ਰੱਖਿਆਂ ਹੋਵੇ। ਤੁਹਾਡੀ ਜ਼ਿੰਦਗੀ ਦੇ ਆਉਣ ਵਾਲੇ ਪਲ ਚੰਗੇ ਹੋਣ। ਮੈ ਇਹ ਨਹੀਂ ਕਹਿੰਦੀ ਕੀ ਪੁਰਾਣੇ ਸਮੇਂ ਨੂੰ ਭੁੱਲੋ ਪਰ ਨਾਲ ਲੈਕੇ ਵੀ ਜ਼ਿੰਦਗੀ ਨਹੀਂ ਲੰਘਦੀ ਕਿਉਂਕਿ ਅਸੀਂ ਉਹਨਾਂ ਸਮਾਂ ਆਪਣੀ ਜ਼ਿੰਦਗੀ ਵਿੱਚ ਨਵੀਆਂ ਚੀਜਾਂ ਨੂੰ ਤਬਦੀਲੀਆਂ ਨੂੰ ਸਹਿਣ ਨਹੀਂ ਕਰ ਸਕਦੇ ਅਪਣਾ ਨਹੀਂ ਸਕਦੇ ਜਿੰਨਾ ਸਮਾਂ ਅਸੀਂ ਭੂਤਕਾਲ ਵਿੱਚੋਂ ਬਾਹਰ ਨਹੀਂ ਆਉਂਦੇ। ਸੋ ਭੂਤਕਾਲ ਨੂੰ ਇੱਕ ਕੋਨੇ ਵਿੱਚ ਰੱਖ ਹਮੇਸਾ ਅੱਗੇ ਬਾਰੇ ਸੋਚਣਾ ਸਿੱਖੋ । ਬੇਹੱਦ ਜਰੂਰੀ ਹੋ ਜਾਦਾ ਹੈ ਔਖੇ ਸਮੇਂ ਵਿੱਚ ਆਪਣੇ ਆਪ ਨੂੰ ਮਜਬੂਤ ਬਣਾਉਣਾ। ਜੇਕਰ ਸਾਡੇ ਅੰਦਰ ਲੜਨ ਦੀ ਸਕਤੀ ਖਤਮ ਹੋ ਜਾਵੇਗੀ ਤਾਂ ਅਸੀਂ ਮੁਸੀਬਤਾਂ ਨਾਲ ਕਿਵੇਂ ਲੜ ਸਕਦੇ ਹਾਂ। ਮੁਸੀਬਤਾਂ ਤਾ ਜ਼ਿੰਦਗੀ ਵਿੱਚ ਪਾਣੀ ਦੇ ਵਹਾਅ ਦੀ ਤਰਾਂ ਆਉਦੀਆਂ ਰਹਿੰਦੀਆਂ ਹਨ ਤੇ ਸਾਹਸੀ ਬਹਾਦਰ ਲੋਕ ਉਹਨਾਂ ਨੂੰ ਪਾਰ ਕਰਦੇ ਜਾਂਦੇ ਹਨ ਇੱਕ ਦਿਨ ਮੰਜਿਲ ਪ੍ਰਾਪਤ ਕਰ ਲੈਂਦੇ ਹਨ। ਜੇਕਰ ਤੁਸੀਂ ਮੁਸੀਬਤਾਂ ਨੂੰ ਪਾਰ ਕਰਦੇ ਹੋ ਤਾਂ ਤੁਸੀਂ ਜ਼ਿੰਦਗੀ ਵਿੱਚ ਆਉਣ ਵਾਲੀ ਹਰ ਚੁਣੌਤੀ ਨੂੰ ਸਵੀਕਾਰ ਕਰ ਸਕਦੇ ਹੋ ।

### ਸੰਨ 47 ਦੀ ਵੰਡ ਨੂੰ ਸਮਰਪਤ

# ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ - 2024 ਨਵੀਆਂ ਪੈੜਾਂ ਸਥਾਪਤ ਕਰ ਗਿਆ

ਇਕਵਾਕ ਸਿੰਘ
9478767620

ਇੱਕ ਖ਼ਬਰ ਅਨੁਸਾਰ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਹੜੇ ਵਿੱਚ ਸਜੇ 'ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ' ਦੌਰਾਨ ਡੇਢ ਲੱਖ ਤੋਂ ਵੱਧ ਸਾਹਿਤ ਪ੍ਰੇਮੀਆਂ, ਵਿਦਿਆਰਥੀਆਂ, ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਸ਼ਿਰਕਤ ਕੀਤੀ। ਇੱਕ ਸੌ ਪੰਜਾਹ ਤੋਂ ਵੱਧ ਲੱਗੇ ਕਿਤਾਬਾਂ ਦੇ ਸਟਾਲਾਂ ਤੋਂ ਕਰੀਬ ਸੱਤਰ ਲੱਖ ਰੁਪਏ ਤੋਂ ਵੱਧ ਦੀਆਂ ਕਿਤਾਬਾਂ ਇਸ ਉਤਸਵ ਅਤੇ ਪੁਸਤਕ ਮੇਲੇ ਦੌਰਾਨ ਪਾਠਕਾਂ ਵੱਲੋਂ ਖ੍ਰੀਦੀਆਂ ਗਈਆਂ। ਖ਼ਾਲਸਾ ਕਾਲਜ ਵੱਲੋਂ ਅਰੰਭ ਕੀਤਾ ਹੋਇਆ ਇਹ ਸਲਾਨਾ ਸਾਹਿਤ ਕੁੰਭ ਹਰ ਸਾਲ ਨਵੀਆਂ ਪੁੱਲਾਂਘਾਂ ਪੁੱਟਦਾ ਜਾ ਰਿਹਾ ਹੈ ਅਤੇ ਇਸ ਸਾਲ ਵੀ ਨਵੀਆਂ ਪੈੜਾਂ ਸਥਾਪਤ ਕਰ ਗਿਆ।

ਸਿੱਖ ਪੰਥ ਅਤੇ ਪੰਜਾਬ ਦੀ ਮਾਣਮੱਤੀ ਵਿੱਦਿਅਕ ਸੰਸਥਾ 'ਖ਼ਾਲਸਾ ਕਾਲਜ-ਅੰਮ੍ਰਿਤਸਰ ਸਾਹਿਬ' ਦੇ ਵਿਹੜੇ ਵਿੱਚ ਗੁਰਬਾਣੀ ਸ਼ਬਦ ਗਾਇਨ ਨਾਲ 19 ਨਵੰਬਰ ਨੂੰ ਅਰੰਭ ਹੋਏ 9ਵੇਂ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ-2024 ਦਾ ਉਦਘਾਟਨ ਖ਼ਾਲਸਾ ਯੂਨੀਵਰਸਿਟੀ ਦੇ ਉੱਪ-ਕੁੱਲਪਤੀ ਡਾ. ਮਹਿਲ ਸਿੰਘ ਅਤੇ ਪੰਜਾਬ ਦੇ ਮੰਨੇ-ਪ੍ਰਮੰਨੇ ਅਦਾਕਾਰ ਅਤੇ ਹਾਸਰਸੀ ਸ਼ਖ਼ਸੀਅਤ ਗੁਰਪ੍ਰੀਤ ਘੁੱਗੀ ਨੇ ਕੀਤਾ। ਪੰਜ ਦਿਨ (23 ਨਵੰਬਰ ਤੱਕ) ਕਾਮਯਾਬੀ ਨਾਲ ਚੱਲਣ ਵਾਲੇ ਇਸ ਉਤਸਵ ਅਤੇ ਪੁਸਤਕ ਮੇਲੇ ਨੂੰ ਸੰਨ 1947 ਦੀ ਵੰਡ ਨੂੰ ਸਮਰਪਤ ਕੀਤਾ ਗਿਆ ਸੀ। ਇਸ ਥੀਮ ਅਨੁਸਾਰ ਹੀ ਸਟੇਜ ਉੱਤੋਂ ਬਹੁਤ ਸਾਰੀਆਂ ਪੇਸ਼ਕਾਰੀਆਂ, ਲੈਕਚਰ ਅਤੇ ਸੈਮੀਨਾਰ ਸਮੇਤ ਡਾਕੂਮੈਂਟਰੀ ਫ਼ਿਲਮਾਂ ਅਤੇ ਨਾਟਕਾਂ ਦੀ ਪੇਸ਼ਕਾਰੀ ਹੁੰਦੀ ਰਹੀ। ਇਸ ਤੋਂ ਇਲਾਵਾ ਪੰਜਾਬ ਨਾਲ ਜੁੜੇ ਬਹੁਤ ਸਾਰੇ ਗੰਭੀਰ ਮੁੱਦਿਆ ਉੱਤੇ ਚਰਚਾਵਾਂ ਹੁੰਦੀਆਂ ਰਹੀਆਂ। ਸ਼ਾਇਰੀ, ਗੀਤ-ਸੰਗੀਤ, ਭੰਗੜਾ, ਗਿੱਧਾ, ਗੋਸ਼ਟੀਆਂ, ਕਵੀ ਦਰਬਾਰ, ਪੈਨਲ ਚਰਚਾ, ਕਵਿਸ਼ਰੀ ਅਤੇ ਨਵੀਂਆਂ ਪੁਸਤਕਾਂ ਦਾ ਲੋਕ ਅਰਪਣ ਖਿੱਚ ਦਾ ਕੇਂਦਰ ਰਿਹਾ। ਕਾਲਜ ਦੇ ਵਿਦਿਆਰਥੀਆਂ ਵੱਲੋਂ ਲਗਾਈਆਂ ਗਈਆਂ ਕਲਾ ਪ੍ਰਦਰਸ਼ਨੀਆਂ ਬਾ-ਕਮਾਲ ਸਨ। ਪਹਿਲੇ ਹੀ ਦਿਨ ਪੰਜ ਕਾਵਿ-ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਜਿਸ ਵਿੱਚ ਮੇਰੀ ਇੱਕ ਸ਼ਾਇਰੀ ਦੀ ਕਿਤਾਬ 'ਤੂੰ ਹੱਸਦਾ ਸੁਹਣਾ ਲੱਗਦਾ ਏਂ' ਵੀ ਸ਼ਾਮਲ ਸੀ, ਜਿਸ ਨੂੰ ਮਾਝਾ ਵਰਲਡਾਈਡ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਵੇਂ ਅਤੇ ਆਖ਼ਰੀ ਦਿਨ ਸਾਬਕਾ ਆਈ.ਜੀ. (ਪੰਜਾਬ ਪੁਲਿਸ) ਸ੍ਰ. ਗੁਰਪ੍ਰੀਤ ਸਿੰਘ ਤੂਰ ਦੁਆਰਾ ਲਿਖਤ ਪੁਸਤਕ 'ਪਰਵਾਸ ਤੇ ਪੰਜਾਬ' ਵੀ ਲੋਕ ਅਰਪਣ ਕੀਤੀ ਗਈ।

ਸੰਨ '47 ਦੀ ਵੰਡ ਨੂੰ ਸਮਰਪਤ ਕੀਤਾ ਗਿਆ ਇਹ ਨੌਵਾਂ ਅੰਮ੍ਰਿਤਸਰ ਸਾਹਿਤ ਉਤਸਵ, ਇੱਕ ਤਰ੍ਹਾਂ ਨਾਲ ਰਿਸਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਉਣ ਦੀ ਕੋਸ਼ਿਸ਼ ਵਾਂਗ ਰਿਹਾ। ਕਾਲਜ ਦੇ ਮੁੱਖ ਦਰਵਾਜ਼ੇ ਤੋਂ ਅੰਦਰ ਵੜ ਕੇ, ਖੱਬੇ ਪਾਸੇ ਨੂੰ ਪੁਸਤਕ ਮੇਲੇ ਵੱਲ ਮੁੜਦਿਆਂ ਹੀ, ਇਕ ਪੁਰਾਤਨ ਗੱਡਾ ਖੜ੍ਹਾ ਕੀਤਾ ਸੀ, ਜਿਸ ਨੇ ਇੰਟਰਨੈੱਟ ਉੱਤੇ ਦੇਖੀ ਤਸਵੀਰ, (ਜਿਸ ਵਿੱਚ ਗੱਡੇ 'ਤੇ ਪਰਵਾਰਾਂ ਦੇ ਪਰਵਾਰ ਆਪਣਾ ਸਮਾਨ ਲੱਦ ਕੇ ਸਰਹੱਦ ਦੇ ਇੱਧਰ ਅਤੇ ਉੱਧਰ ਆਪਣੀ ਕਿਸਮਤ ਦੇ ਨਵੇਂ ਨਕਸ਼ ਘੜਨ ਲਈ, ਘਰੋਂ-ਬੇਘਰ ਹੋ ਕੇ ਆ ਅਤੇ ਜਾ ਰਹੇ ਸਨ) ਨੂੰ ਸਜੀਵ ਕਰ ਰਿਹਾ ਸੀ। ਉਸਦੇ ਨਾਲ ਹੀ ਅਗਲੇ ਪਾਸੇ ਕਿਸੇ ਆਭਾਗੀ ਰੇਲ-ਗੱਡੀ ਦਾ ਇੱਕ ਲਹੂ-ਲੁਹਾਨ ਹੋਇਆ ਡੱਬਾ ਖੜ੍ਹਿਆ ਸੀ, ਜਿਸ ਵਿੱਚ ਪਈਆਂ ਹੋਈਆਂ ਮ੍ਰਿਤਕਾਂ ਦੀਆਂ ਲਾਸ਼ਾਂ (ਜੋ ਨਾਟਕੀ ਢੰਗ ਨਾਲ ਬਣਾਈਆਂ ਹੋਈਆਂ), ਗੱਡੀ ਦੇ ਬਾਹਰ ਬਿਨਾਂ ਧੌਣ ਤੋਂ ਪਏ ਧੜਾਂ ਦੇ ਬਿੰਬ, ਲਹੂ ਨਾਲ ਨਾਲ ਲਿਬੜੇ ਕੱਪੜੇ ਭਾਵੇਂ ਸਭ ਇੱਕ ਯਾਦ ਦੇ ਚਿੰਨ੍ਹ ਵੱਜੋਂ ਸਨ, ਪਰ ਇਹ ਪ੍ਰਦਰਸ਼ਨੀ ਉਸ ਸੱਚ ਅਤੇ ਦੁਖਾਂਤ ਦੇ ਬੇਹੱਦ ਨੇੜੇ ਸੀ, ਜਿਸ ਨੂੰ ਸਾਡੇ ਬਜ਼ੁਰਗਾਂ ਨੇ ਆਪਣੇ ਪਿੰਡੇ 'ਤੇ ਹੰਢਾਇਆ ਸੀ। ਇਹ ਮਹਿਜ਼ ਰੇਲਗੱਡੀ ਦਾ ਇੱਕ ਡੱਬਾ ਹੀ ਨਹੀਂ ਸੀ, ਬਲਕਿ '47 ਦੇ ਗੌਲ਼ਿਆਂ ਦੀ ਉਹ ਚੀਸ ਸੀ, ਜੋ ਆਉਂਦੀਆਂ ਪੀੜ੍ਹੀਆਂ ਦੇ ਮਨ ਮੰਦਰ ਵਿੱਚੋਂ ਵੀ ਮਹਿਸੂਸ ਕੀਤੀ ਜਾਂਦੀ ਰਹੇਗੀ।

ਇਸ ਤੋਂ ਅੱਗੇ ਲੱਗੀਆਂ ਪ੍ਰਦਰਸ਼ਨੀਆਂ ਪੰਜਾਬ ਦੀ ਅਮੀਰ ਵਿਰਾਸਤ ਨੂੰ ਦਰਸਾਉਂਦੀਆਂ ਸਨ। ਜਿਸ ਵਿੱਚ ਪੰਜਾਬੀ ਸੱਭਿਆਚਾਰ, ਚਿੱਤਰਕਲਾ, ਲੋਕ-ਸੰਗੀਤ ਅਤੇ ਪੰਜਾਬ ਦੀ ਖ਼ੁਸ਼ਬੋ ਵੰਡਦੀਆਂ ਪ੍ਰਤੀਤ ਹੋਈਆਂ। ਮੈਂ ਪੂਰੇ ਪੰਜ ਦਿਨ ਉੱਥੇ ਰਿਹਾ ਇਸ ਸਾਹਿਤ ਕੁੰਭ ਵਿੱਚ ਇਸ਼ਨਾਨ ਕਰਦਾ ਰਿਹਾ। ਕਿਤਾਬਾਂ ਵੇਖਦਾ ਰਿਹਾ ਅਤੇ ਖ੍ਰੀਦਦਾ ਰਿਹਾ। ਸਵੇਰੇ 9 ਵਜੇ ਪਹੁੰਚ ਜਾਂਦਾ ਅਤੇ ਸ਼ਾਮੀਂ 7 ਵਜੇ ਵਾਪਸ ਆਉਂਦਾ। ਖ਼ਾਲਸਾ ਕਾਲਜ ਦੇ ਵਿਹੜੇ ਵਿੱਚ ਵੱਖ-ਵੱਖ ਪਬਲਿਸ਼ਰਾਂ ਵੱਲੋਂ ਲਗਾਏ ਸਟਾਲ ਇੰਞ ਸਨ ਜਿਵੇਂ ਇਕੱਲਾ-ਇਕੱਲਾ ਪਬਲੀਸ਼ਰ ਵਿਹੜੇ ਵਿੱਚ ਵੱਖ-ਵੱਖ ਕਿਸਮਾਂ ਦੇ ਸਦੀਵੀ ਖ਼ੁਸ਼ਬੋ ਵੰਡਣ ਵਾਲੇ ਕਿਤਾਬ ਰੂਪੀ ਫੁੱਲਾਂ ਦੀਆਂ ਦੁਕਾਨਾਂ ਲਾਈ ਬੈਠਾ ਹੋਇਆ ਹੋਵੇ, ਜਿਨ੍ਹਾਂ ਨੇ ਸਾਰੇ ਅੰਮ੍ਰਿਤਸਰ ਨੂੰ ਆਪਣੀ ਖ਼ੁਸ਼ਬੋ ਨਾਲ ਸ਼ਰਸਾਰ ਕਰ ਦਿੱਤਾ ਹੋਵੇ।

ਖ਼ਾਲਸਾ ਕਾਲਜ ਦੀ ਸਮੂਹ ਪ੍ਰਬੰਧਕ ਕਮੇਟੀ ਸਣੇ ਇਸ ਸਮੁੱਚੇ ਸਮਾਗਮ ਦੀ ਰੂਹ-ਏ-ਰਵਾਂ ਡਾ. ਆਤਮ ਸਿੰਘ ਰੰਧਾਵਾ ਮੁਖੀ, ਪੰਜਾਬੀ ਵਿਭਾਗ ਅਤੇ ਪੰਜਾਬੀ ਵਿਭਾਗ ਦੀ ਸਮੁੱਚੀ ਟੀਮ, ਪ੍ਰੋ. ਡਾ. ਹੀਰਾ ਸਿੰਘ, ਕਾਰਜਕਾਰੀ ਪ੍ਰਿੰਸੀਪਲ ਡਾ. ਅਰਵਿੰਦਰ ਕੌਰ ਕਾਹਲੋਂ ਅਤੇ ਹਰ ਉਹ ਸ਼ਖ਼ਸੀਅਤ ਜਿਸਨੇ ਇਸ ਉਤਸਵ ਦੀ ਸਫ਼ਲਤਾ ਵਾਸਤੇ ਆਪਣਾ ਕੋਈ ਵੀ ਯੋਗਦਾਨ ਪਾਇਆ, ਉਹਨਾਂ ਸਭਨਾਂ ਲਈ ਸ਼ੁੱਭ-ਇੱਛਾਵਾਂ ਦਿੰਦਾ ਹੋਇਆ ਇਹ ਆਸ ਕਰਦਾ ਹਾਂ ਕਿ ਅਗਲੇ ਵਰ੍ਹੇ ਦੇ 10ਵੇਂ ਸਾਲ ਵਿੱਚ ਦਾਖ਼ਲ ਹੁੰਦਾ ਹੋਇਆ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ ਹੋਰ ਜਵਾਨ ਗੱਭਰੂ ਹੋ ਕੇ, ਪੰਜਾਬੀ ਸਾਹਿਤ, ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਦੀ ਗੱਲ ਕਰੇਗਾ। ਆਮੀਨ!

### 10 ਦਸੰਬਰ ਜਨਮ ਦਿਨ ਤੇ ਵਿਸ਼ੇਸ਼

# ਪੰਜਾਬੀ ਹਾਸ ਰਸ ਅਤੇ ਗਾਇਕੀ ਵਿੱਚ ਪੈੜਾਂ ਪਾਉਣ ਵਾਲਾ ਕੇ-ਦੀਪ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ. ਅੱਪ. 9914184794

ਕਈ ਇਨਸਾਨ ਦੁਨੀਆਂ ਤੇ ਅਜਿਹੇ ਆਉਂਦੇ ਹਨ ਉਹ ਵੱਖਰੀਆਂ ਪੈੜਾਂ ਪਾ ਜਾਂਦੇ ਹਨ। ਉਹਨਾਂ ਦੀਆਂ ਪਾਈਆ ਪੈੜਾਂ ਕਰਕੇ ਲੋਕ ਉਹਨਾਂ ਨੂੰ ਸਦਾ ਹੀ ਯਾਦ ਕਰਦੇ ਰਹਿੰਦੇ ਹਨ ਅਜਿਹਾ ਹੀ ਇਕ ਗਾਇਕ ਕੇ-ਦੀਪ ਹੋਇਆ ਹੈ ਜਿਸ ਨੇ ਪੰਜਾਬੀ ਹਾਸ ਰਸ ਕਲਾਕਾਰੀ ਵਿੱਚ ਮਾਈ ਮੋਹਣੋ ਤੇ ਪੋਸਤੀ ਦੇ ਨਾਮ ਨਾਲ ਅਜਿਹਾ ਨਾਮ ਬਣਾਇਆ ਇਹਨਾਂ ਨੂੰ ਵੇਖ ਭਜਨਾ ਅਮਲੀ (ਗੁਰਦੇਵ ਢਿੱਲੋਂ ਰਾਣਾ, ਜਸਵਿੰਦਰ ਭੱਲਾ, ਬਾਲ ਮਕੰਦ ਸ਼ਰਮਾ, ਭੋਟੂ ਸ਼ਾਹ, ਨੇਕ ਮਟਰਾਂ ਵਾਲਾ ਆਦਿ ਨੇ ਇਹਨਾਂ ਦੀ ਪਾਈ ਲੀਹ ਤੇ ਤੁਰਦਿਆਂ ਹਾਸ ਰਸ ਪ੍ਰੋਗਰਾਮ ਕਰਨੇ ਸ਼ੁਰੂ ਕਰ ਦਿੱਤੇ। ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਅਤੇ ਵਾਰਿਸ਼ ਸ਼ਾਹ ਦੀ ਹੀਰ ਰਚਨਾਂ ਨੂੰ ਵੀ ਸਭ ਤੋਂ ਪਹਿਲਾਂ ਇਸ ਨੇ ਹੀ ਗਾਇਆ।

ਕੇ-ਦੀਪ (ਕੁਲਦੀਪ ਸਿੰਘ) ਦਾ ਜਨਮ 10 ਦਸੰਬਰ 1940 ਨੂੰ ਰੰਗੂਨ ਬਰ੍ਹਮਾਂ ਹੁਣ (ਮਿਆਂਮਾਰ) ਵਿਖੇ ਪਿਤਾ ਸ੍ਰ. ਕਰਤਾਰ ਸਿੰਘ ਅਤੇ ਮਾਤਾ ਭਗਵੰਤ ਕੌਰ ਦੀ ਕੁੱਖੋਂ ਹੋਇਆ। ਇਸ ਦਾ ਅਸਲੀ ਪਿੰਡ ਐਤੀਆਣਾ (ਨੇੜੇ ਹਲਵਾਰਾ) ਜਿਲ੍ਹਾ ਲੁਧਿਆਣਾ ਹੈ। ਸਕੂਲੀ ਪੜ੍ਹਾਈ ਇਸ ਨੇ ਲੁਧਿਆਣਾ ਵਿਚ ਰਹਿ ਕੇ ਕੀਤੀ। ਇਸ ਨੂੰ ਸਕੂਲ ਟਾਈਮ ਵਿਚ ਹੀ ਗਾਉਣ ਦਾ ਸ਼ੌਂਕ ਸੀ। ਮਾਸਟਰ ਅਮਰ ਸਿਘ ਦੇ ਕਹਿਣ ਤੇ ਮਹੁੰਮਦ ਰਫ਼ੀ ਜੀ ਦਾ ਗਾਇਆ ਗੀਤ ਬਹੁਤ ਵਧੀਆ ਅੰਦਾਜ ਵਿਚ ਸੁਣਾ ਦਿੰਦਾ ਸੀ। ਕਾਲਿਜ ਟਾਇਮ ਇਹ ਸਾਥੀਆਂ ਨੂੰ ਮੂੰਹ ਨਾਲ ਮਿਊਜ਼ਿਕ ਵਜਾ ਕੇ ਬਹੁਤ ਵਧੀਆ ਆਵਾਜ਼ ਵਿਚ ਗੀਤ ਸੁਣਾ ਦਿੰਦਾ ਸੀ।ਇਸ ਦੇ ਇਸ ਅੰਦਾਜ ਨੇ ਸਭ ਪਾਸੇ ਚਰਚਾ ਛੇੜ ਦਿੱਤੀ। 1959 ਵਿਚ ਰੋਹਤਕ ਤੋਂ ਸਿਵਲ ਇੰਜੀਨੀਆਰਿੰਗ ਦਾ ਡਿਪਲੋਮਾਂ ਪਾਸ ਕੀਤਾ।ਪਰੀਵਾਰ ਇਸ ਨੂੰ ਨੌਕਰੀ ਕਰਵਾਉਣੀ ਚਾਹੁੰਦਾ ਸੀ ਪਰ ਇਸ ਨੇ ਸੰਗੀਤ ਨੂੰ ਕਿੱਤੇ ਵਜੋਂ ਅਪਣਾ ਲਿਆ।

ਸੰਗੀਤ ਖੇਤਰ ਵਿਚ ਆਉਣ ਸਮੇਂ ਸਭ ਤੋਂ ਪਹਿਲਾਂ ਇਹ ਮੁਬੰਈ ਜਾਕੇ ਮਸ਼ਹੂਰ ਸੰਗੀਤਕਾਰਾਂ ਕੋਲੋਂ ਸੰਗੀਤਕ ਜਾਣਕਾਰੀ ਹਾਸਲ ਕਰਕੇ ਆਇਆ ਮਿਹਨਤ ਕਰਨ ਤੋਂ ਬਾਅਦ ਕੇ-ਦੀਪ ਇਕ ਵਧੀਆ ਗਾਇਕ ਬਣ ਗਿਆ।

ਇਸ ਨੂੰ ਇਕ ਵਧੀਆ ਸਹਿ-ਗਾਇਕਾ ਦੀ ਲੋੜ ਸੀ ਕਿਸੇ ਨੇ ਕੇ-ਦੀਪ ਨੂੰ ਸਲਾਹ ਦਿੱਤੀ ਕੇ ਜਗਮੋਹਣ ਕੌਰ ਨਾਂ ਦੀ ਇਕ ਕੁੜੀ ਹੈ ਉਹ ਬਹੁਤ ਵਧੀਆ ਗਾ ਲੈਂਦੀ ਹੈ ਜੇਕਰ ਤੂੰ ਉਸ ਨਾਲ ਤਾਲ ਮੇਲ ਕਰਨਾ ਹੈ ਤਾਂ ਕਲਕੱਤੇ ਜਾ ਕੇ ਕਰ ਲਵੀਂ ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲਗ ਗਈ ਕੇ-ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲ ਮੇਲ ਕਰਕੇ ਗੱਲ ਕਰਨ ਵਿਚ ਸਫ਼ਲ ਹੋ ਗਿਆ। ਹੌਲੀ ਹੌਲੀ ਕੇ ਦੀਪ ਨੇ ਜਗਮੋਹਣ ਕੌਰ ਕੋਲ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ ਜਗਮੋਹਣ ਕੌਰ ਨੇ ਪ੍ਰੀਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ-ਦੀਪ ਨਾਲ 2 ਫ਼ਰਵਰੀ 1971 ਨੂੰ ਵਿਆਹ ਕਰਵਾ ਲਿਆ।



ਜਗਮੋਹਣ ਕੌਰ ਦਾ ਪਿੰਡ ਬੂਰ ਮਾਜਰਾ ਜਿਲ੍ਹਾ ਰੋਪੜ ਹੈ ਉਹ ਚੰਡੀਗੜ੍ਹ ਨੇੜੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਲੱਗੀ ਹੋਈ ਸੀ। ਜਗਮੋਹਣ ਕੌਰ ਨੇ ਵਿਆਹ ਪਿਛੋਂ ਅਧਿਆਪਕਾ ਦੀ ਨੌਕਰੀ ਛੱਡ ਕੇ ਪੱਕੇ ਤੌਰ ਤੇ ਕੇ-ਦੀਪ ਨਾਲ ਗਾਇਕੀ ਦਾ ਖੇਤਰ ਅਪਣਾ ਲਿਆ। ਇਹਨਾਂ ਦੇ ਇਕ ਲੜਕੀ ਗੁਰਪ੍ਰੀਤ (ਬਿਲੀ) ਤੇ ਲੜਕਾ ਰਾਜਾ ਨੇ ਜਨਮ ਲਿਆ।

1972 ਵਿੱਚ ਇਹਨਾਂ ਦਾ ਦੋਗਾਣਾ ਗੀਤ ਆਇਆ, ਮੇਰੀ ਗੱਲ ਸੁਣੋ ਸਰਦਾਰ ਜੀ ਮੈਨੂੰ ਸਾੜੀ ਇਕ ਲਿਆ ਦਿਉ ਨਖ਼ਰੇ ਵਾਲੀ ਨਾਰ ਦਾ ਤੁਸੀਂ ਜਲਵਾ ਹੋਰ ਵਧਾ ਦਿਓ, ਜੋ ਬਹੁਤ ਮਕਬੂਲ ਹੋਇਆ।

ਕੇ-ਦੀਪ ਅਤੇ ਜਗਮੋਹਣ ਕੌਰ ਦੀ ਪੜ੍ਹੀ ਲਿਖੀ ਜੋੜੀ ਸੀ। ਕੇ-ਦੀਪ ਸਟੇਜ ਤੇ ਪ੍ਰੋਗਰਾਮ ਪੇਸ਼ ਕਰਨ ਲੱਗਿਆਂ ਪੈਂਟ ਕਮੀਜ ਪਾ ਕੇ ਜਾਂ ਰੁੱਤ ਮੁਤਾਬਕ ਕੋਟ ਪੈਂਟ ਪਾ ਕੇ ਟਾਈ ਲਗਾ ਕੇ ਸਰੋਤਿਆਂ ਦਾ ਮਨੋਰੰਜਨ ਕਰਦਾ ਸੀ।

ਜਦ ਇਹ ਜੋੜੀ ਕਮੇਡੀ ਪਰੋਗ੍ਰਾਮ ਕਰਦੀ ਸੀ ਤਾਂ ਕੇ-ਦੀਪ ਪੋਸਤੀ ਅਤੇ ਜਗਮੋਹਣ ਕੌਰ ਮਾਈ ਮੋਹਣੋ ਬਣ ਜਾਂਦੀ ਸੀ। ਤਵਿਆਂ ਦੇ ਯੁੱਗ ਵੇਲੇ ਇਹਨਾਂ ਦੇ ਕਈ ਕਮੇਡੀ ਪ੍ਰੋਗਰਾਮ ਤਵੇ ਆਏ ਫਿਰ ਕੈਸਿਟਾਂ ਦਾ ਯੁੱਗ ਆਇਆ ਇਹਨਾਂ ਦੀ ਕਮੇਡੀ ਦੀਆਂ ਕੈਸਿਟਾਂ ਆਉਂਦੀਆਂ ਰਹੀਆਂ। ਇਹਨਾਂ ਦੀਆਂ ਰਿਕਾਡਿਗਾਂ ਦੇ ਨਾਮ ਪੋਸਤੀ ਦੁਬਈ ਵਿਚ, ਪੋਸਤੀ ਕਬਰਾਂ ਵਿਚ, ਪੋਸਤੀ ਲੰਡਨ ਵਿਚ , ਪੋਸਤੀ ਕਨੇਡਾ ਵਿਚ, ਪੋਸਤੀ ਥਾਣੇ ਵਿਚ ਆਦਿ ਹਨ।

ਕੇ-ਦੀਪ ਮੰਚ ਸੰਚਾਲਕ ਵੀ ਬਹੁਤ ਵਧੀਆ ਸੀ ਜਦ ਤਵਿਆਂ ਦਾ ਯੁੱਗ ਸੀ ਉਸ ਟਾਇਮ ਦੋ ਤਵੇ ਐਚ ਐਮ ਵੀ ਨਾਇਟ ਸਿਰਲੇਖ ਹੇਠ ਮਾਰਕੀਟ ਵਿਚ ਆਏ ਉਹਨਾਂ ਤਵਿਆਂ ਵਿਚ ਸਿਰਕੱਢ ਕਲਾਕਾਰਾਂ ਦਾ ਇੱਕ ਇੱਕ ਗੀਤ ਸੀ ਉਹਨਾਂ ਤਵਿਆਂ ਵਿਚ ਸਟੇਜ ਕੇ-ਦੀਪ ਨੇ ਸੰਭਾਲੀ ਹੋਈ ਸੀ ਇਹ ਹਰ ਗੀਤ ਸ਼ੁਰੂ ਹੋਣ ਤੋਂ ਪਹਿਲਾਂ ਕਮੇਡੀ ਦਾ ਇਕ ਅੰਸ਼ ਸੁਣਾ ਕੇ ਸਰੋਤਿਆਂ ਨੂੰ ਹਸਾ ਦਿੰਦਾ ਸੀ ਇਹਨਾਂ ਤਵਿਆਂ ਵਿਚ ਕੇ-ਦੀਪ ਅਤੇ ਜਗਮੋਹਣ ਕੌਰ ਦਾ ਦੋਗਾਣਾ ਗੀਤ ਵੀ ਸੀ ਇਹ ਤਵੇ ਲੋਕਾਂ ਵਿਚ ਬਹੁਤ ਮਕਬੂਲ ਹੋਏ ਇਹਨਾਂ ਤਵਿਆਂ ਦੀ ਰਿਕਾਰਡ ਤੋੜ ਵਿਕਰੀ ਹੋਈ।

ਇਸ ਜੋੜੀ ਨੇ ਆਪਣੀ ਗਇਕੀ ਦੇ ਦਮ ਤੇ ਕਨੇਡਾ, ਅਮਰੀਕਾ, ਇੰਗਲੈਂਡ ਨਾਰਵੇ ਆਦਿ ਬਹੁਤ ਵਿਦੇਸ਼ਾ ਦੇ ਟੂਰ ਲਾਏ। ਇਹ ਜੋੜੀ ਨੇ ਬਹੁਤ ਸਾਰੇ ਦੋਗਾਣਾ ਗੀਤ ਗਾਏ। ਉਹਨਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ @ਪੂਦਨਾਂ@ ਜੋ ਸਿੱਠਣੀਆ ਦੇ ਰੂਪ ਵਿਚ ਹੈ ਸਰੋਤਿਆਂ ਵਿਚ ਬਹੁਤ ਚਾਰਚਿਤ ਹੋਇਆ ਜੋ ਅੱਜ ਵੀ ਹੈ। ਇਹਨਾਂ ਦੇ ਗਾਏ ਦੋਗਾਣੇ ਗੀਤ-

--ਅੱਡੀ ਤਾਂ ਮੇਰੀ ਕੌਲ ਕੱਚ ਦੀ ਗੂੱਠੇ ਤੇ ਸਿਰਨਾਵਾਂ
ਲਿਖ ਲਿਖ ਚਿੱਠੀਆਂ ਡਾਕ ਚ ਪਾਵਾਂ ਧੁਰ ਦੇ ਪਤੇ ਮੰਗਾਵਾਂ
ਰੱਖ ਲਿਆ ਮੇਮਾਂ ਨੇ ਵਿਹੁ ਖਾ ਕੇ ਮਰ ਜਾਵਾਂ -- ਸਿਖਰ ਦੁਪਹਿਰੇ ਚੰਨਾ ਧੁੱਪੇ ਗੇੜਾ ਮਾਰਦੀ ਦਾ
ਜਾਂਦਾ ਸੁੱਕਦਾ ਸਰੀਰ ਵਿਚੋਂ ਖ਼ੂਨ ਹਾਣੀਆ
ਖੇਤੋਂ ਘਰ ਨੂੰ ਲਵਾਦੇ ਵੇ ਟੈਲੀਫ਼ੋਨ ਹਾਣੀਆਂ--
ਬਾਬਾ ਵੇ ਕਲਾ ਮਰੋੜ--
ਦੋ ਛੜਿਆਂ ਦੀ ਇਕ ਢੋਲਕੀ--
ਜੋ ਕਰਨਾਂ ਕਰੀ ਜਾ ਚੁੱਪ ਕਰਕੇ ਆਦਿ

ਕੇ-ਦੀਪ ਫ਼ਿਲਮੀ ਡਾਇਰੈਕਟਰ ਵੀ ਰਿਹਾ ਇਸ ਨੇ ਫਿਲਮਾਂ ਵਿਚ ਵੀ ਕੰਮ ਕੀਤਾ। ਕੇ-ਦੀਪ ਨੇ ਦਾਜ, ਮੁਟਿਆਰ, ਸੰਤੋ ਬੰਤੋ ਫ਼ਿਲਮ ਲਈ ਗੀਤ ਗਾਏ ਜੋ ਸਕਰੀਨ ਤੇ ਮਿਹਰ ਮਿੱਤਲ ਨੇ ਫਿਲਮਾਏ।

ਕੇ-ਦੀਪ ਜਗਮੋਹਣ ਕੌਰ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਜਿਵੇ ਬਲਦੇਵ ਸਿੰਘ ਸਾਬਰ, ਬਾਬੂ ਸਿਘ ਮਾਨ, ਇਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਂਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿੱਲੋ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ।

ਕੇ-ਦੀਪ ਨੇ ਆਪਣੀ ਕਲਾ ਕਰਕੇ ਬਹੁਤ ਸਾਰੇ ਐਵਾਰਡ ਪ੍ਰਾਪਤ ਕੀਤੇ ਜਿਵੇ ਰਾਜ ਕਪੂਰ ਵਲੋਂ ਉਸ ਨੂੰ ਮਹੁੰਮਦ ਰਫ਼ੀ ਐਵਾਰਡ, ਪੀ ਟੀ ਸੀ ਵਲੋਂ ਲਾਈਫ ਟਾਈਮ ਅਚੀਵਮੈਂਟ ਐਵਾਰਡ, ਇਸ ਨੂੰ ਸਟੇਟ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਐਵਾਰਡ ਪ੍ਰਾਪਤ ਕਰ ਚੁੱਕਾ ਸੀ। ਇਹਨਾਂ ਦੀ ਪਤਨੀ ਬੀਬੀ ਜਗਮੋਹਣ ਕੌਰ ਐਕਸੀਡੈਂਟ ਦਾ ਸ਼ਿਕਾਰ ਹੋ ਗਈ ਸੀ ਫਿਰ ਵੀ ਕੁਝ ਸਮਾਂ ਪਰੋਗ੍ਰਾਮ ਕਰਦੀ ਰਹੀ ਪਰ ਚੰਗੀ ਤਰਾਂ ਠੀਕ ਨਾ ਹੋਈ ਹੋਣ ਕਰਕੇ 6 ਦਸੰਬਰ 1997 ਨੂੰ 49 ਸਾਲ ਦੀ ਉਮਰ ਵਿਚ ਅਲਵਿਦਾ ਕਹਿ ਗਈ ਸੀ ਉਸ ਦੀ ਮੌਤ ਤੋਂ ਬਾਅਦ ਕੇ-ਦੀਪ ਕਿਹਾ ਕਰਦਾ ਸੀ ਮਾਈ ਮੋਹਣੋ ਤੋਂ ਬਿੰਨਾ ਪੋਸਤੀ ਦੀ ਜਿੰਦਗੀ ਬਹੁਤ ਉਦਾਸੀ ਹੈ ਜਗਮੋਹਣ ਕੌਰ ਤੋਂ ਲਗਭਗ 23 ਸਾਲ ਬਾਅਦ ਇਹ ਗਾਇਕੀ ਦਾ ਹੀਰਾ 22 ਅਕਤੂਬਰ 2020 ਨੂੰ 80 ਸਾਲ ਦੀ ਉਮਰ ਵਿਚ ਸਾਡੇ ਕੋਲੋਂ ਸਦਾ ਲਈ ਵਿਛੜ ਗਿਆ।

# Preetnama

Khara Sach

ਪ੍ਰੀਤਨਾਮਾ
ਖ਼ਰਾ ਸੱਚ

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 280

Website: www.preetnama.com Email preetnamausa@gmail.com

29 NOV TO 05 DEC , 2024




# Preetnama

ਪ੍ਰੀਤਨਾਮਾ ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 280

Website: www.preetnama.com Email preetnamausa@gmail.com

29 NOV TO 05 DEC , 2024




# ਪ੍ਰੀਤ ਫੁਲਵਾੜੀ

## ਅਲ.ਫਾਜ਼ ਦਿਲਾਂ ਦੇ...

1.ਕਦੇ ਹੱਸਦੇ , ਕਦੇ ਰੌਂਦੇ
ਕਦੇ ਕੁਝ ਪਾ ਕੇ ਤੇ
ਕਦੇ ਕੁਝ ਖੋਅ ਲੈਂਦੇ ,
ਜ਼ਿੰਦਗੀ ਚਲਦੀ ਰਹਿੰਦੀ ,
ਬਹੁਤ ਕੁਝ ਸਹਿੰਦੀ।
2. ਹਵਾ ਦਾ ਚੱਲਣਾ ਤੇ ਪਾਣੀ ਦਾ ਵਗਣਾ ,
ਸਦਾ ਚਲਾਏਮਾਨਤਾ ਦਾ ਪ੍ਰਤੀਕ ਹੈ ,
ਜਦੋਂ ਕੋਈ ਰੁਕ ਜਾਂਦਾ ;
ਬੱਸ ਉਹ ਉੱਥੇ ਹੀ ਮੁੱਕ ਜਾਂਦਾ।
3.ਕਿਸੇ ਨੂੰ ਹਸਾਉਣ ਵਿੱਚ ਤੇ
ਰੁੱਸੇ ਨੂੰ ਮਨਾਉਣ ਵਿੱਚ ,
ਬਹੁਤ ਹੀ ਸਹੀ ਹੁੰਦਾ ,
ਕਿਸੇ ਚੰਗੇ ਨੂੰ ਵਡਿਆਉਣ ਵਿੱਚ।
4.ਰਸਤੇ ਦੀ ਦੂਰੀ ਤੇ
ਕਿਸੇ ਦੀ ਮਜ਼ਬੂਰੀ ,
ਹਰ ਕਿਸੇ ਲਈ ਨਹੀਂ ਹੁੰਦੀ ,
ਹਰ ਗੱਲ ਜ਼ਰੂਰੀ।
5.ਲਿਖਣਾ ਤਾਂ ਬਹੁਤ ਕੁਝ ਚਾਹੁੰਦੇ ਨੇ
ਪਰ ਲਿਖ ਉਹੀ ਹੁੰਦਾ ,
ਜੋ ਰੱਬ ਜੀ ਲਿਖਵਾਉਂਦੇ ਨੇ।
6.ਥੋੜ੍ਹਾ ਕਹਿ ਕੇ
ਥੋੜ੍ਹਾ ਸਹਿ ਕੇ ,
ਜੋ ਵਖਤ ਲੰਘਾ ਜਾਂਦੇ ਨੇ
ਥੋੜ੍ਹਾ ਕਿਸੇ ਕੋਲ ਬਹਿ ਕੇ
ਉਹੀ ਚੰਗੇ ਨੇ ,
ਬੱਸ ਉਹੀ ਚੰਗੇ ਨੇ।
7.ਸਭ ਕੁਝ ਸਹਿਣ ਤੋਂ ਬਾਅਦ
ਸਾਰਾ ਕੁਝ ਕਹਿਣ ਤੋਂ ਬਾਅਦ ,
ਫਿਰ ਬਾਕੀ ਰਹਿ ਹੀ ਕੀ ਜਾਂਦਾ ਹੈ ?
ਬੇਘਰ ਹੋ ਕੇ ਬਾਹਰ ਰਹਿਣ ਤੋਂ ਬਾਅਦ।
8.ਦਿਲਾਂ ਦੀਆਂ ਦਿਲਾਂ ਵਿੱਚ ਰੱਖ ਨਾ
ਲੋਭ – ਲਾਲਚ ਭ੍ਰਿਸ਼ਟਾਚਾਰ ਵਿੱਚ ਕੱਖ ਨਾ ,
ਕਮਾਈ ਹੁੰਦੀ ਜੋ ਇਮਾਨਦਾਰੀ ਦੀ
ਉਸ ਤੋਂ ਬਿਨ੍ਹਾਂ ਇੱਧਰ – ਉੱਧਰ ਤੱਕ ਨਾ।
9.ਜੋ ਖੈਰ ਮਨਾਵਣ ਸਭ ਦੀ
ਰੱਬ ਉਨ੍ਹਾਂ ਦਾ ਭਲਾ ਹੈ ਕਰਦਾ ,
ਜੋ ਮਿਹਨਤ ਕਰਦਾ ਡਟ ਕੇ
ਉਹ ਕਦੇ ਭੁੱਖਾ ਨਹੀਂ ਮਰਦਾ।
10.ਜਦੋਂ ਆਏ ਸੀ ਤੂਫ਼ਾਨ ਜ਼ਿੰਦਗੀ @ਚ
ਤਾਂ ਕਈ ਦੂਰ ਹੋ ਗਏ ਤੇ ਕਈ ਨਾਲ ਖੜ੍ਹ ਗਏ ,
ਰਿਸ਼ਤੇ ਨਿਭਾਉਣ @ਚ ਸੌ ਵਾਰ ਸੋਚੀਦਾ
ਹੁਣ ਜਿੱਥੇ ਖੜ੍ਹ ਗਏ ਤਾਂ ਸਮਝੋ ਅੜ ਗਏ।
11. ਸੌ ਵਾਰ ਜੋ ਸੋਚਦੇ ਸੀ
ਗੱਲ ਮੇਰੀ ਦਾ ਜੁਆਬ ਦੇਣ ਲਈ ,
ਅਸੀਂ ਹਜ਼ਾਰ ਵਾਰ ਸੋਚਣ ਲੱਗ ਪਏ ,
ਜੁਆਬ ਉਨ੍ਹਾਂ ਦੀ ਗੱਲ ਦਾ ਹੁਣ ਦੇਣ ਲਈ।
12.ਸਭ ਦੇਖ ਕੇ ਵੀ ਅਣਦੇਖਾ ਕਰਨਾ
ਦੁੱਖ ਜਾਣ ਕੇ ਵੀ ਪਾਸਾ ਧਰਨਾ,
ਬਹੁਤਾ ਚੰਗਾ ਨਹੀਂ ਹੁੰਦਾ
ਕਿਸੇ ਰੋਂਦੇ ਦਾ ਹਾਸਾ ਕਰਨਾ।
13.ਕਦੇ ਆਪਣਾ ਨਾ ਸਮਝਿਆ
ਜਿਹਨਾਂ ਨੇ ਕਦੇ ਸਾਨੂੰ ,
ਅੱਜ ਅਸੀਂ ਵੀ ਉਨ੍ਹਾਂ ਲਈ
ਬੇਗਾਨੇ ਹੋ ਗਏ ,
ਹੁਣ ਉਹ ਹੋਰ ਰਾਹ
ਤੇ ਅਸੀਂ ਹੋਰ ਰਾਹ ਪੈ ਗਏ।
14.ਉੱਜੜ ਗਏ ਉਹ ਅੱਜ
ਜਿਹੜੇ ਮੇਰੀ – ਮੇਰੀ ਕਰਦੇ ਸੀ ,
ਲੋਕਾਂ ਦੇ ਦਿਲਾਂ @ਚ ਵਸਦੇ ਨੇ ਉਹ
ਜਿਹੜੇ ਲੋਕਾਈ ਲਈ ਦੁੱਖ ਜਰਦੇ ਸੀ।
15.ਵਿਸਰ ਗਏ ਉਹ ਵੇਲੇ ਪੁਰਾਣੇ
ਵਿਸਰ ਗਈਆਂ ਉਹ ਬਾਤਾਂ ,
ਚੰਨ ਤੋਂ ਬਿਨਾਂ ਘੁੱਪ ਹਨੇਰਾ ,
ਚੰਨ ਨਾਲ਼ ਹੀ ਸੋਂਹਦੀਆਂ ਰਾਤਾਂ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**( ਪ੍ਰਸਿੱਧ ਲੇਖਕ , ਸ੍ਰੀ ਅਨੰਦਪੁਰ ਸਾਹਿਬ )**
**ਸਾਹਿਤ ਵਿੱਚ ਕੀਤੇ ਕਾਰਜਾਂ ਲਈ ਲੇਖਕ ਦਾ ਇੰਡੀਆ ਬੁੱਕ ਆੱਫ਼ ਰਿਕਾਰਡਜ਼ ਵਿੱਚ ਦਰਜ ਹੈ।**
9478561356

## ਵਕਤ ਦੀ ਹਵਾ



ਜਿਨ੍ਹਾਂ ਨੂੰ ਸਮਝਿਆ ਸੀ ਆਪਣਾ,
ਉਹ ਦੂਰ ਹੋ ਖਲ਼ੋਗੇ,
ਵੇਖ-ਵੇਖ ਦੁਨੀਆ ਦੇ ਕਾਰੇ, ਹੰਝੂ ਨੈਣਾਂ ਚੋ ਹੋ ਦਿਲ ਚ ਸਮੋ ਗਏ, ਵਕਤ ਦੀ ਹਵਾ ਐਸੀ ਚੱਲੀ ।
ਆਪਣੇ ਵੀ ਪਰਾਏ ਹੋ ਗਏ – 2
ਸ਼ਾਨ ਹੁੰਦੇ ਸੀ ਜਿਹਨਾਂ ਮਹਿਫਲਾਂ ਦੀ,
ਉਹਨਾਂ ਮਹਿਫਲਾਂ ਚ ਪਰਾਏ ਜਿਹੇ ਹੋ ਗਏ।
ਬਿਨਾਂ ਪੈਸੇ ਰੁੱਤਬੇ ਅਸੀ ਕੱਖੋਂ ਹੌਲੇ ਹੋ ਗਏ।
ਵਕਤ ਦੀ ਹਵਾ ਐਸੀ ਚੱਲੀ ।
ਆਪਣੇ ਵੀ ਪਰਾਏ ਹੋ ਗਏ – 2
ਕੁਝ ਵੱਕਤ ਬਦਲਣ ਤੇ ਵੀ
ਸਾਇਆ ਬਣ ਨਾਲ ਰਹਿੰਦੇ ਨੇ।
ਹੋਲੇ ਰਿਸ਼ਤੇ ਵੱਕਤ ਦੀ ਹਵਾ
ਦਾ ਇੱਕ ਝੁਕਾ ਵੀ ਨਾ ਸਹਿੰਦੇ ਨੇ।
ਉਹ ਭੌਰੇ ਬਣ ਅਮੀਰ ਬਗੀਚੇ ਦੇ ਫੁੱਲ ਤੇ ਜਾ ਬਹਿੰਦੇ ਨੇ।
ਵਕਤ ਦੀ ਹਵਾ ਐਸੀ ਚੱਲੀ
ਆਪਣੇ ਵੀ ਪਰਾਏ ਹੋ ਗਏ–2
ਵੇਖੇ ਬੜੇ ਵਕਤ ਦੇ ਰੰਗ ਤਮਾਸ਼ੇ .
ਇਸ ਵਕਤ ਨੇ ਕਈ ਰਾਜੇ ਭਿਖਾਰੀ ਬਣਾ ਤੇ,
ਰਾਜਿੰਦਰ ਰਾਠੌਰ ਕਹੇ ਇਸ ਵਕਤ ਨੇ
ਕਈ ਸੂਝਵਾਨ ਕਮਲੇ ਜਿਹੇ ਬਣਾ ਤੇ,
ਵਕਤ ਦੀ ਹਵਾ ਐਸੀ ਚੱਲੀ
ਆਪਣੇ ਵੀ ਪਰਾਏ ਹੋ ਗਏ–2

**ਰਾਜਿੰਦਰ ਕੌਰ ਰਾਠੌਰ**

## ਕਵਿਤਾ

### ਪਾਣੀ ਨਹਿਰਾਂ ਚ-2

ਪਾਣੀ ਨਹਿਰਾਂ ਚ ਘੱਟਿਆ ਏ,
ਇੱਕ ਤੇਰਾ ਹੀ ਨਾਮ ਨੈਣ ਜੋਤੀਏ,
ਜ਼ਿੰਦਗੀ ਸਾਰੀ ਰੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕਦੇ ਫ਼ਿਕਰਾਂ,ਕਦੇ ਯਾਦਾਂ ਤੇਰੀਆਂ,
ਰੱਜ ਰੱਜ ਦਿਮਾਗ਼ ਚੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਕੀ ਗੱਲ ਹੋਈ ਨੈਣ ਜੋਤੀਏ,
ਕਿਹੜੀ ਗੱਲੋਂ ਪੱਤਾ ਕੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਤੇਰੇ ਪਿੱਛੇ ਕਈ ਮੂਰਖਾਂ ਨੇ,
ਘਰ ਆਪਣਾ ਹੀ ਪੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਪੈ ਤੇਰੇ ਚੱਕਰਾਂ ਚ ਕਈਆਂ ,
ਕਦੇ ਕੁਝ ਨਾ ਖੱਟਿਆ ਏ।
ਪਾਣੀ ਨਹਿਰਾਂ ਚ ਘੱਟਿਆ ਏ,
ਬੇਸ਼ੱਕ ਛੱਡ ਦਿੱਤਾ ਸੰਗਰੂਰਵੀ ਨੂੰ,
ਓ ਤਾਂ ਹਾਲੇ ਵੀ ਡੱਟਿਆ ਏ।

**ਸਰਬਜੀਤ ਸੰਗਰੂਰਵੀ**
**ਪੁਰਾਣੀ ਅਨਾਜ ਮੰਡੀ, ਸੰਗਰੂਰ।**
9463162463

## ਕਿਰਦਾਰ

ਆਪਣੀਆਂ ਕਮੀਆਂ ਲਿਖਣ ਲੱਗਿਆ ਕਲਮ ਕਿਉਂ ਰੁਕ ਜਾਂਦੀ
ਗੱਲਾਂ ਬਹੁਤ ਸਾਇਰ ਲਿਖਦੇ ਕਾਸ ਕਦੇ ਆਪਣੇ ਤੇ ਢੁਕ ਜਾਂਦੀ
ਹਰ ਕੋਈ ਸੋਚਦਾ ਸਾਡੇ ਲਈ ਇਹਦਾ ਕਿਰਦਾਰ ਕਿੱਦਾਂ ਦਾ ਹੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਅੰਦਰੋਂ ਅਸੀਂ ਚਲਾਕ ਬੜੇ ਪਰ ਚਿਹਰੇ ਦੇਖਣ ਨੂੰ ਭੋਲੇ ਨੇ
ਚਿੱਟੇ ਕੱਪੜੇ ਪਾ ਦੁਕਾਨੇਂ ਤੁਰ ਜਾਈਏ ਕਾਲੇ ਕਰਨੇ ਕੋਲੇ ਨੇ
ਬੇਗਾਨਾ ਕੋਈ ਪਹੁੰਚ ਨਾ ਸਕੇ ਆਪਣਾ ਜਰੂਰ ਟੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਕਾਹਦੇ ਮਾਨ ਦੋਲਤ ਸੋਹਰਤ ਦੇ ਸਭ ਕੁੱਝ ਛੱਡ ਟੁਰ ਜਾਣਾ
ਅਸੀਂ ਪਤਾਸੇ ਮਿੱਠੇ ਜਿਹੇ ਪਾਣੀ ਦੇ ਵਹਾਉ ਵਿੱਚ ਖੁਰ ਜਾਣਾ
ਇਹ ਕੱਚੀ ਮਿੱਟੀ ਦਾ ਕੋਠਾ ਹੈ ਮੀਂਹ ਵਿੱਚ ਚੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।
ਲਿਖਦਿਆਂ ਲਿਖਦਿਆਂ ਕਵੀ ਦਰਦ ਬਿਆਨ ਕਰ ਜਾਂਦੇ
ਜ਼ਿੰਦਗੀ ਦੀ ਬਾਜੀ ਨੂੰ ਜਿੱਤਦਿਆਂ ਜਿੱਤਦਿਆਂ ਹਰ ਜਾਂਦੇ
ਸੁਖਚੈਨ,ਅਰਥੀ ਮੋਢੇ ਚੱਕ ਹੋਣੀ ਹਰ ਕੋਈ ਪਿੱਛੇ ਖਲੋਊਗਾ
ਮੈਂ ਕਿਹਾ ਬੇਸਮਝ ਨਾ ਬਣ ਸੱਜਣਾਂ ਜਦੋਂ ਪੈ ਗਈ ਆਪੇ ਰੋਊਗਾ।

**ਸਾਇਰ ਸੁਖਚੈਨ ਸਿੰਘ,ਠੱਠੀ ਭਾਈ,**
00971527632924

## ਕਵਿਤਾ

ਭਾਵੇਂ ਪੇਕਿਆਂ @ਚ ਹੋਵਣ ਚਾਰ ਦਿਨ ਦੀਆਂ ਮਹਿਮਾਨ ਧੀਆਂ,
ਤਾਂ ਵੀ ਇਨ੍ਹਾਂ ਨੂੰ ਸਮਝਣ ਆਪਣੀ ਜ਼ਿੰਦ ਜਾਨ ਧੀਆਂ।
ਚੰਗਾ ਪੜ੍ਹ ਲਿਖ ਕੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਕੇ,
ਸਮਾਜ ਵਿੱਚ ਬਣਾਉਣ ਆਪਣੀ ਵੱਖਰੀ ਪਹਿਚਾਨ ਧੀਆਂ।
ਆਪਣੇ ਹੱਕਾਂ ਲਈ ਉਠਾਉਣ ਆਵਾਜ਼ ਇਕੱਠੀਆਂ ਹੋ ਕੇ,
ਪਹਿਲਾਂ ਵਾਂਗ ਹੁਣ ਰਹਿਣ ਨਾ ਦੋਸਤੋ, ਬੇਜ਼ਬਾਨ ਧੀਆਂ।
ਪੁੱਤਾਂ ਕੋਲੋਂ ਰਹੀ ਨਾ ਉਨ੍ਹਾਂ ਨੂੰ ਹੁਣ ਆਸ ਕੋਈ ਵੀ,
ਮਾਪਿਆਂ ਵਾਂਗ ਸਹੁਰਿਆਂ ਨੂੰ ਵੀ ਦੇਣ ਸਨਮਾਨ ਧੀਆਂ।
ਜਿਨ੍ਹਾਂ ਕੰਮਾਂ ਨੂੰ ਕਰਨ ਬਾਰੇ ਬੰਦਾ ਸੋਚ ਵੀ ਨਹੀਂ ਸਕਦਾ,
ਉਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹ ਕੇ ਸਭ ਨੂੰ ਕਰਨ ਹੈਰਾਨ ਧੀਆਂ।
ਇਸ ਨੂੰ ਵਗਦਾ ਦੇਖ ਕੇ ਅੱਖਾਂ ਚੋਂ ਹੰਝੂ ਨਾ ਕੇਰਨ,
ਦੁੱਖਾਂ ਦੇ ਤੂਫਾਨ ਨੂੰ ਰੋਕਣ ਬਣ ਕੇ ਚੱਟਾਨ ਧੀਆਂ।
ਪੇਕਿਆਂ, ਸਹੁਰਿਆਂ ਨੂੰ ਇਹ ਬਰਾਬਰ ਸਮਝਦੀਆਂ ਨੇ,
ਦੇਖ ਸਕਦੀਆਂ ਨਹੀਂ ਕਿਸੇ ਦਾ ਵੀ ਹੁੰਦਾ ਨੁਕਸਾਨ ਧੀਆਂ।

**ਮਹਿੰਦਰ ਸਿੰਘ ਮਾਨ**
**ਫੋਨ** 9915803554

## ਕਦੇ ਪੁੱਛਿਓ

ਫਰੀ ਵਿੱਚ ਨਾ ਮਿਲੀ ਨੌਕਰੀ
ਹਾੜ੍ਹਾ ਨਾ ਆਖੋ ਦੰਦ ਦਿਖਾਕੇ
ਕਿੰਝ ਮਿਲੀਆ ਬਾਪ ਗਵਾਕੇ
ਕਦੇ ਪੁੱਛਿਓ ਮੇਰੇ ਦਿਲ ਨੂੰ ਆਕੇ
ਕਿੰਝ ਕੱਲਿਆਂ ਬਹਿ ਕੇ ਖਾਣਾ
ਕੱਲੇ ਦੁੱਖ-ਸੁੱਖ ਦੇ ਵਿੱਚ ਜਾਣਾ
ਕਿਮੇਂ ਲੱਗਦਾ ਕਿਧਰੋਂ ਆਕੇ
ਉੱਪਰੋਂ ਆਪਣਿਆਂ ਕੋਲੋਂ ਕਹਾਕੇ
ਖਾਲੀ ਕਮਰਿਆਂ ਦੇ ਵਿੱਚ ਜਾਕੇ
ਕਦੇ ਪੁੱਛਿਓ ਮੇਰੇ ਦਿਲ ਨੂੰ ਆਕੇ
ਆਖਣ ਕਾਲਜੇ ਠੰਡ ਜੋ ਹੋਗੀ
ਬੁੜੀ ਦੀ ਪੈਨਸ਼ਨ ਬੰਦ ਜੋ ਹੋਗੀ
ਨਾ ਹਜੇ ਟਿਕਦੇ ਸਿਵਿਆਂ ਛਡਾਕੇ
ਕਦੇ ਪੁੱਛਿਓ ਮੇਰੇ ਦਿਲ ਨੂੰ ਆਕੇ
ਬੇ ਭਾਗਿਆਂ ਤੋਂ ਹੁਣ ਲੈ ਨਾ ਖਾਇਓ
ਨਾ ਕਿਸੇ ਵਿੱਚ ਸ਼ਗਨ ਬੁਲਾਇਓ
ਨਾ ਪਿੱਛੇ ਦੇਖਿਓ ਰਸਤੇ ਲਾਹਕੇ
ਕਦੇ ਪੁੱਛਿਓ ਮੇਰੇ ਦਿਲ ਨੂੰ ਆਕੇ
ਭਾਵੇਂ ਇਹ ਦੁਨੀਆ ਮੋਹ ਮਾਈਆ
ਮਾਪੇ ਤਾਂ ਸਿਰ ਦਾ ਹੁੰਦੇ ਸਾਇਆ
ਕਿੰਝ ਲੱਗਦਾ ਸਿਰੋਂ ਛੱਤ ਲਹਾਕੇ
ਕਦੇ ਪੁੱਛਿਓ ਮੇਰੇ ਦਿਲ ਨੂੰ ਆਕੇ

**ਚੇਤਨ ਬਿਰਧਨੋ**
9417558971

## ਗੀਤ

ਅੱਜ ਵੀ ਪਹੁੰਚਾਂ,
ਜੇਕਰ ਮੈਂ ਉਸ ਮੌੜ੍ਹ ਤੇ।
ਹੁਣ ਦੇਖਣ ਕਦੇ ਨਾ,
ਆਉਂਦੀ ਏ ਓ ਦੌੜ੍ਹ ਕੇ।
1.ਆਸ ਜਿਹੀ ਇੱਕ,
ਦਿਲ ਵਿੱਚ ਰੱਖ ਕੇ,
ਨਿੱਤ ਗਲੀ ਉਸ ਜਾਵਾਂ।
ਦਿਨ ਕਿਸੇ ਕਦੇ ਤਾਂ,
ਓ ਤਾਂ ਟਕਰੇਗੀ,
ਖੜ੍ਹ ਰਾਹਾਂ ਵਿਚ ਗਾਵਾਂ।
ਸ਼ਾਇਦ ਕਦੇ ਤਾਂ ਕਰਨਾ,
ਕਰਨਾ ਉਸ ਗ਼ੌਰ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .........
2.ਖੜ੍ਹਾਂ ਕਦੇ ਬੈਂਕ ਬਾਹਰ,
ਕਦੇ ਦਫ਼ਤਰ ਪਨਸਪ ਕੋਲ।
ਕਿਸੇ ਦਿਨ ਤਾਂ ਲੰਘਣਗੇ,
ਸ਼ਾਇਦ ਕਦੇ ਪੈਣਗੇ ਕੰਨੀਂ ਬੋਲ।
ਪਤਾ ਨਹੀਂ ਕਿੱਥੇ ਛੂ ਮੰਤਰ ਹੋ ਕੇ,
ਕੀਤੀ ਨਾਲ ਮੇਰੇ ਚੌੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ .. ....
3. ਅੱਜ ਵੀ ਜਾਂਦਾ ਮੈਂ ਤਾਂ,
ਨਾਲ ਸ਼ੌਕੀਨੀ ਸੱਜ ਧੱਜ ਕੇ।
ਸ਼ਾਇਦ ਬਾਗ਼ ਬਨਾਸਰ ਮਿਲ ਜਾਵੇ,
ਚਾਹਾਂ ਦੇਖਣਾਂ ਜਿਸਨੂੰ ਰੱਜ ਰੱਜ ਕੇ।
ਜ਼ਿੰਦਗੀ ਮੇਰੀ ਵਿੱਚ ਜਿਸਦੀ,
ਅੱਜ ਵੀ ਥੌੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.......

4.ਅੱਜ ਵੀ ਜਾਂਦਾ ਦਰ ਉਸਦੇ,
ਨਾਗਾ ਨਾ ਕੋਈ ਪਾਇਆ।
ਭੁੱਲਗੀ ਹੋਣੀ ਸ਼ਾਇਦ ਮੈਨੂੰ,
ਨਾ ਨੈਣ ਜੋਤੀ ਨੂੰ ਮੈਂ ਭੁੱਲਾਇਆ।
ਆਉਣਾ ਉਸ ਉਸ ਵੇਲੇ ਸੰਗਰੂਰਵੀ,
ਜਦੋਂ ਪੈਣੀ ਮੇਰੀ ਲੋੜ੍ਹ ਏ।
ਅੱਜ ਵੀ ਪਹੁੰਚਾ,
ਜੇਕਰ ਮੈਂ ਉਸ.......

**ਸਰਬਜੀਤ ਸੰਗਰੂਰਵੀ** 9463162463

## ਜਖਮ....

ਜਖਮ ਜਿਹੜੇ ਹੋਏ ਅੰਦਰ,
ਉਹ ਹੌਲੀ ਹੌਲੀ ਰਿੱਸਦੇ ਨੇ।
ਫੋੜਿਆਂ ਵਾਂਗੂ ਧੁੱਖਦੇ ਰਹਿੰਦੇ,
ਹੱਥ ਲਾਇਆਂ ਵੀ ਫਿੱਸਦੇ ਨੇ।
ਆਪੋ-ਆਪਣੇ ਹਰ ਕੋਈ ਜਾਣੇ,
ਗਮ ਕਿੰਨੇ ਹਿੱਸੇ ਕਿੱਸਦੇ ਨੇ।
ਹਾਸਿਆਂ ਉੱਤੇ ਕਬਜਾ ਕਾਹਦਾ,
ਸਾਂਭੇ ਜਿਹੜਾ ਬੱਸ ਤਿੱਸਦੇ ਨੇ।
ਸੂਲਾਂ ਉੱਤੇ ਜਨਮ ਜਿਨ੍ਹਾਂ ਦਾ,
ਕੰਡਿਆਂ ਉੱਪਰ ਘਿੱਸਦੇ ਨੇ।
ਕੌਣ ਜਾਣੇ ਇਹ ਭੇਤ ਵੇ ਸੱਜਣਾਂ,
ਕਿੰਝ ਫੁੱਲ ਖਿੜੇ ਹੋਏ ਦਿੱਸਦੇ ਨੇ ?
ਕਣਕ ਨਾਲ ਘੁਣ ਵਾਂਗਰਾਂ,
ਕਈ ਨਿੱਤ ਦਿਹਾੜੀ ਪਿੱਸਦੇ ਨੇ।
ਪੁੱਛੇ ਕੌਣ ਭਲਾ ਦੱਸੋ ਬਈ,
ਹੱਕ ਕਿੱਥੇ ਗੁਆਚੇ ਇਸਦੇ ਨੇ ?
ਹੱਕ ਕਿੱਥੇ ਗੁਆਚੇ ਇਸਦੇ ਨੇ ?

**ਮਨਜੀਤ ਕੌਰ ਧੀਮਾਨ**
ਸੰ:9464633059

## ਲੂੰ ਕੰਡੇ

ਫੁੱਲ ਟਹਿਕਦਾ ਹੁੰਦਾ ਸੀ ਕਦੇ ਮੇਰਾ ਰੰਗਲਾ ਪੰਜਾਬ
ਚੰਦਰੇ ਜੇ ਨਸ਼ਿਆਂ ਨੇ ਕੈਸਾ ਝੂਠਾ ਚਾੜਿਆ ਨਕ ?ਬ
ਘਰਾਂ ਵਿੱਚ ਚੁੱਲ੍ਹੇ ਹੋ ਗਏ ਠੰਢੇ ਪਿੰਡ ਪਿੰਡ ਸਿਵੇਂ ਤਪਦੇ ਬੜੇ
ਜਦੋਂ ਕਿਸੇ ਮਾਂ ਦੀ ਚੀਕ ਨਿਕਲੇ ਲੂੰ ਕੰਡੇ ਕਰਦੀ ਖੜ੍ਹੇ
ਉੱਚੇ ਲੰਮੇ ਹੁੰਦੇ ਸਨ ਉਏ ਸੰਧੂਆਂ ਗੱਭਰੂ ਸ਼ੌਕੀਨ
ਹੱਡਾਂ ਵਿੱਚ ਬਹਿ ਗਿਆ ਚਿੱਟਾ ਜੋ ਲੱਗ ਪਏ ਪੀਣ
ਅੱਧੇ ਸਿਵਿਆਂ ਦੇ ਰਾਹ ਤੁਰ ਚੱਲੇ ਅੱਧੇ ਪ੍ਰਦੇਸ਼ ਤੁਰ ਚੱਲੇ ਨੇ
ਮਾਪਿਆਂ ਨੂੰ ਪੁੱਛੋ ਜਿਨ੍ਹਾਂ ਚੜਦੀ ਜਵਾਨੀ ਪੁੱਤ ਘਰੋਂ ਘੱਲੇ ਨੇ
ਗੰਦੀਆਂ ਸਰਕਾਰਾਂ ਦੀ ਹੋ ਗਈ ਸੰਧੂਆਂ ਵੇ ਸੋਚ ਗੰਧਲੀ
ਖੌਰੇ ਦੇਸ਼ ਛੱਡ ਜਾਣ ਤੇ ਲੱਗਣੀ ਏ ਕਦੋਂ ਰੋਕ ਚੰਦਰੀ।

**ਬਲਤੇਜ ਸੰਧੂ**
9465818158

## ਦਾਦੀ ਮਾਂ

ਮੇਰੀ ਦਾਦੀ ਬੜੀ ਪਿਆਰੀ
ਉਸਦੀ ਹਰ ਗੱਲ ਬੜੀ ਨਿਆਰੀ
ਚੂਰੀ ਕੁੱਟ ਕੇ ਮੈਨੂੰ ਖਵਾਉਂਦੀ
ਨਾਲ ਲੋਰੀਆਂ ਹੈ ਸੁਲਾਉਂਦੀ
ਸਾਡਾ ਸਭ ਦਾ ਖਿਆਲ ਉਹ ਕਰਦੀ
ਹੱਥ ਮਿਹਰ ਦਾ ਸਾਡੇ ਸਿਰ ਤੇ ਧਰਦੀ
ਦੁੱਖ ਸਾਡੇ ਤੇ ਆਉਣ ਨਾ ਦਿੰਦੀ
ਸਾਨੂੰ ਕਦੇ ਵੀ ਰੋਣ ਨਾ ਦਿੰਦੀ
ਜੱਪਣਾ ਰੱਬ ਦਾ ਨਾਮ ਸਿਖਾਉਂਦੀ ,
ਸਾਨੂੰ ਗੱਲ ਗੱਲ ਤੇ ਸਮਝਾਉਦੀ
ਰੁੱਖਾ ਵਾਂਗੂ ਖੜਨਾ ਸਿੱਖੋ
ਪੱਥਰਾਂ ਵਾਂਗੂੰ ਅੜਨਾ ਸਿੱਖੋ ,,
ਮਹਿਕਦੀਪ ਵੀ ਸਿਖਦੀ ਜਾਵੇ
ਦਾਦੀ ਮਾਂ ਦੇ ਗੁਣ ਨਿਤ ਗਾਵੇ
ਮੇਰੀ ਦਾਦੀ ਬੜੀ ਪਿਆਰੀ
ਉਹਦੀ ਹਰ ਗੱਲ ਬੜੀ ਨਿਆਰੀ।

**ਨਾਮ ਮਹਿਕਦੀਪ ਕੌਰ**

# Preetnama

ਪ੍ਰੀਤਨਾਮਾ
ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 280

Website: www.preetnama.com Email preetnamausa@gmail.com

29 NOV TO 05 DEC , 2024

No body have time to watch TV Advertisement
No body have time to read Physical newspapers

# It's social time.

Online News, Advertisement, Promotion Anytime anywhere.

## Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

**Search Just**
**Preetnama**
**Youtube**
**Facebook**
**Twitter**
**Instragram**
**LinkedIn**
**Tiktok**




No ned to go anywhere, Just leave message on
WhatsApp or email us. We will call you back.

## Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com